# ਯੋਜਨਾ

**ਸਾਲ 33 • ਅੰਕ 9 • ਸਤੰਬਰ 2016 • ਕੁੱਲ ਪੰਨੇ 52**



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਸੰਪਾਦਕੀ – 4
- ਭਾਰਤੀ ਸੰਦਰਭ ਵਿੱਚ ਔਰਤਾਂ ਦਾ ਸਸ਼ਕਤੀਕਰਨ – ਕਮਲਾ ਭਸੀਨ 5
- ਔਰਤਾਂ ਦਾ ਸਸ਼ਕਤੀਕਰਨ : ਸਰਕਾਰ ਦਾ ਦ੍ਰਿਸ਼ਟੀਕੋਣ – ਲੀਨਾ ਨਾਇਰ 9
- ਔਰਤਾਂ ਦਾ ਆਰਥਿਕ ਸਸ਼ਕਤੀਕਰਨ – ਇਲਾ ਆਰ ਭੱਟ 13
- ਔਰਤ ਦੀ ਬਹੁਪੱਖੀ ਭੂਮਿਕਾ : ਸਮਾਜਕ ਬੁਨਿਆਦੀ ਢਾਂਚੇ ਦੀ ਲੋੜ – ਦੇਵਕੀ ਜੈਨ 16
- ਪ੍ਰਤੀਕੂਲ ਬੱਚਾ ਲਿੰਗ ਅਨੁਪਾਤ, ਮਾਨਸਿਕ ਮਨੋਬਿਰਤੀਆਂ ਅਤੇ ਸਰਕਾਰੀ ਨੀਤੀ – ਮੈਰੀ ਈ ਜੌਹਨ 18
- ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਔਰਤਾਂ ਦੀ ਭੂਮਿਕਾ– ਜਯੋਤੀ ਅਟਵਾਲ 21
- ਸਤੀ ਤੋਂ ਮੈਰੀਕਾਮ ਤੱਕ : ਹੱਕ ਦੀ ਜੰਗ ਜਾਰੀ ਹੈ – ਗੀਤਾ ਲੂਥਰਾ 24
- ਭਾਰਤ ਵਿੱਚ ਸਕੂਲ ਸਿੱਖਿਆ ਦਾ ਲਿੰਗ ਸੰਦਰਭ : ਪ੍ਰਗਤੀ ਅਤੇ ਚੁਨੌਤੀਆਂ – ਸ਼ੈਲੇਂਦਰ ਸ਼ਰਮਾ, ਸ਼ਸ਼ੀਰੰਜਨ ਝਾ 32
- ਔਰਤਾਂ ਦਾ ਸਸ਼ਕਤੀਕਰਨ : ਇਕ ਆਲੋਚਨਾਤਕ ਮੁਲਾਂਕਣ ਹੁਣ ਦੂਰ ਦਾ ਸੁਪਨਾ ਨਹੀਂ – ਸੁਭਾਸ਼ ਸ਼ਰਮਾ 40
- ਕੀ ਤੁਸੀਂ ਜਾਣਦੇ ਹੋ? – 45
- ਵਿਕਾਸ ਖਾਕਾ – 47
- ਸੂਚਨਾ ਤੇ ਗਿਆਨ ਸਮਾਜ 'ਚ ਔਰਤਾਂ ਦਾ ਸਸ਼ਕਤੀਕਰਨ – ਰਵਿੰਦਰ ਸਿੰਘ 48



***ਯੋਜਨਾ* ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੋਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 – *ਯੋਜਨਾ* ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਵਿਕਾਸ ਲਈ ਸੁਆਣੀਆਂ ਦੇ ਸ਼ਕਤੀਕਰਨ ਤੋਂ ਵੱਧ ਕਾਰਗਰ ਹਥਿਆਰ ਹੋਰ ਕੋਈ ਨਹੀਂ

ਕੋਈ ਵੀ ਹੋਰ ਬਿਆਨ ਔਰਤਾਂ ਦੀਆਂ ਸਮਰੱਥਾਵਾਂ ਨੂੰ ਇੰਨੇ ਸੌਖੇ ਤਰੀਕੇ ਨਾਲ ਵਿਆਖਿਆ ਨਹੀਂ ਕਰ ਸਕਦਾ। ਅਜਿਹਾ ਕੁੱਝ ਖ਼ਾਸ ਨਹੀਂ ਬਚਿਆ ਜਿਸ ਦੀ ਪ੍ਰਾਪਤੀ ਔਰਤਾਂ ਨੇ ਨਾ ਕੀਤੀ ਹੋਵੇ - ਭੂਮਿਕਾ ਚਾਹੇ ਰਵਾਇਤੀ ਹੋਵੇ ਜਾਂ ਆਧੁਨਿਕ ਅਨਾਦ ਕਾਲ ਤੋਂ ਉਹ ਮਾਵਾਂ ਦੇ ਤੌਰ ਤੇ ਬੱਚਿਆਂ ਨੂੰ ਪੇਟ ਵਿੱਚ ਰੱਖਣ, ਜਨਮ ਦੇਣ ਅਤੇ ਭਵਿੱਖੀ ਸੰਸਾਰ ਦੇ ਚੰਗੇ ਸ਼ਹਿਰੀਆਂ ਨੂੰ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਬਹੁਤ ਹੀ ਸਹਿਜਤਾ ਤੇ ਖੂਬੀ ਨਾਲ ਨਿਭਾਉਂਦੀਆਂ ਆ ਰਹੀਆਂ ਹਨ। ਧੀਆਂ, ਭੈਣਾਂ ਅਤੇ ਪਤਨੀਆਂ ਦੇ ਰੂਪ ਵਿੱਚ ਉਨ੍ਹਾਂ ਨੇ ਵੱਖ-ਵੱਖ ਤਰੀਕੇ ਨਾਲ ਮਰਦਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਸਾਥ ਨਿਭਾਇਆ ਹੈ। ਆਧੁਨਿਕ ਭੂਮਿਕਾ ਵਿੱਚ ਉਹ ਸਿੱਖਿਆ ਦਾਤੀਆਂ, ਪ੍ਰਬੰਧਕ, ਰਾਜਨੀਤਕ ਨੇਤਾ ਆਦਿ ਦੇ ਰੂਪ ਵਿੱਚ ਮੱਲਾਂ ਮਾਰ ਰਹੀਆਂ ਹਨ। ਹਾਲ ਹੀ ਵਿੱਚ ਉਨ੍ਹਾਂ ਨੂੰ ਲਿੰਗ ਸੰਬੰਧੀ ਅੜਿੱਕੇ ਤੋੜਨ ਲਈ ਵੰਗਾਰਿਆ ਗਿਆ ਹੈ। ਉਹ ਪਰਬਤ ਆਰੋਹੀ, ਪਾਇਲਟ ਅਤੇ ਹਥਿਆਰਬੰਦ ਫੌਜਾਂ ਵਿੱਚ ਲੜਾਕੇ ਦੀ ਭੂਮਿਕਾ ਵਿੱਚ ਵੀ ਨਜ਼ਰ ਆਉਂਦੀਆਂ ਹਨ।

ਪਰ ਔਰਤਾਂ ਲਈ ਸਮਾਂ ਹਮੇਸ਼ਾ ਅਜਿਹਾ ਨਹੀਂ ਸੀ ਰਿਹਾ। ਪੁਰਾਤਨ ਸਮਿਆਂ ਵਿੱਚ ਔਰਤ ਨੂੰ ਮਰਦ ਦੇ ਬਗੈਰ ਕੁੱਝ ਵੀ ਨਹੀਂ ਸੀ ਸਮਝਿਆ ਜਾਂਦਾ - ਉਹ ਸਿਰਫ ਇਕ ਧੀ, ਪਤਨੀ ਜਾਂ ਮਾਂ ਸੀ। ਉਹ ਕਿਸੇ ਪ੍ਰਕਾਰ ਦੀ ਅਗਵਾਈ ਨਹੀਂ ਸੀ ਕਰ ਸਕਦੀ - ਆਪਣੀ ਜ਼ਿੰਦਗੀ ਵਿੱਚ ਹਮੇਸ਼ਾ ਮਰਦ ਦੇ ਪਰਛਾਵੇਂ ਹੇਠ ਰਹੀ - ਇਕ ਪਿਤਾ, ਪੁੱਤਰ ਜਾਂ ਪਤੀ। ਫੈਸਲੇ ਲੈਣ ਦੀ ਭੂਮਿਕਾ ਵਿੱਚ ਵੀ ਮੌਜੂਦ ਸੀ ਜਿਥੇ ਔਰਤਾਂ ਨੂੰ ਮਤਾਧਿਕਾਰ ਬਹੁਤ ਬਾਅਦ ਵਿੱਚ ਪ੍ਰਦਾਨ ਕੀਤੇ ਗਏ। ਭਾਰਤ ਵਿੱਚ ਵੀ ਲਗਭਗ ਸਦੀ ਲੰਮੇ ਸੰਘਰਸ਼ ਤੋਂ ਬਾਅਦ ਹੀ ਔਰਤਾਂ ਨੂੰ ਜਾਇਦਾਦ, ਵੋਟ, ਸ਼ਹਿਰੀ ਹੱਕ ਦੇ ਅਧਿਕਾਰ ਵਿਆਹ ਅਤੇ ਰੋਜ਼ਗਾਰ ਦੇ ਸੰਬੰਧ ਵਿੱਚ ਦਿੱਤੇ ਗਏ। ਭਾਰਤ ਦੀ ਆਜ਼ਾਦੀ ਤੋਂ ਬਾਅਦ, ਸੰਵਿਧਾਨ ਨਿਰਮਾਤਾਵਾਂ ਅਤੇ ਰਸ਼ਟਰੀ ਆਗੂਆਂ ਨੇ ਔਰਤਾਂ ਦੀ ਮਰਦਾਂ ਦੇ ਬਰਾਬਰ ਰੁਤਬਾ ਹੋਣ ਨੂੰ ਮਾਨਤਾ ਦਿੱਤੀ। ਸਮੇਂ-ਸਮੇਂ ਆਉਣ ਵਾਲੀਆਂ ਸਰਕਾਰਾਂ ਵਲੋਂ ਆਰਥਿਕ, ਰਾਜਨੀਤਕ ਅਤੇ ਸਮਾਜਕ ਖੇਤਰਾਂ ਵਿੱਚ ਸੁਆਣੀਆਂ ਨੂੰ ਬਰਾਬਰੀ ਦਾ ਰੁਤਬਾ ਪ੍ਰਦਾਨ ਕਰਨ ਲਈ ਅਨੇਕ ਕਦਮ ਉਠਾਏ ਗਏ। ਉਨ੍ਹਾਂ ਦੀ ਪ੍ਰਤਿਭਾ ਦੇ ਪ੍ਰਦਰਸ਼ਨ ਅਤੇ ਰਾਸ਼ਟਰੀ ਸਰਗਰਮੀਆਂ ਵਿੱਚ ਭਾਗੀਦਾਰੀ ਦੀ ਭਾਵਨਾ ਜਗਾਉਣ ਲਈ ਔਰਤਾਂ ਵਾਸਤੇ ਨਵੇਂ ਦਿਸਹੱਦੇ ਖੋਲ੍ਹ ਦਿੱਤੇ ਗਏ। ਪਿਛਲੇ ਕੁੱਝ ਦਹਾਕਿਆਂ ਦੌਰਾਨ ਸੰਸਦ ਵਲੋਂ ਅਨੇਕ ਐਕਟ ਪਾਸ ਕਰਨ, ਕੇਂਦਰ ਤੇ ਰਾਜ ਸਰਕਾਰਾਂ ਵਲੋਂ ਔਰਤਾਂ ਦੀ ਭਲਾਈ ਲਈ ਵੱਖ-ਵੱਖ ਯੋਜਨਾਵਾਂ ਸ਼ੁਰੂ ਕਰਨ ਨਾਲ ਔਰਤਾਂ ਦੀ ਕਾਨੂੰਨੀ, ਰਾਜਨੀਤਕ ਅਤੇ ਸਮਾਜਕ ਆਜ਼ਾਦੀ ਲਈ ਬਹੁਤ ਕੁੱਝ ਕੀਤਾ ਗਿਆ ਹੈ।

ਸਿੱਖਿਆ ਨੇ ਔਰਤਾਂ ਨੂੰ ਵੱਡੇ ਪੱਧਰ ਉਤੇ ਤਾਕਤ ਬਖਸ਼ੀ ਹੈ। ਜਿਥੇ ਔਰਤਾਂ ਪੜ੍ਹੀਆਂ ਲਿਖੀਆਂ ਹਨ, ਉਥੇ ਸ਼ਕਤੀਕਰਨ ਜ਼ਿਆਦਾ ਤੇਜ਼ੀ ਨਾਲ ਹੋਇਆ ਹੈ। ਇਸ ਨੇ ਔਰਤਾਂ ਨੂੰ ਵਿਆਹ, ਮਾਂ ਬਣਨ ਅਤੇ ਕਰੀਅਰ ਸੰਬੰਧੀ ਫੈਸਲੇ ਲੈਣ ਦੇ ਮਸਰੱਥ ਬਣਾਇਆ ਹੈ। ਸਿੱਖਿਆ ਨੇ ਵਿਆਹ ਤੋਂ ਬਾਹਰ ਵੀ ਮੌਕਿਆਂ ਬਾਰੇ ਔਰਤ ਨੂੰ ਜਾਗਰੂਕ ਕੀਤਾ ਹੈ ਜਿਸ ਨਾਲ ਉਸ ਨੂੰ ਵਿੱਤੀ ਆਜ਼ਾਦੀ ਪ੍ਰਾਪਤ ਹੋਈ ਹੈ ਅਤੇ 'ਉਸ ਦੀ ਜ਼ਿੰਦਗੀ ਵਿੱਚਲੇ ਮਰਦ' 'ਤੇ ਉਸ ਦੀ ਨਿਰਭਰਤਾ ਘੱਟ ਹੋਈ ਹੈ, ਚਾਹੇ ਉਹ ਪਿਤਾ ਹੋਵੇ ਜਾਂ ਪਤੀ। ਉਸ ਨੂੰ ਹੁਣ ਘਰੇਲੂ ਹਿੰਸਾ ਜਾਂ ਘਰ ਵਿੱਚ ਮਾਨਸਿਕ ਉਤਪੀੜਨ ਬਰਦਾਸ਼ਤ ਕਰਨ ਦੀ ਕੋਈ ਲੋੜ ਨਹੀਂ। ਇਸ ਨਾਲ ਔਰਤ ਨੂੰ ਗਰਭ ਸੰਬੰਧੀ ਅਤੇ ਅਣਇੱਛਤ ਬੱਚੇ ਦੇ ਗਰਭ ਨੂੰ ਗਿਰਾਉਣ ਦੀ ਚੋਣ ਕਰਨ ਦੇ ਵੀ ਕਾਬਲ ਬਣਾਇਆ ਹੈ।

ਸਿਹਤ ਇਕ ਹੋਰ ਖੇਤਰ ਹੈ ਜਿਸ ਵਿੱਚ ਔਰਤ ਨੇ ਹਮੇਸ਼ਾ ਮੁਸੀਬਤਾਂ ਝੱਲੀਆਂ ਹਨ। ਜ਼ਿਆਦਾਤਰ ਔਰਤਾਂ ਕੋਲ ਸਿਹਤ ਸੰਭਾਲ ਲਈ ਜਾਣ ਦਾ ਨਾ ਤਾਂ ਸਮਾਂ, ਸੋਚ ਹੁੰਦੀ ਹੈ ਅਤੇ ਨਾ ਹੀ ਸਹੂਲਤਾਂ ਹੁੰਦੀਆਂ ਹਨ। ਦਿਹਾਤੀ ਔਰਤਾਂ ਕੋਲ ਆਪਣੇ ਘਰਾਂ ਵਿੱਚ ਪਖ਼ਾਨੇ ਵਰਗੀ ਬੁਨਿਆਦੀ ਸਿਹਤ ਸਹੂਲਤ ਤੱਕ ਵੀ ਪਹੁੰਚ ਨਹੀਂ ਹੁੰਦੀ। ਇਸ ਕਰਕੇ ਔਰਤਾਂ ਦੀ ਸਿਹਤ ਸਰਕਾਰੀ ਨੀਤੀਆਂ ਲਈ ਇਕ ਤਰਜੀਹ ਹੈ। ਸਰਕਾਰਾਂ ਵਲੋਂ 'ਬੇਟੀ ਬਚਾਉ, ਬੇਟੀ ਪੜ੍ਹਾਉ' ਅਤੇ 'ਜਨਨੀ ਸ਼ਿਸ਼ੂ ਸੁਰੱਖਿਆ ਕਾਰਯਕ੍ਰਮ' ਆਦਿ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ।

ਵਿਧਵਾ, ਤਲਾਕਸ਼ੁਦਾ ਜਾਂ ਅਣਵਿਆਹੀ ਹੋਣ ਦਾ ਸਮਾਜਕ ਕਲੰਕ ਵੀ ਇਕੱਲੀ ਔਰਤ ਦੇ ਭਾਰਤ ਵਿੱਚ ਨੀਵੇਂ ਰੁਤਬੇ ਦਾ ਇਕ ਪ੍ਰਮੁੱਖ ਕਾਰਨ ਰਿਹਾ ਹੈ। ਇਕੱਲੀ ਔਰਤ ਨੂੰ ਹਮੇਸ਼ਾ ਮਖੌਲ ਦਾ ਪਾਤਰ ਅਤੇ ਸਮਾਜਕ ਕਲੰਕ ਸਮਝਿਆ ਜਾਂਦਾ ਹੈ। ਪਰ ਇਹ ਸਾਰਾ ਕੁੱਝ ਹੁਣ ਹੌਲੀ-ਹੌਲੀ ਬਦਲ ਰਿਹਾ ਹੈ। ਅੱਜ ਦੀ ਔਰਤ ਪੁਰਾਣੇ ਸਮਿਆਂ ਦੀ ਨਿਸਬਤ ਬਹੁਤ ਬਦਲ ਚੁੱਕੀ ਹੈ। ਉਸ ਨੇ ਬਹੁਤ ਸਾਰੇ ਖੇਤਰਾਂ ਵਿੱਚ ਘਸੇ-ਪਿਟੇ ਰੀਤੀ ਰਿਵਾਜਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਅੱਜ ਸਭ ਤੋਂ ਤਾਕਤਵਰ ਕੁੱਝ ਲੋਕ ਔਰਤਾਂ ਹਨ - ਕੁੱਝ ਦਾ ਨਾਮ ਲੈ ਸਕਦੇ ਹਾਂ, ਅਰੁੰਧਤੀ ਭੱਟਾਚਾਰੀਆ, ਇੰਦਰਾ ਨੂਯੀ, ਕਿਰਨ ਮਜ਼ੂਮਦਾਰ ਸ਼ਾਅ ਅਤੇ ਚੰਦਾ ਕੋਛੜ। ਭਾਵਨਾ ਕਾਂਥ, ਅਵਾਨੀ ਚਤੁਰਵੇਦੀ ਅਤੇ ਮੋਹਨਾ ਸਿੰਘ ਨੂੰ ਹਾਲ ਹੀ ਵਿੱਚ ਭਾਰਤੀ ਹਵਾਈ ਫੌਜ ਵਿੱਚ ਸ਼ਾਮਲ ਕੀਤਾ ਗਿਆ ਹੈ। ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਤਿੰਨਾਂ ਫੌਜਾਂ - ਸੈਨਾ, ਹਵਾਈ ਫੌਜ ਅਤੇ ਸਮੁੰਦਰੀ ਫੌਜ ਦੇ, ਸਿਰਫ ਔਰਤਾਂ ਦੇ ਦਸਤਿਆਂ ਨੇ ਗਣਤੰਤਰ ਦਿਵਸ 2015 ਮੌਕੇ ਰਾਜਪਥ ਉਤੇ ਪਰੇਡ ਵਿੱਚ ਭਾਗ ਲਿਆ। ਇਹ ਹੈ ਜੋ ਔਰਤਾਂ ਹਾਸਲ ਕਰ ਸਕਦੀਆਂ ਹਨ। ਇਹ ਔਰਤਾਂ ਪ੍ਰਧਾਨ ਮੰਤਰੀ ਦੀ 'ਔਰਤਾਂ ਤੋਂ ਅਗਾਂਹ' ਦੀ ਸੋਚ ਦੀਆਂ ਪ੍ਰਤੀਕ ਹਨ ਅਤੇ 'ਔਰਤਾਂ ਦੀ ਅਗਵਾਈ ਵਾਲੇ ਵਿਕਾਸ' ਵੱਲ ਲਿਜਾਉਣ ਵਾਲੀਆਂ ਹਨ।

ਔਰਤਾਂ ਦੀ ਜਨਸੰਖਿਆ ਕੁੱਲ ਦੁਨੀਆਂ ਦੀ ਜਨਸੰਖਿਆ ਦਾ 50 ਪ੍ਰਤਿਸ਼ਤ ਹੋਣ ਕਰਕੇ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਮੰਨੇ ਜਾਣ ਦਾ ਅਧਿਕਾਰ ਹਾਸਲ ਹੈ। ਅੱਠ 'ਦਹਿਸਦੀ ਵਿਕਾਸ ਟੀਚਿਆਂ' ਵਿੱਚ 'ਔਰਤ ਦੇ ਸ਼ਕਤੀਕਰਨ' ਨੂੰ ਇਕ ਪ੍ਰਮੁੱਖ ਟੀਚੇ ਵਜੋਂ ਸ਼ਾਮਲ ਕਰਨਾ ਇਸ ਤੱਥ ਦੀ ਸ਼ਾਹਦੀ ਭਰਦਾ ਹੈ। ਸਵਾਮੀ ਵਿਵੇਕਾਨੰਦ ਦਾ ਕਥਨ ਕਿ, ''ਦੁਨੀਆਂ ਦੀ ਭਲਾਈ ਹੋਣ ਦਾ ਕੋਈ ਕਾਰਨ ਨਹੀਂ ਜਦੋਂ ਤੱਕ ਔਰਤਾਂ ਦੀ ਦਸ਼ਾ ਵਿੱਚ ਸੁਧਾਰ ਨਹੀਂ ਕੀਤਾ ਜਾਂਦਾ। ਕਿਸੇ ਪੰਛੀ ਲਈ ਸਿਰਫ ਇਕ ਖੰਭ ਉਤੇ ਉੱਡਣਾ ਸੰਭਵ ਨਹੀਂ।'' ਇਹ ਕਥਨ ਔਰਤਾਂ ਵਲੋਂ ਨਾ ਸਿਰਫ ਪਰਿਵਾਰ ਸਗੋਂ ਦੇਸ਼ ਅਤੇ ਦੁਨੀਆਂ ਦੇ ਅਗਵਾਈ ਕਰਨ ਦੀ ਕਾਬਲੀਅਤ ਦਾ ਦਮ ਭਰਦਾ ਹੈ।❑❑

# ਭਾਰਤੀ ਸੰਦਰਭ ਵਿੱਚ ਔਰਤਾਂ ਦਾ ਸਸ਼ਕਤੀਕਰਨ

ਕਮਲਾ ਭਸੀਨ

ਦੁਨੀਆਂ ਦੇ ਬਹੁਤ ਸਾਰੇ ਦੇਸ਼ ਹੁਣ ਲਿੰਗ ਸਮਾਨਤਾ ਅਤੇ ਔਰਤਾਂ ਦੇ ਸ਼ਕਤੀਕਰਨ ਨੂੰ ਪਰਿਵਾਰਾਂ, ਸਮਾਜ ਅਤੇ ਦੇਸ਼ ਦੇ ਵਿਕਾਸ ਅਤੇ ਖ਼ੁਸ਼ਹਾਲੀ ਲਈ ਜ਼ਰੂਰੀ ਸਮਝਦੇ ਹਨ। ਕੋਈ ਵੀ ਦੇਸ਼, ਸਮਾਜ ਅਤੇ ਪਰਿਵਾਰ ਵੱਧ ਫੁੱਲ ਨਹੀਂ ਸਕਦਾ ਅਤੇ ਖ਼ੁਸ਼ ਨਹੀਂ ਰਹਿ ਸਕਦਾ ਜੇਕਰ ਉਸ ਦੀ ਅੱਧੀ ਅਬਾਦੀ, ਔਰਤਾਂ ਅਤੇ ਲੜਕੀਆਂ ਦੀ ਇੱਜ਼ਤ ਨਹੀਂ ਹੁੰਦੀ ਅਤੇ ਉਹ ਅਜ਼ਾਦ ਅਤੇ ਖ਼ੁਸ਼ ਨਹੀਂ ਹਨ।

ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਔਰਤਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਹਰ ਪੱਧਰ ਉਤੇ ਫੈਸਲੇ ਲੈਣ ਤੋਂ ਬਾਹਰ ਰਖਿਆ ਜਾਂਦਾ ਹੈ, ਉਨ੍ਹਾਂ ਨੂੰ ਹਾਸ਼ੀਏ ਉਤੇ ਰਖਿਆ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਖੋਹ ਲਈਆਂ ਜਾਂਦੀਆਂ ਹਨ। ਇਹ ਪਿਤਾ ਪ੍ਰਧਾਨ ਸਮਾਜਕ ਪ੍ਰਣਾਲੀ ਕਾਰਨ ਹੈ ਜਿਸ ਵਿੱਚ ਮਰਦਾਂ ਨੂੰ ਔਰਤਾਂ ਨਾਲੋਂ ਉੱਤਮ ਸਮਝਿਆ ਜਾਂਦਾ ਹੈ ਜਿਸ ਵਿੱਚ ਆਦਮੀਆਂ ਦਾ ਸਰੋਤਾਂ ਉਪਰ ਫੈਸਲੇ ਕਰਨ ਅਤੇ ਵਿਚਾਰਧਾਰਾ ਉਪਰ ਔਰਤਾਂ ਨਾਲੋਂ ਵਧੇਰੇ ਨਿਯੰਤ੍ਰਣ ਹੁੰਦਾ ਹੈ। ਪਿਤਾ ਪੁਰਖ ਸਮਾਜ ਵਿੱਚ, ਔਰਤਾਂ ਉਪਰ ਜ਼ੁਲਮ ਪ੍ਰਣਾਲੀ ਦਾ ਹਿੱਸਾ ਹੈ। ਔਰਤਾਂ ਨੂੰ ਹਿੰਸਾ ਜਾਂ ਹਿੰਸਾ ਦੇ ਡਰਾਵੇ ਨਾਲ ਨਿਯੰਤ੍ਰਣ ਵਿੱਚ ਰਖਿਆ ਜਾਂਦਾ ਹੈ। ਸੰਯੁਕਤ ਰਾਸ਼ਟਰ ਅਨੁਸਾਰ, ਹਰ ਤਿੰਨ ਔਰਤਾਂ ਵਿੱਚੋਂ ਇਕ ਹਿੰਸਾ ਦਾ ਸ਼ਿਕਾਰ ਹੁੰਦੀ ਹੈ। ਇਸ ਦਾ ਅਰਥ ਹੈ ਕਿ 100 ਕਰੋੜ ਤੋਂ ਵੀ ਵੱਧ ਔਰਤਾਂ ਅਤੇ ਲੜਕੀਆਂ ਨੂੰ ਜ਼ੁਲਮ ਸਹਿਣੇ ਪੈਂਦੇ ਹਨ। ਇਹ ਦੁਨੀਆਂ ਵਿੱਚ ਸਭ ਤੋਂ ਵੱਡੀ ਚਾਲੂ ਲੜਾਈ ਹੈ ਅਤੇ ਸਭ ਤੋਂ ਵੱਧ ਦੁੱਖ ਇਸ ਗੱਲ ਦਾ ਹੈ ਕਿ ਅਜਿਹਾ ਬਹੁਤਾ ਕਰਕੇ ਪਰਿਵਾਰ ਦੇ ਅੰਦਰ ਹੀ ਹੁੰਦਾ ਹੈ।

## ਭਾਰਤ ਵਿੱਚ ਔਰਤਾਂ ਹਰ ਕਿਸਮ ਦੀ ਦਰਜਾਬੰਦੀ ਦੇ ਧਰਾਤਲ ਉਤੇ ਹਨ

ਭਾਰਤ ਵਿੱਚ ਔਰਤਾਂ ਬਾਰੇ ਇਕ ਆਮ ਧਾਰਨਾ ਬਣਾਉਣਾ ਮੁਸ਼ਕਲ ਹੈ ਕਿਉਂਕਿ ਉਨ੍ਹਾਂ ਵਿੱਚ ਬਹੁਤ ਭੇਦ ਹਨ। ਉਹ ਵੱਖ-ਵੱਖ ਜਮਾਤਾਂ, ਜਾਤਾਂ, ਧਰਮਾਂ ਅਤੇ ਸਮਾਜਾਂ ਵਿੱਚੋਂ ਆਉਂਦੀਆਂ ਹਨ। ਪਰ ਫਿਰ ਵੀ, ਇਹ ਕਿਹਾ ਜਾ ਸਕਦਾ ਹੈ ਕਿ ਵਧੇਰੇ ਔਰਤਾਂ ਪਿਤਾ ਪੁਰਖੀ ਢਾਂਚੇ ਅਤੇ ਵਿਚਾਰਧਾਰਾ ਦੀ ਮਾਰ ਝੱਲਦੀਆਂ ਹਨ ਅਤੇ ਉਨ੍ਹਾਂ ਨੂੰ ਅਸਮਾਨਤਾਵਾਂ ਅਤੇ ਹੁਕਮਾਂ ਦੀ ਪਾਬੰਦੀ ਵਿੱਚ ਰਹਿਣਾ ਪੈਂਦਾ ਹੈ। ਔਰਤਾਂ ਮਰਦਾਂ ਨਾਲੋਂ ਸਮਾਜਕ ਅਤੇ ਮਾਨਵੀ ਵਿਕਾਸ ਦੇ ਹਰ ਸੰਕੇਤਕ ਵਿੱਚ ਪਛੜੀਆਂ ਹੋਈਆਂ ਹਨ। ਭਾਰਤ ਵਿੱਚ, ਦੁਨੀਆਂ ਦੇ ਬਹੁਤੇ ਦੇਸ਼ਾਂ ਨਾਲੋਂ ਘੱਟ ਲਿੰਗ ਅਨੁਪਾਤ ਹੈ। ਮਰਦਾਂ ਨਾਲੋਂ ਔਰਤਾਂ ਘੱਟ ਉਮਰ ਤੱਕ ਜਿਉਂਦੀਆਂ ਰਹਿੰਦੀਆਂ ਹਨ, ਔਰਤਾਂ ਦਾ ਸਿਹਤ, ਪੌਸ਼ਟਿਕ ਖੁਰਾਕ ਅਤੇ ਸਿੱਖਿਆ ਦਾ ਪੱਧਰ ਮਰਦਾਂ ਨਾਲੋਂ ਬਹੁਤ ਘੱਟ ਹੈ। ਔਰਤਾਂ ਘੱਟ ਮੁਹਾਰਤ ਅਤੇ ਘੱਟ ਉਜਰਤ ਵਾਲੇ ਕਾਰਜਾਂ ਵਿੱਚ ਸੀਮਤ ਹਨ, ਉਨ੍ਹਾਂ ਨੂੰ ਘੱਟ ਤਨਖਾਹ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਆਮਦਨ ਘੱਟ ਹੁੰਦੀ ਹੈ ਅਤੇ ਉਹ ਸ਼ਾਇਦ ਹੀ ਜਾਇਦਾਦ ਅਤੇ ਉਤਪਾਦਨ ਦੇ ਸਾਧਨਾਂ ਦੀਆਂ ਮਾਲਕ ਹੁੰਦੀਆਂ ਹਨ ਜਾਂ ਉਨ੍ਹਾਂ ਉਪਰ ਨਿਯੰਤ੍ਰਣ ਰਖਦੀਆਂ ਹਨ। ਔਰਤ ਮੁਖੀ ਘਰ ਪਰਿਵਾਰਾਂ ਦੀ ਗਿਣਤੀ ਵਧ ਰਹੀ ਹੈ ਅਤੇ ਉਹ ਦੇਸ਼ ਦੇ ਸਭ ਤੋਂ ਵੱਧ ਗਰੀਬ ਪਰਿਵਾਰਾਂ ਵਿੱਚੋਂ ਹਨ। ਔਰਤਾਂ ਦਾ ਰਾਜਨੀਤਕ ਅਤੇ ਸਮਾਜਕ ਮਸਲਿਆਂ ਉਪਰ ਫੈਸਲਾ ਲੈਣਾ ਨਾਂਹ ਦੇ ਬਰਾਬਰ ਹੈ। ਸੰਸਦ ਵਿੱਚ ਔਰਤਾਂ ਦੀ ਭਾਗੀਦਾਰੀ ਕਦੇ ਵੀ 10 ਪ੍ਰਤਿਸ਼ਤ ਤੋਂ ਵੱਧ ਨਹੀਂ ਰਹੀ। ਉਨ੍ਹਾਂ ਨੂੰ ਕਾਨੂੰਨ ਅਥਾਰਿਟੀ ਤੋਂ ਵਾਂਝਿਆ ਰਖਿਆ ਜਾਂਦਾ ਹੈ। ਉਨ੍ਹਾਂ ਦੀ ਸਮਾਜਕ, ਆਰਥਿਕ, ਕਾਨੂੰਨੀ ਅਤੇ ਰਾਜਨੀਤਕ ਨਿਯਮਾਂ ਨੂੰ, ਜੋ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਹੁਕਮ ਅਧੀਨ ਰਖਦੇ ਹਨ, ਨੂੰ ਤਿਆਰ ਕਰਨ ਵਿੱਚ ਕੋਈ ਔਕਾਤ ਨਹੀਂ ਸਮਝੀ ਜਾਂਦੀ।

**ਔਰਤਾਂ ਦੇ ਅੰਦੋਲਨ ਅਤੇ ਸਰਕਾਰੀ ਅਤੇ ਸਿਵਲ ਸੋਸਾਇਟੀ ਸੰਸਥਾਨਾਂ ਦੀ ਕਾਰਗੁਜ਼ਾਰੀ ਕਾਰਨ, ਔਰਤਾਂ ਨਾਲ ਕੁੱਝ ਸਕਾਰਾਤਮਕ ਤਬਦੀਲੀ ਆਈ ਹੈ। ਉਦਾਹਰਣ ਵਜੋਂ ਲਿੰਗ ਭੇਦ ਬਾਰੇ ਜਾਗਰੂਕਤਾ ਵਧ ਰਹੀ ਹੈ ਜਿਸ ਦੇ ਕਾਰਨ ਔਰਤਾਂ ਨੂੰ ਦਬਾ ਕੇ ਰਖਣ ਦੀ ਪਰਵਿਤਰੀ ਨੂੰ ਪਛਾਣਿਆ ਗਿਆ ਹੈ ਅਤੇ ਇਸ ਨੂੰ ਚੁਨੌਤੀ ਦੇਣ ਦੀ ਲੋੜ ਨੂੰ ਸਭ ਮੰਨਦੇ ਹਨ, ਔਰਤਾਂ ਖਿਲਾਫ ਹਿੰਸਾ ਨੂੰ ਸਮਝਿਆ ਜਾਂਦਾ ਹੈ ਅਤੇ ਉਸ ਦੀ ਨਿਖੇਧੀ ਕੀਤੀ ਜਾਂਦੀ ਹੈ ਅਤੇ ਸਭ ਫੈਸਲੇ ਲੈਣ ਵਾਲੀਆਂ ਸੰਸਥਾਵਾਂ ਵਿੱਚ ਔਰਤਾਂ ਦੀ ਭਾਗੀਦਾਰੀ ਦੇਖਣ ਨੂੰ ਮਿਲਦੀ ਹੈ ਅਤੇ ਇਸ ਨੂੰ ਮਹੱਤਵਪੂਰਨ ਸਮਝਿਆ ਜਾਂਦਾ ਹੈ।**

ਔਰਤਾਂ ਦੀ ਸਿੱਖਿਆ ਅਤੇ ਨੌਕਰੀ ਦੇ ਮਸਲਿਆਂ ਨਾਲ ਸੰਬੰਧਿਤ ਕੁੱਝ ਕਾਨੂੰਨੀ ਸੁਧਾਰ ਕੀਤੇ ਗਏ ਹਨ। ਨੀਤੀ ਬਿਆਨ ਵੀ ਵਧੇਰੇ ਲਿੰਗ ਸੰਵੇਦਨਸ਼ੀਲ ਹੋ ਗਏ ਹਨ। ਔਰਤਾਂ ਵਲੋਂ ਸਰਕਾਰੀ ਅਤੇ ਗ਼ੈਰ ਸਰਕਾਰੀ ਵਿਕਾਸ ਏਜੰਸੀਆਂ ਅਤੇ ਵਿਕਾਸ ਕਾਰਜਾਂ ਵਿੱਚ ਸ਼ਾਮਲ ਹੋਣਾ ਅਤੇ ਉਨ੍ਹਾਂ ਦੀ ਪੰਚਾਇਤੀ ਰਾਜ ਸੰਸਥਾਨਾਂ ਵਿੱਚ

ਸ਼ਮੂਲੀਅਤ ਵਧ ਗਈ ਹੈ। ਸਾਡੀਆਂ ਸਰਕਾਰਾਂ ਨੇ ਲਿੰਗ ਸੰਬੰਧੀ ਮੁੱਦਿਆਂ ਉਪਰ ਨਜ਼ਰ ਰੱਖਣ ਲਈ ਔਰਤਾਂ ਦੇ ਬਿਓਰੋ, ਕਮੀਸ਼ਨ, ਵਿਭਾਗ ਅਤੇ/ਜਾਂ ਮੰਤਰਾਲੇ ਸਥਾਪਤ ਕੀਤੇ ਹਨ। ਪਰ ਫਿਰ ਵੀ ਲਿੰਗ ਸਮਾਨਤਾ ਹਾਸਲ ਕਰਨ ਲਈ ਹਾਲੇ ਬਹੁਤ ਕੁੱਝ ਕਰਨਾ ਬਾਕੀ ਹੈ।

## ਸ਼ਕਤੀਕਰਨ ਇਕ ਗਤੀਸ਼ੀਲ ਅਤੇ ਰਾਜਨੀਤਕ ਪ੍ਰਕਿਰਿਆ ਹੈ

ਲਿੰਗ ਸਮਾਨਤਾ ਹਾਸਲ ਕਰਨ ਲਈ ਸਾਨੂੰ ਉਸ ਵਰਗ ਦਾ ਸ਼ਕਤੀਕਰਨ ਕਰਨਾ ਪਵੇਗਾ ਜਿਸ ਕੋਲ ਸ਼ਕਤੀਆਂ ਨਹੀਂ ਹਨ ਜਿਵੇਂ ਕਿ ਔਰਤਾਂ ਅਤੇ ਲੜਕੀਆਂ ਸ਼ਕਤੀਕਰਨ ਲਈ ਸ਼ਕਤੀ ਨੂੰ ਸਮਝਣ ਦੀ ਲੋੜ ਹੈ। ਸ਼ਕਤੀ ਸੁਭਾਵਕ ਅਤੇ ਅਜ਼ਾਦ ਤਰੀਕੇ ਕਾਰਜ ਕਰਨ ਦੀ ਸਮਰਥਾ ਜਾਂ ਕਾਬਲੀਅਤ ਹੈ; ਇਹ ਦੂਸਰਿਆਂ ਨੂੰ ਪ੍ਰਭਾਵਤ ਕਰਨ ਜਾਂ ਨਿਯੰਤ੍ਰਣ ਕਰਨ ਦੀ ਸਮਰਥਾ ਹੈ। ਸ਼ਕਤੀ ਦਾ ਅਰਥ ਹੈ ਖੁਦਮੁਖਤਿਆਰੀ, ਆਜ਼ਾਦੀ, ਆਪਣੀ ਪਸੰਦ ਖੁਦ ਚੁਣਨ ਅਤੇ ਮਾਨਵੀ ਸਮਾਜਾਂ ਵਿੱਚ ਅਸਰ ਰਖਣਾ। ਸ਼ਕਤੀ ਸਰੋਤਾਂ ਅਤੇ ਵਿਚਾਰਧਾਰਾ ਉਪਰ ਨਿਯੰਤ੍ਰਣ ਹੋਣ ਤੋਂ ਆਉਂਦੀ ਹੈ। ਜਿਨ੍ਹਾਂ ਲੋਕਾਂ ਦੇ ਨਿਯੰਤ੍ਰਣ ਹੇਠ ਸਰੋਤ ਅਤੇ ਵਿਚਾਰਧਾਰਾ (ਲੋਕਾਂ ਦੀ ਸੋਚ, ਵਿਸ਼ਵਾਸ ਪ੍ਰਣਾਲੀਆਂ ਆਦਿ) ਹੁੰਦੀ ਹੈ, ਉਹ ਫੈਸਲੇ ਲੈਣ ਵਾਲੇ ਅਤੇ ਪਰਿਵਾਰਾਂ, ਸਮਾਜਾਂ ਅਤੇ ਦੇਸ਼ ਉਪਰ ਨਿਯੰਤ੍ਰਣ ਰਖਣ ਵਾਲੇ ਹੁੰਦੇ ਹਨ।

ਇਸ ਲਈ ਔਰਤਾਂ ਦੇ ਸ਼ਕਤੀਕਰਨ ਲਈ ਪਿਤਾ ਪੁਰਖੀ ਸੋਚ ਅਤੇ ਢਾਂਚੇ ਨੂੰ ਬਦਲਣਾ ਹੋਵੇਗਾ, ਔਰਤਾਂ ਨੂੰ ਸਰੋਤਾਂ (ਕੁਦਰਤੀ, ਮਾਨਵੀ, ਬੁਧੀਜੀਵੀ, ਵਿੱਤੀ, ਅੰਦਰੂਨੀ ਸਰੋਤ) ਉਪਰ ਨਿਯੰਤ੍ਰਣ ਦੇਣਾ ਹੋਵੇਗਾ ਅਤੇ ਉਨ੍ਹਾਂ ਨੂੰ ਫੈਸਲੇ ਕਰਨ ਦੀ ਭੂਮਿਕਾ ਵਿੱਚ ਲਿਆਉਣਾ ਹੋਵੇਗਾ। ਮੇਰੇ ਅਨੁਸਾਰ, ਔਰਤਾਂ ਦੇ ਸ਼ਕਤੀਕਰਨ ਵਿੱਚ ਸੁਧਾਰ, ਸ਼ਕਤੀ ਬਾਰੇ ਅੱਜ ਦੀ ਸੋਚ ਵਿੱਚ ਬਦਲਾਅ ਕਰਕੇ ਹੀ ਲਿਆਂਦਾ ਜਾ ਸਕਦਾ ਹੈ। ਸਾਡੇ ਲਈ ਸ਼ਕਤੀ ਦਾ ਅਰਥ ਦੂਸਰਿਆਂ ਉਪਰ ਸ਼ਕਤੀ ਦਿਖਾਉਣਾ, ਆਪਣੇ ਹਿੱਸੇ ਨਾਲੋਂ ਵੱਧ ਨੂੰ ਨਿਯੰਤ੍ਰਣ ਕਰਨ ਦੀ ਸ਼ਕਤੀ ਹੋਣਾ ਨਹੀਂ ਹੋ ਸਕਦਾ ਇਸ ਦਾ ਅਰਥ ਹੈ ਕਿ ਜੋ ਸ਼ਕਤੀ ਹੋਣੀ ਚਾਹੀਦੀ ਹੈ, ਉਹ ਹੀ ਹੋਣੀ ਚਾਹੀਦੀ ਹੈ – ਸਾਡੇ ਆਪਣੇ ਲਾਲਚ, ਲੋਭ, ਹਿੰਸਾ ਉਪਰ ਕਾਬੂ ਰੱਖਣ ਦੀ ਸ਼ਕਤੀ; ਦੂਸਰਿਆਂ ਦੇ ਪਾਲਣ ਪੋਸ਼ਣ, ਮਰ੍ਹਮ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਦੀ ਸ਼ਕਤੀ; ਨਿਆਂ, ਨੈਤਕਤਾ, ਇਖਲਾਕ ਲਈ ਜਦੋਜਹਿਦ ਕਰਨ ਦੀ ਸ਼ਕਤੀ; ਅੰਦਰੂਨੀ ਵਿਕਾਸ ਪ੍ਰਾਪਤ ਕਰਨ ਦੀ ਸ਼ਕਤੀ ਜਿਸ ਨਾਲ ਕਾਬਲੀਅਤ ਅਤੇ ਦੂਸਰਿਆਂ ਵੱਲ ਹਮਦਰਦੀ ਵਧੇ।

ਔਰਤਾਂ ਦਾ ਸ਼ਕਤੀਕਰਨ ਉਹ ਪ੍ਰਕਿਰਿਆ ਹੈ ਜੋ ਚਾਲੂ ਅਤੇ ਗਤੀਸ਼ੀਲ ਹੈ ਅਤੇ ਜੋ ਔਰਤਾਂ ਦੀ ਕਾਬਲੀਅਤ ਵਿੱਚ ਉਨ੍ਹਾਂ ਢਾਂਚਿਆਂ ਅਤੇ ਵਿਚਾਰਧਾਰਾਵਾਂ ਵਿੱਚ ਤਬਦੀਲੀ ਲਿਆਉਣ ਲਈ ਵਾਧਾ ਕਰਦੀ ਹੈ, ਜੋ ਉਨ੍ਹਾਂ ਨੂੰ ਮੁਥਾਜ ਬਣਾ ਕੇ ਰਖਦੀ ਹੈ। ਇਹ ਪ੍ਰਕਿਰਿਆ ਉਨ੍ਹਾਂ ਨੂੰ ਸਰੋਤਾਂ ਅਤੇ ਫੈਸਲੇ ਲੈਣ ਉਪਰ ਵਧੇਰੇ ਨਿਯੰਤ੍ਰਣ ਹਾਸਲ ਕਰਨ, ਉਨ੍ਹਾਂ ਦੀਆਂ ਆਪਣੀਆਂ ਜ਼ਿੰਦਗੀਆਂ ਉਪਰ ਵਧੇਰੇ ਨਿਯੰਤ੍ਰਣ ਹਾਸਲ ਕਰਨ ਅਤੇ ਵਧੇਰੇ ਖੁਦਮੁਖਤਿਆਰੀ ਹਾਸਲ ਕਰਨ ਦੇ ਕਾਬਲ ਬਣਾਉਂਦੀ ਹੈ। ਇਹ ਉਹ ਪ੍ਰਕਿਰਿਆ ਹੈ ਜੋ ਔਰਤਾਂ ਨੂੰ, ਆਪਣਾ ਦਰਜਾ ਬਣਾ ਕੇ ਰੱਖਣ ਅਤੇ ਇੱਜ਼ਤ ਨਾਲ ਜਿਉਣ ਦੇ ਕਾਬਲ ਬਣਾਉਂਦੀ ਹੈ, ਜੋ ਉਨ੍ਹਾਂ ਦਾ ਅਸਰ ਰਸੂਖ ਅਤੇ ਸਮਾਜ ਵਿੱਚ ਦਰਜਾ ਬਣਾ ਕੇ ਰੱਖਦੀ ਹੈ। ਸ਼ਕਤੀਕਰਨ ਦੀ ਪ੍ਰਕਿਰਿਆ ਰਾਜਨੀਤਕ ਪ੍ਰਕਿਰਿਆ ਹੈ ਕਿਉਂਕਿ ਇਸ ਦਾ ਉਦੇਸ਼ ਔਰਤਾਂ ਅਤੇ ਮਰਦਾਂ ਵਿੱਚ ਚਾਲੂ ਰਿਸ਼ਤਿਆਂ ਵਿੱਚ ਬਦਲਾਅ ਲਿਆਉਣਾ ਹੁੰਦਾ ਹੈ।

ਔਰਤਾਂ ਦੇ ਸ਼ਕਤੀਕਰਨ ਦਾ ਉਦੇਸ਼ ਸਿਰਫ ਮਹੰਤੀ ਲਿੰਗ ਰਿਸ਼ਤਿਆਂ ਵਿੱਚ ਤਬਦੀਲੀ ਲਿਆਉਣਾ ਹੀ ਨਹੀਂ ਹੈ ਅਤੇ ਹੋਣਾ ਵੀ ਨਹੀਂ ਚਾਹੀਦਾ ਪਰ ਇਹ ਸਮਾਜ ਵਿੱਚ ਸਭ ਮਹੰਤੀ ਰਿਸ਼ਤਿਆਂ ਜਿਵੇਂ ਕਿ ਵਰਗ, ਜਾਤੀ, ਕੌਮ, ਨਸਲੀ ਅਤੇ ਅਮੀਰ ਗਰੀਬ ਵਿੱਚ ਬਦਲਾਅ ਲਿਆਉਣਾ ਹੈ। ਕਿਉਂਕਿ ਲਿੰਗ ਰਿਸ਼ਤੇ ਇਕ ਖਲ਼ਾ ਵਿੱਚ ਨਹੀਂ ਉਸਰਦੇ, ਕਿਉਂਕਿ ਉਹ ਦੂਸਰੇ ਸਭ ਆਰਥਿਕ ਸਮਾਜਕ ਅਤੇ ਰਾਜਨੀਤਕ ਪ੍ਰਣਾਲੀਆਂ ਨਾਲ ਜੁੜੇ ਹੁੰਦੇ ਹਨ ਅਤੇ ਉਨ੍ਹਾਂ ਵਲੋਂ ਅਸਰ ਹੇਠ ਆਉਂਦੇ ਹਨ, ਇਸ ਲਈ ਬਿਨਾਂ ਦੂਸਰੀਆਂ ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਵਿੱਚ ਤਬਦੀਲੀ ਲਿਆਂਦੇ ਲਿੰਗ ਮਹੰਤੀ ਪੁਣੇ ਵਿੱਚ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਔਰਤਾਂ ਦਾ ਸ਼ਕਤੀਕਰਨ ਕੁਦਰਤ ਦੇ ਸ਼ਕਤੀਕਰਨ, ਹਾਸ਼ੀਏ ਉਤੇ ਲਗਾਏ ਸਭ ਲੋਕਾਂ ਅਤੇ ਦੇਸ਼ਾਂ ਦੇ ਸ਼ਕਤੀਕਰਨ ਤੋਂ ਅਲਗ ਨਹੀਂ ਹੈ ਅਤੇ ਇਹ ਅਲਗ ਹੋ ਵੀ ਨਹੀਂ ਸਕਦਾ। ਇਸ ਲਈ ਔਰਤਾਂ ਦੀ ਜਦੋਜਹਿਦ ਅਤੇ ਅੰਦੋਲਨ ਅਮਨ ਅਤੇ ਸ਼ਾਂਤੀ ਦੇ ਅੰਦੋਲਨਾਂ, ਬਨਸਪਤੀ ਅੰਦੋਲਨਾਂ, ਕਿਰਤੀਆਂ ਅਤੇ ਕਿਸਾਨਾਂ ਦੇ ਅੰਦੋਲਨਾਂ, ਮਾਨਵੀ ਅਧਿਕਾਰਾਂ ਦੇ ਅੰਦੋਲਨਾਂ ਅਤੇ ਸਮਾਜ ਨੂੰ ਲੋਕਤੰਤਰਿਕ ਅਤੇ ਵਿਕੇਂਦਰੀਕ੍ਰਿਤ ਬਣਾਉਣ ਦੇ ਅੰਦੋਲਨਾਂ ਨਾਲ ਡੂੰਘੇ ਜੁੜੇ ਹੋਣ ਦੀ ਲੋੜ ਹੈ। ਇਹ ਅਲਗ-ਅਲਗ ਅੰਦੋਲਨ ਇਕੋ ਘੋਲ, ਇਕੋ ਸੁਫਨੇ ਅਤੇ ਅਲਗ-ਅਲਗ ਹਿੱਸੇ ਹਨ ਇਸ ਲਈ ਇਨ੍ਹਾਂ ਵਿੱਚ ਮਜ਼ਬੂਤ ਰਿਸ਼ਤੇ ਅਤੇ ਜੋੜਮੇਲ ਹੋਣੇ ਚਾਹੀਦੇ ਹਨ।

**ਮੇਰਾ ਵਿਸ਼ਵਾਸ ਹੈ ਕਿ ਜਦੋਂ ਅਸੀਂ ਔਰਤਾਂ ਦੇ ਸ਼ਕਤੀਕਰਨ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਔਰਤਾਂ ਦੀ ਸੋਚ ਤੇ ਵਿਚਾਰਧਾਰਾ ਅਤੇ ਅਸੂਲਾਂ ਜਿਵੇਂ ਕਿ ਸਮਾਨਤਾ, ਨਿਆਂ, ਲੋਕਤੰਤਰ ਅਤੇ ਪਾਏਦਾਰੀ ਦੇ ਸ਼ਕਤੀਕਰਨ ਬਾਰੇ ਵੀ ਸੋਚਣਾ ਚਾਹੀਦਾ ਹੈ। ਇਸ ਦਾ ਇਹ ਅਰਥ ਹੈ ਕਿ ਅਸੀਂ ਹਰ ਔਰਤ ਦੀ ਤਰਫਦਾਰੀ ਨਹੀਂ ਕਰਦੇ ਭਾਵੇਂ ਉਹ ਕੁੱਝ ਵੀ ਹੋਵੇ। ਅਸੀਂ ਔਰਤ ਤਾਨਾਸ਼ਾਹਾਂ, ਮਾਂ-ਪੁਰਖੀ, ਔਰਤਾਂ ਜੋ ਜਾਤਪਾਤ ਅਤੇ ਪੈਤਰਕ ਵਿਵਸਥਾ ਨੂੰ ਉਤਸ਼ਾਹਤ ਕਰਦੀਆਂ ਹਨ ਦੀ ਤਰਫਦਾਰੀ ਉਨ੍ਹਾਂ ਦੇ ਔਰਤਾਂ ਹੋਣ ਕਾਰਨ ਨਹੀਂ ਕਰਦੇ। ਅਸੀਂ ਇਹ ਮੰਨਦੇ ਹਾਂ ਕਿ ਕੁਝ ਔਰਤਾਂ ਵੀ ਪੈਤਰਕ ਵਿਸ਼ਵਾਸ ਵਾਲੀਆਂ ਅਤੇ ਦਬਾ ਕੇ ਰਖਣ ਵਾਲੀਆਂ ਹੋ ਸਕਦੀਆਂ ਹਨ ਅਤੇ ਕੁੱਝ ਆਦਮੀ ਪੈਤਰਕ ਵਿਵਸਥਾ ਅਤੇ ਸਾਮੰਤੀ ਪ੍ਰਣਾਲੀ ਖਿਲਾਫ ਲੜਾਈ ਵਿੱਚ ਭਾਗੀਦਾਰ ਹੋ ਸਕਦੇ ਹਨ ਅਤੇ ਉਹ ਅਜਿਹਾ ਕਰ ਵੀ ਰਹੇ ਹਨ। ਸਾਡੀ ਲੜਾਈ ਅਸੂਲਾਂ ਲਈ ਹੈ ਅਤੇ ਇਕ ਅਜਿਹੇ ਸਮਾਜ ਲਈ ਜਿਸ ਵਿੱਚ ਸਭ ਔਰਤਾਂ ਅਤੇ ਮਰਦਾਂ ਨੂੰ ਜੀਵਨ ਦੇ ਵਿਕਾਸ ਕਰਨ ਦੇ ਅਤੇ ਭਾਗੀਦਾਰੀ ਹੋਣ ਦੇ ਬਰਾਬਰ ਦੇ ਮੌਕੇ ਮਿਲ ਰਹੇ ਹੋਣ।**

ਔਰਤਾਂ ਨੂੰ ਹੀ ਨਹੀਂ ਸਗੋਂ ਔਰਤਾਂ ਦੇ ਸੰਦਰਭ ਨੂੰ ਹੀ ਸ਼ਕਤੀਕਰਨ ਕਰਨਾ ਹੋਵੇਗਾ ਕਿਉਂਕਿ ਔਰਤਾਂ ਇਕ ਵੱਖਰਾ ਖੇਤਰ ਨਹੀ ਹਨ।ਹਰ ਮੁੱਦੇ ਉਪਰ ਔਰਤਾਂ ਦੀਆਂ ਚਿੰਤਾਵਾਂ, ਉਨ੍ਹਾਂ ਦੇ

ਸੰਦਰਭ ਅਤੇ ਉਨ੍ਹਾਂ ਦੀ ਦੂਰਅੰਦੇਸ਼ੀ ਦੀ ਲੋੜ ਹੈ – ਚਾਹੇ ਉਹ ਫੌਜੀਕਰਨ, ਮਾਨਵੀ ਅਧਿਕਾਰ ਜਾਂ ਪਾਏਦਾਰ ਵਿਕਾਸ ਹੀ ਕਿਉਂ ਨਾ ਹੋਵੇ। ਹਰ ਮੁੱਦਾ ਔਰਤਾਂ ਦਾ ਮੁੱਦਾ ਹੈ।

**ਜੇਕਰ ਔਰਤਾਂ ਦੇ ਸ਼ਕਤੀਕਰਨ ਨੂੰ ਮਜ਼ਬੂਤ ਅਤੇ ਵਿਆਪਕ ਬਣਾਉਣਾ ਹੈ ਅਤੇ ਉਸ ਵਿੱਚ ਇਕ ਤਬਦੀਲੀ ਲਿਆਉਣੀ ਹੈ ਤਾਂ ਔਰਤਾਂ ਦਾ ਸ਼ਕਤੀਕਰਨ ਹਰ ਪੱਧਰ ਉਤੇ ਅਤੇ ਹਰ ਵਰਗ ਵਿੱਚ ਹੋਣਾ ਚਾਹੀਦਾ ਹੈ।**

ਸਭ ਤੋਂ ਹੇਠਲੇ ਪੱਧਰ ਉਤੇ ਸਰਗਰਮ ਔਰਤਾਂ, ਦਰਮਿਆਨੀ ਪੱਧਰ ਦੀਆਂ ਸਰਗਰਮ ਔਰਤਾਂ, ਸਰਕਾਰੀ ਨੌਕਰੀਆਂ ਵਿੱਚ ਔਰਤਾਂ, ਮੀਡੀਆ ਔਰਤਾਂ, ਰਾਜਨੀਤੀ ਵਿੱਚ ਔਰਤਾਂ, ਅਕਾਦਮਿਕ ਔਰਤਾਂ, ਕਲਾਕਾਰ ਔਰਤਾਂ, ਉੱਦਮੀ ਔਰਤਾਂ ਆਦਿ ਸਭ ਵਿੱਚ ਮਜਬੂਤ ਨੈੱਟਵਰਕਿੰਗ ਦੀ ਲੋੜ ਹੈ। ਸਭ ਤੋਂ ਸੂਖਮ ਅਤੇ ਸਭ ਤੋਂ ਵਿਸ਼ਾਲ ਪੱਧਰ ਉਤੇ ਕਾਰਜ ਵਿੱਚ ਲਗੀਆਂ ਔਰਤਾਂ ਵਿੱਚ ਨੈੱਟਵਰਕਿੰਗ ਦੀ ਲੋੜ ਹੈ। ਸਾਨੂੰ ਹਮਦਰਦੀ ਰੱਖਣ ਵਾਲੇ ਮਰਦਾਂ ਦੀ ਵੀ ਹਰ ਪੱਧਰ ਉਤੇ ਲੋੜ ਹੈ। ਔਰਤਾਂ ਦਾ ਸ਼ਕਤੀਕਰਨ ਇਕ ਪਾਸਾ ਨਹੀਂ ਹੈ ਜਿਸ ਵਿੱਚ ਕੁੱਝ ਸਰਗਰਮ ਦੂਸਰੇ ਸਭ ਨੂੰ ਸ਼ਕਤੀ ਦੇ ਸਕਦੇ ਹਨ। ਇਹ ਦੁਪਾਸੀ ਪ੍ਰਕਿਰਿਆ ਹੈ ਜਿਸ ਵਿੱਚ ਅਸੀਂ ਸ਼ਕਤੀ ਦਿੰਦੇ ਹਾਂ ਅਤੇ ਖੁਦ ਸ਼ਕਤੀਸ਼ੁਦਾ ਹੁੰਦੇ ਹਾਂ। ਕੋਈ ਵੀ ਹਮੇਸ਼ਾ ਲਈ ਸ਼ਕਤੀਸ਼ੁਦਾ ਨਹੀਂ ਹੋ ਸਕਦਾ ਅਤੇ ਉਸ ਤੋਂ ਬਾਹਰ ਦੂਸਰਿਆਂ ਨੂੰ ਸ਼ਕਤੀਸ਼ੁਦਾ ਕਰਨ ਲਈ ਮਾਹਰ ਨਹੀਂ ਬਣ ਸਕਦਾ। ਔਰਤਾਂ ਦਾ ਸ਼ਕਤੀਕਰਨ ਬਹੁੱਖੀ ਅਤੇ ਜੋੜਮੇਲ ਵਾਲਾ ਹੋਣਾ ਹੁੰਦਾ ਹੈ। ਇਸ ਪ੍ਰਕਿਰਿਆ ਵਿੱਚ ਹੇਠ ਦਿੱਤੇ ਕੁੱਝ ਜਾਂ ਸਭ ਪਹਿਲੂ ਸ਼ਾਮਲ ਹੋਣੇ ਚਾਹੀਦੇ ਹਨ:

- ਸਮਾਜ ਵਿੱਚ ਔਰਤਾਂ ਦਾ ਯੋਗਦਾਨ ਦ੍ਰਿਸ਼ ਬਣਾਉਣਾ, ਜਿਵੇਂ ਕਿ ਇਹ ਦਿਖਾਉਣਾ ਕਿ ਔਰਤਾਂ ਬੱਚੇ ਜੰਮਣ ਦੇ ਇਲਾਵਾ ਅਤੇ ਘਰ ਚਲਾਉਣ ਦੇ ਇਲਾਵਾ ਕਿਸਾਨ, ਕਿਰਤੀ, ਕਾਰੀਗਰ, ਵਿਵਸਾਈ ਆਦਿ ਵੀ ਹਨ। ਉਹ ਹਮੇਸ਼ਾ ਉਤਪਾਦਨ ਨਾਲ ਜੁੜੀਆਂ ਰਹੀਆਂ ਹਨ ਅਤੇ ਉਨ੍ਹਾਂ ਦਾ ਸਮੁੱਚੇ ਘਰੇਲੂ ਉਤਪਾਦਨ ਵਿੱਚ ਹਮੇਸ਼ਾ ਤੋਂ ਵੱਡਾ ਯੋਗਦਾਨ ਰਿਹਾ ਹੈ। ਉਹ ਜੀਵਨ ਦਾਤੀਆਂ ਹਨ, ਕੁਦਰਤੀ ਸਰੋਤਾਂ ਦੀਆਂ ਮੈਨੇਜਰ ਹਨ।
- ਔਰਤਾਂ ਅਤੇ ਸਮਾਜ ਨੂੰ ਔਰਤਾਂ ਦੇ ਗਿਆਨ, ਸਮਰਥਾ ਅਤੇ ਮੁਹਾਰਤ ਜੋ ਉਨ੍ਹਾਂ ਕੋਲ ਹੈ ਅਤੇ ਉਹ ਰਖਦੀਆਂ ਹਨ, ਬਾਰੇ ਅਹਿਸਾਸ ਕਰਵਾਉਣਾ ਖ਼ਾਸ ਤੌਰ ਤੇ ਖੇਤੀਬਾੜੀ ਸਿਹਤ ਅਤੇ ਦਸਤਕਾਰੀ ਆਦਿ ਵਿੱਚ।
- ਅਜਿਹਾ ਵਾਤਾਵਰਨ ਤਿਆਰ ਕਰਨਾ ਜਿਸ ਵਿੱਚ ਔਰਤਾਂ ਨੂੰ ਖ਼ੁਦ ਖ਼ੁਸ਼ੀ ਅਤੇ ਖ਼ੁਦ ਵਿਸ਼ਵਾਸ ਹੋਵੇ।
- ਅਜਿਹੇ ਮੌਕੇ ਪੈਦਾ ਕਰਨਾ ਜਿਨ੍ਹਾਂ ਵਿੱਚ ਔਰਤਾਂ ਅਤੇ ਲੜਕੀਆਂ ਆਪਣੀ ਪੂਰੀ ਸਮਰੱਥਾ ਲਗਾ ਸਕਣ ਅਤੇ ਆਪਣੀ ਪਸੰਦ ਦੀ ਚੋਣ ਕਰ ਸਕਣ ਅਤੇ ਉਨ੍ਹਾਂ ਨੂੰ ਕੁੱਝ ਰਵਾਇਤੀ ਭੂਮਿਕਾਵਾਂ ਅਤੇ ਕਿਰਤਾਂ ਵਿੱਚ ਨਾ ਧੱਕਿਆ ਜਾਵੇ। ਉਨ੍ਹਾਂ ਨੂੰ ਅਜਿਹੀ ਸਿੱਖਿਆ ਦੇਣਾ ਜਿਸ ਨਾਲ ਉਨ੍ਹਾਂ ਦੇ ਘਰੇਲੂਪਨ ਦੇ ਬਜਾਏ, ਉਨ੍ਹਾਂ ਦੇ ਸ਼ਕਤੀਕਰਨ ਦਾ ਵਿਕਾਸ ਹੋਵੇ।
- ਔਰਤਾਂ ਨੂੰ ਆਪਣੇ ਫੈਸਲੇ ਖੁਦ ਲੈਣ ਦੇ ਕਾਬਲ ਬਣਾਉਣਾ, ਕਿਉਂ, ਕਦੋਂ ਅਤੇ ਕਿਸ ਨਾਲ ਵਿਆਹ ਕਰਵਾਉਣਾ ਹੈ, ਕਿਉਂ ਅਤੇ ਕਦੋਂ ਬੱਚੇ ਪੈਦਾ ਕਰਨੇ ਹਨ ਅਤੇ ਕਿਉਂ ਅਤੇ ਕਦੋਂ ਪੜ੍ਹਾਈ ਕਰਨੀ ਹੈ।
- ਔਰਤਾਂ ਅਤੇ ਮਰਦਾਂ ਵਿੱਚ ਲੜਕੀਆਂ ਅਤੇ ਔਰਤਾਂ ਦੀਆਂ ਬੁਨਿਆਦੀ ਲੋੜਾਂ, ਉਨ੍ਹਾਂ ਦਾ ਪਰਿਵਾਰ ਦੇ ਅੰਦਰ ਅਤੇ ਬਾਹਰ ਦਰਜਾ, ਉਨ੍ਹਾਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ।
- ਔਰਤ ਨੂੰ ਆਪਣੀਆਂ ਖੁਰਾਕ, ਕੱਪੜੇ, ਸਿਰ ਢੱਕਣ ਲਈ ਸਥਾਨ ਅਤੇ ਉਨ੍ਹਾਂ ਦੀਆਂ ਸਿਹਤ ਅਤੇ ਸੁਰੱਖਿਆ ਦੀਆਂ ਵਿਸ਼ੇਸ਼ ਲੋੜਾਂ ਬਾਰੇ ਸਹੂਲਤਾਂ ਅਤੇ ਸਰੋਤ ਉਪਲਬਧ ਕਰਵਾਉਣਾ।
- ਔਰਤਾਂ ਨੂੰ ਉਤਪਾਦਨ ਦੇ ਸਾਧਨਾਂ, ਜਾਇਦਾਦ ਅਤੇ ਹੋਰ ਸਰੋਤਾਂ ਅਤੇ ਆਮਦਨ ਉਪਰ ਨਿਯੰਤ੍ਰਣ ਰਖਣ ਲਈ ਪਹੁੰਚ ਦੇਣਾ।

## ਮੁੱਦੇ ਜਿਨ੍ਹਾਂ ਨੂੰ ਵਿਸ਼ੇਸ਼ ਤਵੱਜੋਂ ਅਤੇ ਕੋਸ਼ਿਸ਼ਾਂ ਦੀ ਲੋੜ ਹੁੰਦੀ ਹੈ

ਅਜਿਹੇ ਕੁਝ ਖੇਤਰ ਜੋ ਔਰਤਾਂ ਦੇ ਸ਼ਕਤੀਕਰਨ ਲਈ ਅਤੀ ਮਹੱਤਵਪੂਰਨ ਹਨ ਪਰ ਜਿਨ੍ਹਾਂ ਉਪਰ ਭੂਤ ਵਿੱਚ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ, ਨੂੰ ਦ੍ਰਿਸ਼ਟੀਗੋਚਰ ਕਰਨਾ ਮਹੱਤਵਪੂਰਨ ਹੈ। ਇਨ੍ਹਾਂ ਖੇਤਰਾਂ ਨੂੰ ਬਹੁਤ ਧਿਆਨ ਨਾਲ ਸਮਝਣ ਦੀ ਲੋੜ ਹੈ ਅਤੇ ਇਨ੍ਹਾਂ ਨਾਲ ਨਜਿੱਠਣ ਲਈ ਢੁਕਵੇਂ ਅਸਰਦਾਰ ਤਰੀਕੇ ਅਪਣਾਉਣ ਦੀ ਲੋੜ ਹੈ।

ਔਰਤਾਂ ਦੇ ਨੀਵੀਂ ਸ਼੍ਰੇਣੀ ਦੇ ਹੋਣ ਦਾ ਇਕ ਮਹੱਤਵਪੂਰਨ ਕਾਰਨ ਉਨ੍ਹਾਂ ਦਾ ਜਾਇਦਾਦ ਅਤੇ ਹੋਰ ਉਤਪਾਦਕ ਸਰੋਤਾਂ ਉਪਰ ਨਿਯੰਤ੍ਰਣ ਦੀ ਘਾਟ ਹੈ। ਇਹ ਅਜਿਹਾ ਮੁੱਦਾ ਹੈ ਜੋ ਔਰਤਾਂ ਵਿੱਚ ਹਰ ਸਮੇਂ ਅਸੁਰੱਖਿਆ ਦੀ ਭਾਵਨਾ ਪੈਦਾ ਕਰਦਾ ਹੈ। ਵੀਨਾ ਅਗਰਵਾਲ ਨੇ ਆਪਣੀ ਕਿਤਾਬ 'ਦੱਖਣੀ ਏਸ਼ੀਆ ਵਿੱਚ ਆਪਣਾ ਲਿੰਗ ਭੇਦ ਅਤੇ ਭੂਮੀ ਹਕੂਕਾਂ ਦਾ ਖੇਤਰ' ਵਿੱਚ ਬਹੁਤ ਮੰਨਣਯੋਗ ਤਰੀਕੇ ਤਰਕ ਕੀਤਾ ਹੈ ਕਿ ਜਾਇਦਾਦ ਦੀ ਮਲਕੀਅਤ ਅਤੇ ਉਸ ਉਪਰ ਨਿਯੰਤ੍ਰਣ ਵਿੱਚ ਲਿੰਗ ਖਾਈ ਇਕੋ ਇਕ ਸਭ ਤੋਂ ਮਹੱਤਵਪੂਰਨ ਮੁੱਦਾ ਹੈ ਜੋ ਔਰਤਾਂ ਦੀ ਆਰਥਿਕ ਸਥਿਤ, ਸਮਾਜਕ ਦਰਜਾ ਅਤੇ ਸ਼ਕਤੀਕਰਨ ਉਪਰ ਅਸਰ ਕਰਦਾ ਹੈ। ਇਸ ਮੁੱਦੇ ਨੂੰ ਹਰ ਪੱਧਰ ਉਤੇ ਤੁਰੰਤ ਨਜਿੱਠਣ ਦੀ ਲੋੜ ਹੈ।

ਲਾਭਕਾਰੀ ਰੁਜ਼ਗਾਰ ਤੱਕ ਅਪਹੁੰਚ ਇਕ ਹੋਰ ਮਹੱਤਵਪੂਰਨ ਮੁੱਦਾ ਹੈ, ਜਿਥੇ ਕੌਣ ਪੂੰਜੀ ਪੈਦਾ ਕਰਦਾ ਹੈ ਉਪਰ ਬਹੁਤ ਬਲ ਦਿੱਤਾ ਜਾਂਦਾ ਹੈ ਪਰ ਔਰਤਾਂ ਨੂੰ ਪੂੰਜੀ ਪੈਦਾ ਕਰਨ ਦੇ ਮੌਕਿਆਂ ਬਾਰੇ ਸਿੱਖਣ ਅਤੇ ਮੁਹਾਰਤ ਪੈਦਾ ਕਰਨ ਤੋਂ ਅਤੇ ਲਾਭਕਾਰੀ ਰੁਜ਼ਗਾਰ ਪੈਦਾ ਕਰਨ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ। ਘਰ ਦੇ ਕੰਮਕਾਜ ਦੀ ਕੋਈ ਬੁੱਕਤ ਨਹੀਂ ਆਂਕੀ ਜਾਂਦੀ ਅਤੇ ਜੇਕਰ ਉਹ ਪੂੰਜੀ ਪੈਦਾ ਕਰਕੇ ਨਹੀਂ ਲਿਆਉਂਦੀਆਂ ਤਾਂ ਉਨ੍ਹਾਂ ਨੂੰ ਘਟੀਆ ਸਮਝਿਆ ਜਾਂਦਾ ਹੈ, ਪਰਿਵਾਰ ਉਪਰ ਇਕ ਬੋਝ, ਇਕ ਜ਼ਿੰਮੇਵਾਰੀ। ਪ੍ਰੋਫੈਸਰ ਅਮਾਰਤਿਆ ਸੇਨ ਅਤੇ ਪ੍ਰੋਫੈਸਰ ਡਰੇਜ਼ ਵਲੋਂ ਕੀਤੀ ਘੋਖ ਤੋਂ ਸਿੱਟਾ ਨਿਕਲਦਾ ਹੈ ਕਿ ਬਾਹਰੀ ਕੰਮਕਾਜ ਅਤੇ ਉਜਰਤ ਪੈਦਾ ਕਰਨ ਵਾਲੇ ਰੁਜ਼ਗਾਰ ਵਿੱਚ ਲਗਿਆ ਹੋਣਾ ਔਰਤਾਂ ਵੱਲ ਪਰਿਵਾਰ ਦੇ ਅੰਦਰ ਵੰਡ ਦੀ ਪੱਖਪਾਤ ਨੂੰ ਘਟਾਉਂਦਾ ਨਹੀਂ ਹੈ। ਇਸ ਲਈ, ਉਨ੍ਹਾਂ ਦਾ ਸੁਝਾਅ ਹੈ ਕਿ ਔਰਤਾਂ ਦੀ ਲਾਭਕਾਰੀ ਆਰਥਿਕ ਸਰਗਰਮੀ ਵਿੱਚ ਸ਼ਮੂਲੀਅਤ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਔਰਤਾਂ ਦੀ ਵਿਸ਼ੇਸ਼ ਬਰਤਰਫੀ ਨੂੰ ਰੋਕਣ ਲਈ ਇਕ ਵੱਡਾ ਕਾਰਨ ਬਣਦਾ ਹੈ। ਭਾਰਤ ਵਿੱਚ ਅਸੀਂ ਔਰਤਾਂ ਵਲੋਂ ਆਮਦਨ ਪੈਦਾ ਕਰਨ ਵਾਲੀ ਸਰਗਰਮੀ ਵਿੱਚ ਲਗੇ ਹੋਣ ਬਾਰੇ ਬਹੁਤ ਕੁੱਝ ਕਿਹਾ ਹੈ ਪਰ

ਉਨ੍ਹਾਂ ਤੋਂ ਆਮ ਤੌਰ ਤੇ ਔਰਤਾਂ ਨੂੰ ਕੋਈ ਮਦਦ ਨਹੀਂ ਮਿਲੀ। ਉਨ੍ਹਾਂ ਉਤੇ ਔਰਤਾਂ ਦੇ ਕੰਮ ਦੇ ਬੋਝ ਨੂੰ ਬਿਨਾਂ ਕਾਫੀ ਆਮਦਨ ਪੈਦਾ ਕਰਨ ਦੇ ਬਹੁਤ ਵਧਾ ਦਿੱਤਾ ਹੈ। ਇਸ ਮੁੱਦੇ ਨੂੰ ਸਾਵਧਾਨੀ ਪੂਰਬਕ ਵਾਚਣ ਦੀ ਲੋੜ ਹੈ।

ਘਰ ਦਾ ਕੰਮਕਾਜ ਅਤੇ ਬੱਚਿਆਂ ਦੀ ਸੰਭਾਲ ਮਿਲ ਕੇ ਕਰਨਾ ਵੀ ਇਕ ਹੋਰ ਅਜਿਹਾ ਖੇਤਰ ਹੈ ਜਿਸ ਉਪਰ ਨਜ਼ਰ ਮਾਰਨ ਦੀ ਲੋੜ ਹੈ ਕਿਉਂਕਿ ਇਸ ਵਿੱਚ ਔਰਤਾਂ ਦੀ ਵੱਧ ਤੋਂ ਵੱਧ ਅਧੀਨਗੀ ਛੁਪੀ ਹੁੰਦੀ ਹੈ। ਔਰਤਾਂ ਹਰ ਵੇਲੇ ਕਰਾਰੀ ਮਾਰ ਝੱਲਦੀਆਂ ਹਨ, ਉਨ੍ਹਾਂ ਕੋਲ ਕੋਈ ਖਾਲੀ ਸਮਾਂ ਨਹੀਂ ਹੁੰਦਾ, ਪੜ੍ਹਾਈ-ਲਿਖਾਈ ਅਤੇ ਵਿਕਾਸ ਲਈ ਕੋਈ ਮੌਕੇ ਨਹੀਂ ਹੁੰਦੇ। ਇਹ ਔਰਤਾਂ ਦੀ ਬਰਾਬਰੀ ਅਤੇ ਸ਼ਕਤੀਕਰਨ ਵਿੱਚ ਇਕ ਵੱਡੀ ਅੜਚਨ ਹੈ। ਔਰਤਾਂ ਦੀ ਹੱਡ ਭੰਨਵੀਂ ਮਿਹਨਤ ਨੂੰ ਘੱਟ ਕੀਤਾ ਜਾ ਸਕਦਾ ਹੈ ਜੇਕਰ ਪਰਿਵਾਰ ਦੇ ਦੂਸਰੇ ਮੈਂਬਰ ਉਨ੍ਹਾਂ ਦੇ ਕੰਮ ਵਿੱਚ ਹੱਥ ਵਟਾਉਣ, ਲੜਕਿਆਂ ਅਤੇ ਮਰਦਾਂ ਨੂੰ ਬੱਚਿਆਂ ਦੇ ਪਾਲਣ ਪੋਸਣ ਅਤੇ ਉਨ੍ਹਾਂ ਦੇ ਸੰਭਾਲ ਦੇ ਕੰਮ ਵਿੱਚ ਹਿੱਸੇਦਾਰ ਬਣਨਾ ਚਾਹੀਦਾ ਹੈ ਤਾਂ ਕਿ ਔਰਤਾਂ ਨੂੰ ਅਰਾਮ ਕਰਨ ਦਾ ਅਤੇ ਆਪਣੀ ਹੋਰ ਰੁਚੀ ਦੇ ਵਿਕਾਸ ਲਈ ਸਮਾਂ ਮਿਲ ਸਕੇ।

ਔਰਤਾਂ ਦੀ ਕਾਮਕਤਾ ਉਪਰ ਨਿਯੰਤ੍ਰਣ ਰਖਣਾ ਵੀ ਇਕ ਹੋਰ ਖੇਤਰ ਹੈ ਜਿਸ ਨੂੰ ਵਿਚਾਰਨਾ, ਸਮਝਣਾ ਅਤੇ ਉਸ ਦਾ ਹੱਲ ਕੱਢਣਾ ਵੀ ਜ਼ਰੂਰੀ ਹੈ। ਛੋਟੀ ਉਮਰ ਵਿੱਚ ਵਿਆਹ, ਪਰਦਾ, ਔਰਤਾਂ ਦੇ ਆਉਣ ਜਾਣ ਉਪਰ ਬੰਦਸ਼ਾਂ, ਸਭ ਅਜਿਹੇ ਤਰੀਕੇ ਹਨ ਜਿਨ੍ਹਾਂ ਰਾਹੀਂ ਔਰਤਾਂ ਦੀ ਕਾਮਕਤਾ ਉਪਰ ਨਿਯੰਤ੍ਰਣ ਕੀਤਾ ਜਾਂਦਾ ਹੈ ਅਤੇ ਇਹ ਲੜਕੀਆਂ ਅਤੇ ਔਰਤਾਂ ਦੀ ਅਜ਼ਾਦੀ ਅਤੇ ਖੁਦਮੁਖਤਿਆਰੀ ਉਪਰ ਬਹੁਤ ਮਾੜਾ ਅਸਰ ਕਰਦੀਆਂ ਹਨ। ਦੂਸਰਾ ਮਹੱਤਵਪੂਰਨ ਖੇਤਰ ਜਿਸ ਉਪਰ ਗੌਰ ਕਰਨ ਦੀ ਲੋੜ ਹੈ, ਉਹ ਹੈ ਵਿਚਾਰਧਾਰਾ ਦਾ ਜੋ ਪਿਤਾ ਮੁਖੀ ਢਾਂਚੇ, ਰਵਾਇਤੀ ਅਤੇ ਵਰਤਾਵੇ ਦੀ ਹਮਾਇਤ ਕਰਦਾ ਹੈ ਅਤੇ ਉਸ ਨੂੰ ਉਤਸ਼ਾਹ ਦਿੰਦਾ ਹੈ। ਮੀਡੀਆ ਵਿਚਾਰਧਾਰਾ ਪੈਦਾ ਕਰਨ ਦਾ ਇਕ ਸ਼ਕਤੀਸ਼ਾਲੀ ਹਥਿਆਰ ਹੈ ਪਰ ਅਸੀਂ ਸਭ ਜਾਣਦੇ ਹਾਂ ਕਿ ਵਧੇਰੇ ਕਰਕੇ ਮੀਡੀਆ ਕਿਸ ਤਰ੍ਹਾਂ ਕਾਮੁਕਤਾ ਭਰਪੂਰ ਅਤੇ ਔਰਤਾਂ ਦੇ ਖਿਲਾਫ ਰਿਹਾ ਹੈ ਅਤੇ ਰਹਿ ਰਿਹਾ ਹੈ। ਮੀਡੀਆ ਦੀ ਔਰਤਾਂ ਬਾਰੇ ਸੋਚ ਉਪਰ ਕਾਫੀ ਕੰਮ ਕੀਤਾ ਗਿਆ ਹੈ ਪਰ ਬਦਕਿਸਮਤੀ ਨਾਲ ਹਾਲਾਤ ਬਦਤਰ ਹੀ ਹੋਏ ਹਨ।

ਧਰਮ ਵੀ ਪਿਤਾ ਮੁਖੀ ਵਿਚਾਰਧਾਰਾ ਨੂੰ ਜਨਮ ਦਿੰਦਾ ਹੈ। ਧਾਰਮਿਕ ਗਰੰਥ ਅਤੇ ਮਿਥਿਹਾਸਕ ਲੇਖਣੀਆਂ, ਧਾਰਮਿਕ ਅਤੇ ਸਭਿਆਚਾਰਕ ਰਿਵਾਜ ਜੋ ਪੁਰਸ਼ ਪ੍ਰਮੁੱਖਤਾ ਦਾ ਉਪਦੇਸ਼ ਦਿੰਦੇ ਹਨ ਅਤੇ ਉਸ ਨੂੰ ਜਾਇਜ਼ ਠਹਿਰਾਉਂਦੇ ਹਨ ਨੂੰ ਵੀ ਪਹਿਲਾਂ ਨਾਲੋਂ ਵੱਧ ਚੁਨੌਤੀ ਦੇਣ ਦੀ ਲੋੜ ਹੈ। ਇਹ ਬੇਸ਼ਕ ਅਜਿਹਾ ਖੇਤਰ ਹੈ ਜੋ ਸਾਨੂੰ ਸਾਵਧਾਨੀ ਪੂਰਬਕ ਤੈਅ ਕਰਨਾ ਹੈ, ਪਰ ਤੈਅ ਸਾਨੂੰ ਜ਼ਰੂਰੀ ਕਰਨਾ ਹੈ। ਇਹ ਅਜਿਹਾ ਖੇਤਰ ਹੈ ਜੋ ਰਾਤੋਰਾਤ ਨਹੀਂ ਬਦਲ ਸਕਦਾ ਪਰ ਜੇਕਰ ਅਸੀਂ ਇਸ ਦੇ ਖਿਲਾਫ ਅਵਾਜ਼ ਨਹੀਂ ਉਠਾਉਂਦੇ, ਇਹ ਕਦੇ ਨਹੀਂ ਬਦਲੇਗਾ। ਧਾਰਮਿਕ ਕਾਨੂੰਨ ਅਤੇ ਰਵਾਇਤਾਂ ਜੋ ਸਾਡੇ ਸੰਵਿਧਾਨ ਦੇ ਖਿਲਾਫ ਹਨ, ਜੋ ਔਰਤਾਂ ਨੂੰ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਤੋਂ ਵਾਂਝਾ ਕਰਦੇ ਹਨ, ਨੂੰ ਚੁਨੌਤੀ ਦੇਣ ਦੀ ਲੋੜ ਹੈ। ਅਸੀਂ ਕੀ ਅਤੇ ਕਿਵੇਂ ਇਸ ਬਹੁਤ ਸੰਵੇਦਨਸ਼ੀਲ ਕਾਰਜ ਨੂੰ ਪੂਰਾ ਕਰਦੇ ਹਾਂ, ਇਸ ਬਾਰੇ ਵਿਚਾਰ ਕਰਨ ਅਤੇ ਸਾਵਧਾਨੀ ਪੂਰਬਕ ਯੋਜਨਾਬੰਦੀ ਕਰਨ ਦੀ ਲੋੜ ਹੈ ਤਾਂ ਕਿ ਕਿਸੇ ਦੇ ਵਿਵੇਕ ਨੂੰ ਧੱਕਾ ਨਾ ਲੱਗੇ ਅਤੇ ਕੋਈ ਪ੍ਰਤਿਕਿਰਿਆ ਨਾ ਹੋਵੇ।

## ਔਰਤਾਂ ਦੇ ਸ਼ਕਤੀਕਰਨ ਲਈ ਸਿੱਖਿਆ

ਔਰਤਾਂ ਦੇ ਸ਼ਕਤੀਕਰਨ ਵਿੱਚ ਉਨ੍ਹਾਂ ਦੀ ਸਿੱਖਿਆ ਸਭ ਤੋਂ ਮਹੱਤਵਪੂਰਨ ਅੰਸ਼ ਤੇ ਦਖਲ-ਅੰਦਾਜ਼ੀ ਹੈ ਪਰ ਇਸ ਸਿੱਖਿਆ ਦਾ ਵਿਸ਼ਾ ਅਤੇ ਤਰੀਕਾ ਔਰਤ ਮੁਖੀ ਹੋਣਾ ਚਾਹੀਦਾ ਹੈ।

## ਕਿਸ ਕਿਸਮ ਦੀ ਸਿੱਖਿਆ ਦੀ ਲੋੜ ਹੈ?

ਸਾਨੂੰ ਔਰਤਾਂ ਨੂੰ ਸਿੱਖਿਆ ਦੇਣ, ਅਜਿਹੀ ਸੂਚਨਾ ਅਤੇ ਜਾਣਕਾਰੀ ਪ੍ਰਾਪਤ ਕਰਨ ਨੂੰ ਜੋ ਉਨ੍ਹਾਂ ਨੂੰ ਪਿਤਾ ਮੁਖੀ ਗਿਆਨ, ਮਿਆਰ, ਕਦਰਾਂ ਕੀਮਤਾਂ ਅਤੇ ਵਰਤਾਉ ਦੇ ਤਰੀਕਿਆਂ ਨੂੰ ਚੁਨੌਤੀ ਦੇਣ ਵਿੱਚ ਮਦਦ ਕਰਨ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਕਈ ਗੁਣਾ ਵਧਾਉਣਾ ਚਾਹੀਦਾ ਹੈ। ਸਾਨੂੰ ਅਜਿਹੀ ਸਿੱਖਿਆ ਦੀ ਲੋੜ ਹੈ ਜੋ ਨਾ ਸਿਰਫ ਉਨ੍ਹਾਂ ਨੂੰ ਸ਼ਬਦ ਗਿਆਨ ਦੇਵੇ ਸਗੋਂ ਸਾਰੀ ਦੁਨੀਆਂ ਨੂੰ ਜਾਣਨ, ਸਮਝਣ ਅਤੇ ਨਿਯੰਤ੍ਰਣ ਕਰਨ ਵਿੱਚ ਮਦਦ ਕਰੇ, ਜੋ ਔਰਤਾਂ ਨੂੰ ਨਾ ਸਿਰਫ ਮੁੱਢਲੀ ਪੜ੍ਹਾਈ ਲਿਖਾਈ ਵਿੱਚ ਨਿਪੁੰਨਤਾ ਦੇਵੇ ਸਗੋਂ ਉਨ੍ਹਾਂ ਨੂੰ ਆਪਣੇ ਜੀਵਨ ਅਤੇ ਆਪਣੀ ਕਿਸਮਤ ਆਪ ਬਣਾਉਣ ਦੇ ਕਾਬਲ ਬਣਾਵੇ। ਸਾਨੂੰ ਅਜਿਹੀ ਸਿੱਖਿਆ ਦੀ ਲੋੜ ਹੈ ਜੋ ਔਰਤਾਂ ਨੂੰ ਲੋੜੀਂਦੀ ਪੜਚੋਲ ਅਤੇ ਮੁਹਾਰਤ ਹਾਸਲ ਕਰਨ ਵਿੱਚ ਮਦਦ ਕਰੇ ਜੋ ਉਨ੍ਹਾਂ ਨੂੰ ਜੀਵਨ ਦੀਆਂ ਤੇਜ਼ੀ ਨਾਲ ਬਦਲ ਰਹੀਆਂ ਅਸਲੀਅਤਾਂ ਨੂੰ ਸਮਝਣ ਵਿੱਚ ਮਦਦ ਕਰੇ; ਜੋ ਉਨ੍ਹਾਂ ਨੂੰ ਅਪਮਾਨਜਨਕ ਅਤੇ ਅਮਾਨਵਤਾ ਦੇ ਹਾਲਾਤਾਂ ਦੀ ਅਧੀਨਗੀ ਖਿਲਾਫ ਖੜ੍ਹੇ ਹੋਣ ਦੀ ਤਾਕਤ ਅਤੇ ਵਿਸ਼ਵਾਸ ਦੇਵੇ। ਜੇਕਰ ਅਸੀਂ ਔਰਤਾਂ ਦੀ ਪੜ੍ਹਾਈ ਲਿਖਾਈ ਨਾਲ ਜੁੜੇ ਹੋਏ ਹਾਂ ਤਾਂ ਔਰਤਾਂ ਲਈ ਪੜ੍ਹਾਈ-ਲਿਖਾਈ ਦੀਆਂ ਜਮਾਤਾਂ ਉਨ੍ਹਾਂ ਦੀ ਚੇਤਨਾ ਜਗਾਉਣ ਦੇ ਕੇਂਦਰ ਬਿੰਦੂ ਬਣ ਜਾਣੀਆਂ ਚਾਹੀਦੀਆਂ ਹਨ। ਉਹ ਉਨ੍ਹਾਂ ਨੂੰ ਔਰਤਾਂ ਦੇ ਮਜ਼ਬੂਤ ਗਰੁੱਪ ਬਣਾਉਣ ਵਿੱਚ ਮਦਦ ਦੇਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਖੁਦ ਆਪਣੇ ਜੀਵਨ ਉਪਰ ਵੱਧ ਤੋਂ ਵੱਧ ਨਿਯੰਤ੍ਰਣ ਹਾਸਲ ਕਰ ਸਕਣ, ਉਨ੍ਹਾਂ ਨੂੰ ਆਪਣੀ ਚੁੱਪੀ ਤੋੜਨ ਵਿੱਚ ਮਦਦ ਕਰਨ ਅਤੇ ਉਨ੍ਹਾਂ ਦੀ ਹੋਂਦ ਦ੍ਰਿਸ਼ ਬਣਾਉਣ। ਇਨ੍ਹਾਂ ਜਮਾਤਾਂ ਨੂੰ ਅਜਿਹਾ ਵਾਤਾਵਰਨ ਤਿਆਰ ਕਰਨਾ ਚਾਹੀਦਾ ਹੈ ਜੋ ਔਰਤਾਂ ਨੂੰ ਵਧੇਰੇ ਆਜ਼ਾਦੀ ਦੇਵੇ, ਜੋ ਉਨ੍ਹਾਂ ਨੂੰ ਉਨ੍ਹਾਂ ਦੀ ਸਮੁੱਚੀ ਮਾਨਵੀ ਸਮਰਥਾ ਦਾ ਲਾਭ ਉਠਾਉਣ ਲਈ ਵਧੇਰੇ ਮੌਕੇ ਦੇਵੇ। ਔਰਤਾਂ ਦੇ ਸ਼ਕਤੀਕਰਨ ਲਈ ਸਿੱਖਿਆ ਸਮੂਹਕ ਕਾਰਜ ਅਤੇ ਪ੍ਰਤਿਬਿੰਬ ਦੀ ਇਕ ਨਿਰੰਤਰ ਚਾਲੂ ਪ੍ਰਕਿਰਿਆ ਹੋਣੀ ਚਾਹੀਦੀ ਹੈ। ਸਿੱਖਿਆ ਦੀਆਂ ਸਾਡੀਆਂ ਕੋਸ਼ਿਸ਼ਾਂ ਔਰਤਾਂ ਵਲੋਂ ਪ੍ਰਾਪਤ ਗਿਆਨ ਅਤੇ ਮੁਹਾਰਤਾਂ ਉਪਰ ਢਾਲੀ ਹੋਣੀ ਚਾਹੀਦੀ ਹੈ। ਅਜਿਹੀਆਂ ਕੋਸ਼ਿਸ਼ਾਂ ਨੂੰ ਔਰਤਾਂ ਨੂੰ ਮਜ਼ਬੂਤ ਬਣਾਉਣਾ ਅਤੇ ਉਨ੍ਹਾਂ ਵਿੱਚੋਂ ਹਰ ਇਕ ਦੇ ਅੰਦਰ ਦੇ ਸਭ ਤੋਂ ਵਧੀਆ ਮਾਦੇ ਨੂੰ ਬਾਹਰ ਲਿਆਉਣਾ ਹੋਣਾ ਚਾਹੀਦਾ ਹੈ।

ਔਰਤਾਂ ਦੀ ਸਿੱਖਿਆ ਦਾ ਤਰੀਕਾ ਸਹਿਭਾਗਤਾ ਵਾਲਾ ਅਤੇ ਗ਼ੈਰ ਸਾਮੰਤੀ ਹੋਣਾ ਚਾਹੀਦਾ ਹੈ। ਔਰਤਾਂ ਨੂੰ ਉਨ੍ਹਾਂ ਲਈ ਆਪਣਾ ਏਜੰਡਾ ਅਤੇ ਪਹਿਲਾਂ, ਉਨ੍ਹਾਂ ਦੀ ਸਿੱਖਿਆ ਦੀ ਚਾਲ ਨਿਰਧਾਰਤ ਕਰਨ ਲਈ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਸਿੱਖਿਆ ਪ੍ਰਣਾਲੀ ਉਨ੍ਹਾਂ ਨੂੰ

*ਬਾਕੀ ਸਫ਼ਾ 15 ਉੱਤੇ*

# ਔਰਤਾਂ ਦਾ ਸਸ਼ਕਤੀਕਰਨ : ਸਰਕਾਰ ਦਾ ਦ੍ਰਿਸ਼ਟੀਕੋਣ

ਲੀਨਾ ਨਾਇਰ

ਲਿੰਗਕ ਬਰਾਬਰੀ ਦਾ ਸਿਧਾਂਤ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ, ਬੁਨਿਆਦੀ ਹੱਕਾਂ, ਬੁਨਿਆਦੀ ਫਰਜ਼ਾਂ ਅਤੇ ਨਿਰਦੇਸ਼ਕ ਸਿਧਾਂਤਾਂ ਵਿੱਚ ਦਰਜ ਹੈ। ਸੰਵਿਧਾਨ ਨਾ ਕੇਵਲ ਔਰਤਾਂ ਨੂੰ ਬਰਾਬਰੀ ਪ੍ਰਦਾਨ ਕਰਦਾ ਹੈ ਸਗੋਂ ਸਰਕਾਰ ਨੂੰ ਔਰਤਾਂ ਦੇ ਹੱਕ ਵਿੱਚ ਇਨ੍ਹਾਂ ਕਦਮਾਂ ਨੂੰ ਅਪਣਾਉਣ ਦੀ ਤਾਕਤ ਵੀ ਪ੍ਰਦਾਨ ਕਰਦਾ ਹੈ। ਬਰਾਬਰੀ ਅਤੇ ਸਮਾਵੇਸ਼ੀ ਵਿਕਾਸ ਦੇ ਸਿਧਾਂਤ ਦੇ ਅਨੁਸਾਰ ਔਰਤਾਂ ਦੇ ਸ਼ਕਤੀਕਰਨ ਅਤੇ ਬੱਚਿਆਂ ਦੇ ਪਾਲਣ ਪੋਸ਼ਣ ਲਈ ਹਰੇਕ ਯਤਨ ਕੀਤਾ ਜਾਂਦਾ ਹੈ ਜੋ ਸਾਡੇ ਦੇਸ਼ ਦੀ ਕੁੱਲ ਵਸੋਂ ਦਾ 70 ਪ੍ਰਤਿਸ਼ਤ ਤੋਂ ਵੱਧ ਹਿੱਸਾ ਬਣਦੇ ਹਨ। ਔਰਤਾਂ ਦੇ ਜੀਵਨ ਉਤੇ ਅਸਰ ਅੰਦਾਜ਼ ਹੋਣ ਵਾਲੇ ਵੱਖ-ਵੱਖ ਕਾਨੂੰਨ ਬਣਾਏ ਤੇ ਸੋਧੇ ਗਏ ਅਤੇ ਯੋਜਨਾਵਾਂ, ਨੀਤੀਆਂ ਅਤੇ ਪ੍ਰੋਗਰਾਮ ਬਣਾਏ ਗਏ ਤਾਂ ਕਿ ਸਾਰਥਕ ਨਤੀਜੇ ਪ੍ਰਾਪਤ ਹੋ ਸਕਨ।

**ਕਿਉਂਕਿ ਔਰਤਾਂ ਦਾ ਸ਼ਕਤੀਕਰਨ ਇਕ ਜਟਿਲ ਮੁੱਦਾ ਹੈ ਜਿਸ ਦੇ ਅਸੰਖ ਸੂਚਕ ਹਨ, ਹਥਲਾ ਪਰਚਾ ਸਰਕਾਰ ਦੇ ਉਨ੍ਹਾਂ ਮੁੱਖ ਦਖਲਾਂ ਉਤੇ ਧਿਆਨ ਕੇਂਦਰਿਤ ਕਰਦਾ ਹੈ ਜੋ ਔਰਤਾਂ ਦੇ ਸ਼ਕਤੀਕਰਨ ਅਤੇ ਸਮਾਜਕ ਬਦਲਾਅ ਦੇ ਮੰਤਵ ਨਾਲ ਅਮਲ ਵਿੱਚ ਲਿਆਂਦੇ ਗਏ ਸਨ। ਸਹਾਈ ਪ੍ਰਕਿਰਿਆ ਵਜੋਂ ਸ਼ਕਤੀਕਰਨ ਤਾਂ ਹੀ ਹਾਸਲ ਹੋ ਸਕੇਗਾ ਜਦੋਂ ਔਰਤਾਂ ਦੀ ਸਿਹਤ, ਸਿੱਖਿਆ, ਸੁਰੱਖਿਆ ਅਤੇ ਵਿੱਤੀ ਸੁਰੱਖਿਆ ਹਾਸਲ ਕਰਨ ਵਿੱਚ ਸੁਧਾਰ ਆਵੇਗਾ।**

## ਸਿਹਤ

ਭਾਰਤ ਦੀ ਵੱਡੀ ਗਿਣਤੀ ਜਨਸੰਖਿਆ ਨੂੰ ਵਧੀਆ ਤੇ ਵਾਜਬ ਦਰਾਂ ਉਤੇ ਸਿਹਤ ਸੰਭਾਲ ਪ੍ਰਦਾਨ ਕਰਨਾ, ਖ਼ਾਸ ਕਰਕੇ ਗਰੀਬਾਂ ਤੇ ਵੰਚਿਤ ਵਰਗ ਵਾਸਤੇ, ਭਾਰਤ ਸਰਕਾਰ ਲਈ ਬਹੁਤ ਵੱਡਾ ਕੰਮ ਹੈ। 2005 ਤੋਂ ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ (ਐੱਨ ਆਰ ਐੱਚ ਐੱਮ), ਹੁਣ ਜਿਸ ਦਾ ਨਾਮ ਬਦਲ ਕੇ ਰਾਸ਼ਟਰੀ ਸਿਹਤ ਮਿਸ਼ਨ ਕਰ ਦਿੱਤਾ ਗਿਆ ਹੈ, ਦੁਆਰਾ ਬੇਹਤਰ ਬੁਨਿਆਦੀ ਢਾਂਚਾ, ਦਵਾਈਆਂ, ਸਾਜ਼ ਸਮਾਨ, ਵੱਖ-ਵੱਖ ਪੱਧਰਾਂ ਤੇ ਸਿਹਤ ਸਹੂਲਤਾਂ ਵਿੱਚ ਮਨੁੱਖੀ ਸਰੋਤਾਂ ਦੀ ਉਪਲਬਧਤਾ ਹੋਣ ਨਾਲ ਦਿਹਾਤੀ ਖੇਤਰਾਂ ਵਿੱਚ ਕਾਫੀ ਸੁਧਾਰ ਆਇਆ ਹੈ।

ਜਿਉਂਦੇ ਰਹਿਣ ਦੇ ਸੂਚਕਾਂ ਦੇ ਸੁਧਾਰ ਲਈ ਸਿਹਤ ਪਹਿਲੀ ਜ਼ਰੂਰਤ ਹੋਣ ਕਰਕੇ ਤਰਜੀਹ ਸਿਹਤ ਸੇਵਾਵਾਂ ਤੱਕ ਪਹੁੰਚ ਵਧਾਉਣ ਉਤੇ ਦਿੱਤੀ ਜਾ ਰਹੀ ਹੈ। ਮਾਤਾਵਾਂ ਦਾ ਕੁਪੋਸ਼ਣ ਭਾਰਤ ਵਿੱਚ ਇਕ ਵੱਡੀ ਚੁਨੌਤੀ ਹੈ ਜਿਥੇ ਇਕ ਤਿਹਾਈ (35.6 ਪ੍ਰਤਿਸ਼ਤ) ਤੋਂ ਜ਼ਿਆਦਾ ਮਾਤਾਵਾਂ ਦਾ ਭਾਰ ਘੱਟ ਜਾਂ ਵੱਧ ਹੋਣ ਦਾ ਸੂਚਕ (ਬਾਡੀ ਮਾਸ ਇੰਡੈਕਸ) ਘੱਟ ਹੈ। ਇਸੇ ਪ੍ਰਕਾਰ ਭਾਰਤ ਦੀਆਂ ਜ਼ਿਆਦਾਤਰ ਔਰਤਾਂ 'ਤੇ ਕੁਪੋਸ਼ਣ ਬੁਰਾ ਪ੍ਰਭਾਵ ਪਾ ਰਿਹਾ ਹੈ ਜਿਸ ਦੇ ਨਤੀਜੇ ਵਜੋਂ ਹਰ ਤੀਸਰੀ ਔਰਤ ਕੁਪੋਸ਼ਣ ਦੀ ਸ਼ਿਕਾਰ ਹੈ ਅਤੇ ਹਰ ਦੂਜੀ ਔਰਤ ਵਿੱਚ ਖ਼ੂਨ ਦੀ ਘਾਟ ਹੈ। ਮਾਤਾਵਾਂ ਅਤੇ ਬੱਚਿਆਂ ਵਿੱਚ ਕੋਪੁਸ਼ਣ ਦੇ ਮੁੱਦੇ ਦੇ ਹੱਲ ਲਈ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ (ਆਈ ਸੀ ਡੀ ਐੱਸ) ਸਕੀਮ ਨੂੰ ਸਭ ਥਾਵਾਂ ਉਤੇ ਲਾਗੂ ਕਰਕੇ ਇਸ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਬਚਪਨ ਦੀ ਸਾਂਭ-ਸੰਭਾਲ ਅਤੇ ਵਿਕਾਸ ਲਈ ਦੁਨੀਆਂ ਦੀ ਸਭ ਤੋਂ ਵੱਡੀ ਅਤੇ ਵਿਲੱਖਣ ਸਕੀਮ ਆਈ ਸੀ ਡੀ ਐੱਸ ਅਧੀਨ ਦੇਸ਼ ਦੇ ਸਾਰੇ ਜ਼ਿਲ੍ਹੇ ਅਤੇ ਬਲਾਕ ਆਉਂਦੇ ਹਨ। ਇਸ ਨੂੰ 14 ਲੱਖ ਆਂਗਨਵਾੜੀ ਕੇਂਦਰਾਂ ਰਾਹੀਂ ਲਾਗੂ ਕੀਤਾ ਜਾਂਦਾ ਹੈ ਅਤੇ ਇਹ 1.9 ਕਰੋੜ ਗਰਭਵਤੀ ਅਤੇ ਬੱਚੇ ਨੂੰ ਜਨਮ ਦੇ ਚੁੱਕੀਆਂ ਔਰਤਾਂ ਅਤੇ ਛੇ ਸਾਲ ਤੋਂ ਘੱਟ ਉਮਰ ਦੇ 8.4 ਕਰੋੜ ਬੱਚਿਆਂ ਦੀਆਂ ਪੋਸ਼ਣ ਸੰਬੰਧੀ ਭਾਰਤ ਦੀ ਪ੍ਰਤਿਬਧਤਾ ਦੀ ਲਖਾਇਕ ਹੈ। ਪੇਂਡੂ ਖੇਤਰਾਂ ਵਿੱਚ ਪਿੰਡ ਸਿਹਤ ਅਤੇ ਪੋਸ਼ਣ ਦਿਵਸ ਮਾਤਾਵਾਂ ਅਤੇ ਬੱਚਿਆਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਰਗਰਮੀ ਨਾਲ ਆਯੋਜਿਤ ਕੀਤੇ ਜਾਂਦੇ ਹਨ। ਮਾਤਾਵਾਂ ਦੀ ਮੌਤ ਦਰ (ਐੱਮ ਐੱਮ ਆਰ) ਘੱਟ ਕਰਨ ਦੀ ਸਰਗਰਮੀ ਨੂੰ ਗਤੀ ਦੇਣ ਲਈ ਸਰਕਾਰ ਵਲੋਂ ਅਨੇਕ ਦਖਲ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕੁੱਝ ਪ੍ਰਮੁੱਖ ਕਦਮ ਹਨ ਜਨਨੀ ਸੁਰੱਖਿਆ ਯੋਜਨਾ ਰਾਹੀਂ ਸੰਸਥਾਗਤ ਸੇਵਾਵਾਂ ਦੇਣ ਨੂੰ ਉੱਤਸ਼ਾਹਿਤ ਕਰਨਾ, ਬਿਲਕੁਲ ਮੁਫਤ ਅਤੇ ਬਿਨਾਂ ਕਿਸੇ ਖਰਚ ਦੇ ਜਣੇਪਾ ਜਿਸ ਵਿੱਚ ਜਨਤਕ ਸਿਹਤ ਕੇਂਦਰਾਂ ਵਿੱਚ ਸਾਰੀਆਂ ਗਰਭਵਤੀ ਔਰਤਾਂ ਵਲੋਂ ਵੱਡੇ ਆਪਰੇਸ਼ਨ ਰਾਹੀ ਬੱਚੇ ਨੂੰ ਜਨਮ ਦੇਣ ਦਾ ਖਰਚ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਮਾਤਾਵਾਂ ਤੇ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਨਿਗਰਾਨੀ ਲਈ ਸੁਰੱਖਿਆ ਕਾਰਡ, ਜਨਮ ਤੋਂ ਪੂਰਵ, ਗਰਭ ਦੇ ਸਮੇਂ ਅਤੇ ਜਨਮ ਤੋਂ ਬਾਅਦ ਮਾਂ ਤੇ ਬੱਚੇ ਨੂੰ ਨਿਗ੍ਹਾ ਹੇਠ ਰੱਖਣ ਦੀ ਪ੍ਰਨਾਲੀ, ਟੀਕਾਕਰਨ ਸੇਵਾਵਾਂ ਅਤੇ ਮਾਤਰੀ ਮੌਤ ਸਮੀਖਿਆ (ਐੱਮ ਡੀ ਆਰ) ਜਿਹੇ ਕਦਮ ਵੀ ਇਸ ਸਕੀਮ ਵਿੱਚ ਸ਼ਾਮਲ ਹਨ ਤਾਂ ਜੋ ਢੁੱਕਵੇਂ ਪੱਧਰਾਂ ਉਤੇ ਸੁਧਾਰ ਦੇ ਕਦਮ ਚੁੱਕ ਕੇ ਪ੍ਰਸੂਤੀ ਸਾਂਭ ਸੰਭਾਲ ਦੀ ਗੁਣਵੱਤਾ ਵਿੱਚ ਸੁਧਾਰ ਲਿਆਂਦਾ ਜਾ ਸਕੇ। ਇਨ੍ਹਾਂ ਸਾਰੇ ਕਦਮਾਂ ਉਤੇ ਅਮਲ ਕਰਨ ਨਾਲ ਪ੍ਰਸ਼ੰਸਾਯੋਗ ਤਰੱਕੀ ਹੋਈ ਹੈ ਅਤੇ 2007-09 ਅਤੇ 2010-12 ਦੌਰਾਨ ਪ੍ਰਤਿ 100,000 ਜਨਮ ਮਾਤਰੀ ਮੌਤ ਦਰ 212 ਤੋਂ

ਘਟ ਕੇ 178 ਹੋ ਗਈ ਹੈ। ਇਹ ਅੰਕੜੇ ਰਜਿਸਟਰਾਰ ਜਨਰਲ ਆਫ ਇੰਡੀਆ, ਸੈਂਪਲ ਪੰਜੀਕਰਨ ਪ੍ਰਣਾਲੀ (ਆਰ ਜੀ ਆਈ - ਐੱਸ ਆਰ ਐੱਸ) ਦੀ ਹਾਲੀਆ ਰਿਪੋਰਟ ਉਤੇ ਅਧਾਰਿਤ ਹਨ। 13 ਰਾਜਾਂ ਲਈ ਐੱਨ ਐੱਫ ਐੱਚ ਐੱਸ-4 (2015-16) ਦੇ ਤਾਜ਼ਾ ਜਾਰੀ ਕੀਤੇ ਅੰਕੜਿਆਂ ਮੁਤਾਬਕ ਗਰਭ ਅਤੇ ਬੱਚੇ ਦੇ ਜਨਮ ਸਮੇਂ ਔਰਤਾਂ ਨੂੰ ਬੇਹਤਰ ਸਿਹਤ ਸੰਭਾਲ ਸਹੂਲਤਾਂ ਪ੍ਰਦਾਨ ਕਰਨ ਨਾਲ ਮਾਤਾਵਾਂ ਦੀ ਮੌਤ ਦਰ ਵਿੱਚ ਕਮੀ ਆਈ ਹੈ ਅਤੇ ਭਾਰਤ ਅੰਦਰ ਬੱਚਿਆਂ ਦੇ ਜਿਉਂਦੇ ਰਹਿਣ ਦੀ ਦਰ ਵਿੱਚ ਵੀ ਸੁਧਾਰ ਆਇਆ ਹੈ। ਹੁਣ ਜ਼ਿਆਦਾ ਔਰਤਾਂ ਸਿਹਤ ਕੇਂਦਰਾਂ ਵਿੱਚ ਬੱਚਿਆਂ ਨੂੰ ਜਨਮ ਦੇ ਰਹੀਆਂ ਹਨ ਅਤੇ ਪਿਛਲੇ ਦਹਾਕੇ ਦੌਰਾਨ ਕੁੱਝ ਰਾਜਾਂ ਵਿੱਚ ਇਹ ਦਰ ਦੁੱਗਣੇ ਤੋਂ ਵੀ ਜ਼ਿਆਦਾ ਹੋ ਗਈ ਹੈ। ਰਾਸ਼ਟਰੀ ਸਿਹਤ ਨੀਤੀ 2015 ਦੇ ਖਰੜੇ ਵਿੱਚ ਵੀ ਔਰਤਾਂ ਦੀਆਂ ਪ੍ਰਜਣਨ ਅਤੇ ਬੱਚੇ ਦੀ ਸਿਹਤ ਸੰਬੰਧੀ ਲੋੜਾਂ ਦੇ ਮੁੱਦੇ ਉਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਇਸ ਵਿੱਚ ਪੁਰਸ਼ਾਂ ਦੀ ਨਸਬੰਦੀ ਅਤੇ ਗਰਭ ਨਿਰੋਧਕਾਂ ਦੇ ਟੀਚੇ ਵਿੱਚ ਵਾਧਾ ਕਰਨ ਦਾ ਵੀ ਜ਼ਿਕਰ ਕੀਤਾ ਗਿਆ ਹੈ।

## ਸਿੱਖਿਆ

ਸਿੱਖਿਆ ਔਰਤ ਦੇ ਰੁਤਬੇ ਦਾ ਸਭ ਤੋਂ ਅਹਿਮ ਪੱਖ ਹੈ ਅਤੇ ਸਿੱਖਿਆ ਦੇ ਫਾਇਦਿਆਂ ਉਤੇ ਜਿੰਨਾ ਜ਼ਿਆਦਾ ਜ਼ੋਰ ਦਿੱਤਾ ਜਾਵੇ, ਉਨਾ ਹੀ ਘੱਟ ਹੈ। ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਅਤੇ ਢੁੱਕਵਾਂ ਹੁਨਰ ਵਿਕਸਤ ਕਰਨ ਲਈ ਸਰਕਾਰ ਵਲੋਂ ਐਲੀਮੈਂਟਰੀ ਤੇ ਸੈਕੰਡਰੀ ਸਿੱਖਿਆ, ਉੱਚ ਤੇ ਤਕਨੀਕੀ ਸਿੱਖਿਆ ਦੇ ਖੇਤਰਾਂ ਵਿੱਚ ਬਹੁਤ ਸਾਰੀਆਂ ਸਕੀਮਾਂ ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਹਨ। ਸਿੱਖਿਆ ਦਾ ਅਧਿਕਾਰ ਐਕਟ, 2009 ਸਾਰੇ ਬੱਚਿਆਂ ਲਈ ਮੁੱਢਲੀ ਸਿੱਖਿਆ ਮੁਫਤ ਤੇ ਜ਼ਰੂਰੀ ਕਰਨ ਦੇ ਅਧਿਕਾਰ ਦੇ ਤੌਰ ਤੇ ਇਕ ਮੋਹਰੀ ਪ੍ਰੋਗਰਾਮ ਵਜੋਂ ਲਾਗੂ ਕੀਤਾ ਗਿਆ ਸੀ। ਸਰਵ ਸਿੱਖਿਆ ਅਭਿਆਨ (ਐੱਸ ਐੱਸ ਏ) ਪ੍ਰਾਇਮਰੀ ਅਤੇ ਇਸ ਤੋਂ ਉਪਰਲੇ ਪੱਧਰਾਂ ਉਤੇ ਸਿੱਖਿਆ ਤੱਕ ਇਕਸਮਾਨ ਪਹੁੰਚ ਬਣਾਉਣ ਲਈ ਜਾਰੀ ਕੀਤਾ ਗਿਆ ਸੀ। ਸਿੱਟੇ ਵਜੋਂ ਦੇਸ਼ ਦੇ ਦਿਹਾਤੀ ਤੇ ਸ਼ਹਿਰੀ ਖੇਤਰਾਂ ਅੰਦਰ ਸਕੂਲਾਂ ਵਿੱਚ ਲੜਕੀਆਂ ਦੇ ਦਾਖਲੇ ਦੀ ਦਰ ਵਿੱਚ ਪਿਛਲੇ ਸਾਲਾਂ ਦੌਰਾਨ ਨਿਰੰਤਰ ਵਾਧਾ ਦਰਜ ਕੀਤਾ ਗਿਆ ਹੈ ਅਤੇ ਸਕੂਲ ਛੱਡਣ ਵਾਲਿਆਂ ਦੀ ਦਰ ਵਿੱਚ ਵੀ ਕਮੀ ਆਈ ਹੈ। ਰਾਸ਼ਟਰੀ ਪੱਧਰ ਉਤੇ ਪ੍ਰਾਇਮਰੀ ਪੱਧਰ ਉਤੇ ਲਿੰਗਕ ਬਰਾਬਰੀ ਸੂਚੀ 1.0 ਹੈ ਅਤੇ ਡੀ ਆਈ ਐੱਸ ਈ 2012-13 ਦੇ ਅੰਕੜਿਆਂ ਮੁਤਾਬਕ ਪ੍ਰਾਇਮਰੀ ਤੋਂ ਉਤੇ ਪੱਧਰ ਉਤੇ ਇਹ ਸੂਚੀ 0.95 ਹੈ। ਭਾਵੇਂ ਕਿ ਸਰਵ ਸਿੱਖਿਆ ਅਭਿਆਨ ਨੇ ਪ੍ਰਾਇਮਰੀ ਸਿੱਖਿਆ ਦੇ ਇਕ ਸਮਾਨ ਪਸਾਰ ਵਿੱਚ ਕਾਫੀ ਮਦਦ ਕੀਤੀ ਹੈ ਪਰ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਹਾਲੇ ਹੋਰ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ।

**ਰਾਸ਼ਟਰੀ ਪੱਧਰ ਉਤੇ ਸਰਵ ਸਿੱਖਿਆ ਅਭਿਆਨ ਦਾ ਇਕ ਸਹਾਇਕ ਪ੍ਰੋਗਰਾਮ - *ਪੜ੍ਹੇ ਭਾਰਤ ਬੜ੍ਹੇ ਭਾਰਤ* ਇਹ ਯਕੀਨੀ ਬਣਾਉਣ ਲਈ ਅਰੰਭਿਆ ਗਿਆ ਹੈ ਕਿ ਪਹਿਲੀ ਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਦਾ ਪੜ੍ਹਨ, ਲਿਖਣ, ਭਾਸ਼ਾ ਦੀ ਸਮਝ ਅਤੇ ਗਣਿਤ ਨੂੰ ਸਿੱਖਣ ਦੀ ਮੁਹਾਰਤ ਵਿਸ਼ਵ ਪੱਧਰ ਦੀ ਹੋਵੇ। ਇਸ ਮੁਹਿੰਮ ਦਾ ਨਿਸ਼ਾਨਾ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਸਕੂਲ 200 ਕੰਮ ਕਾਜੀ ਦਿਨ ਅਧਿਆਪਨ - ਸਿੱਖਣ ਲਈ ਦੇਵੇ ਜਿਸ ਵਿੱਚ 800 ਆਦੇਸ਼ਾਤਮਕ ਘੰਟੇ ਹੋਣ। ਵਿਦਿਆਂਜਲੀ (ਸਕੂਲ ਵਾਲੰਟੀਅਰ ਪ੍ਰੋਗਰਾਮ) ਸਰਵ ਸਿੱਖਿਆ ਅਭਿਆਨ ਤਹਿਤ ਇਕ ਹੋਰ ਪਹਿਲਕਦਮੀ ਹੈ ਜਿਸ ਵਿੱਚ ਦੇਸ਼ ਭਰ ਵਿੱਚ ਸਰਕਾਰ ਵਲੋਂ ਚਲਾਏ ਜਾ ਰਹੇ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਸਮਾਜ ਅਤੇ ਨਿੱਜੀ ਖੇਤਰ ਦੀ ਸ਼ਮੂਲੀਅਤ ਨੂੰ ਵਧਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਹ ਪ੍ਰੋਗਰਾਮ ਲੋੜ ਵਾਲੇ ਸਕੂਲਾਂ ਵਿੱਚ ਇਛੁੱਕ ਲੋਕਾਂ ਨੂੰ ਵਾਲੰਟੀਅਰ ਵਜੋਂ ਇਕੱਠੇ ਕਰਨ ਲਈ ਚਿਤਵਿਆ ਗਿਆ ਹੈ।**

ਸਰਵ ਸਿੱਖਿਆ ਅਭਿਆਨ ਤੋਂ ਹੋਣ ਵਾਲੀਆਂ ਘਟਨਾਵਾਂ ਦੇ ਸਿੱਟੇ ਵਜੋਂ ਦੇਸ਼ ਅੰਦਰ ਸੈਕੰਡਰੀ ਸਿੱਖਿਆ ਦੀ ਮੰਗ ਲਗਾਤਾਰ ਵਧੀ ਹੈ। 14-18 ਸਾਲ ਉਮਰ ਵਰਗ ਦੇ ਸਾਰੇ ਬੱਚਿਆਂ ਲਈ ਸੈਕੰਡਰੀ ਸਿੱਖਿਆ ਤੱਕ ਪਹੁੰਚ ਯਕੀਨੀ ਬਣਾਉਣ ਲਈ ਅਤੇ ਗੁਣਵੱਤਾ ਵਿੱਚ ਵਾਧਾ ਕਰਨ ਲਈ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਰ ਐੱਮ ਐੱਸ ਏ) 2009 ਤੋਂ ਲਾਗੂ ਕੀਤਾ ਜਾ ਰਿਹਾ ਹੈ। ਇਨ੍ਹਾਂ ਯਤਨਾਂ ਨੂੰ 2001-2011 ਕਾਲ ਖੰਡ ਦੌਰਾਨ ਔਰਤਾਂ ਦੀ ਸਾਖਰਤਾ ਦਰ 65.38 ਤੋਂ ਵਧ ਕੇ 74.04 ਹੋਣ ਦੇ ਰੂਪ ਵਿੱਚ ਬੂਰ ਪੈਂਦਾ ਨਜ਼ਰ ਆ ਰਿਹਾ ਹੈ। ਸੀ ਬੀ ਐੱਸ ਈ ਵਲੋਂ ਵਿਦਿਆਰਥਣਾਂ ਲਈ ਉਡਾਨ ਨਾਮ ਦੀ ਇਕ ਨਵੀਂ ਸਕੀਮ ਵੀ ਸ਼ੁਰੂ ਕੀਤੀ ਗਈ ਹੈ। ਇਹ ਨਿਗਰਾਨੀ ਅਤੇ ਵਜ਼ੀਫੇ ਵਾਲੀ ਸਕੀਮ ਹੈ ਜਿਸ ਦਾ ਨਿਸ਼ਾਨਾ ਇੰਜੀਨੀਅਰਿੰਗ ਕਾਲਜਾਂ ਵਿੱਚ ਲੜਕੀਆਂ ਦੀ ਨਿਮਨ ਦਾਖਲਾ ਦਰ ਦਾ ਹੱਲ ਕਰਨਾ ਅਤੇ ਸੀਨੀਅਰ ਸੈਕੰਡਰੀ ਸਕੂਲ ਪੱਧਰ ਉਤੇ ਸਭ ਨੂੰ ਮੁਫਤ ਆਨਲਾਈਨ ਸਰੋਤ ਮੁਹੱਈਆ ਕਰਵਾ ਕੇ ਗਣਿਤ ਤੇ ਵਿਗਿਆਨ ਦੇ ਅਧਿਆਪਨ ਤੇ ਸਿਖਲਾਈ ਨੂੰ ਹੋਰ ਸਮਰਿਧ ਬਣਾਉਣਾ ਹੈ।

ਬੇਸ਼ੱਕ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ (ਆਰ ਯੂ ਐੱਸ ਏ) ਉਚੇਰੀ ਸਿੱਖਿਆ ਦੇ ਸਮੂਹਿਕ ਵਿਕਾਸ ਲਈ ਲਾਗੂ ਕੀਤਾ ਜਾ ਰਿਹਾ ਹੈ, ਸਰਕਾਰ ਨੇ ਪ੍ਰਧਾਨ ਮੰਤਰੀ ਵਿੱਦਿਆ ਲਕਸ਼ਮੀ ਕਾਰਯਕ੍ਰਮ ਅਧੀਨ ਵਿੱਦਿਆਲਕਸ਼ਮੀ ਨਾਮਕ ਇਕ ਨਵਾਂ ਵੈੱਬ ਅਧਾਰਤ ਪੋਰਟਲ (www.vidyalakshmi.co.in) ਵੀ ਜਾਰੀ ਕੀਤਾ ਹੈ ਤਾਂ ਕਿ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੇ ਇਛੁੱਕ ਵਿਦਿਆਰਥੀਆਂ ਨੂੰ ਸਿੱਖਿਆ ਕਰਜ਼ ਪ੍ਰਦਾਨ ਕੀਤਾ ਜਾ ਸਕੇ। ਵਿੱਦਿਆ ਲਕਸ਼ਮੀ ਆਪਣੀ ਕਿਸਮ ਦਾ ਪਹਿਲਾ ਪੋਰਟਲ ਹੈ ਜਿਥੇ ਇਕੋ ਖਿੜਕੀ ਤੋਂ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਾਪਤ ਕਰਕੇ ਸਿੱਖਿਆ ਕਰਜ਼ੇ ਲੈਣ ਲਈ ਦਰਖ਼ਾਸਤ ਦੇਣ ਦੀ ਸਹੂਲਤ ਦਿੱਤੀ ਜਾ ਰਹੀ ਹੈ ਜੋ ਬੈਂਕਾਂ ਅਤੇ ਸਰਕਾਰੀ ਵਜ਼ੀਫਿਆਂ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ।

ਭਾਵੇਂ ਕਿ ਵੱਖ-ਵੱਖ ਖੇਤਰਾਂ ਵਿੱਚ ਭਾਰਤੀ ਔਰਤਾਂ ਪ੍ਰਭਾਵਸ਼ਾਲੀ ਅਹੁਦਿਆਂ ਉਤੇ ਕੰਮ ਕਰਕੇ ਉਚੇਰੀ ਸਿੱਖਿਆ ਵਿੱਚ ਨਵੀਆਂ ਉੱਚਾਈਆਂ ਹਾਸਲ ਕਰ ਰਹੀਆਂ ਹਨ, ਪਰ ਲਿੰਗ ਅਧਾਰਤ ਵਿਤਕਰਾ ਹਾਲੇ ਵੀ ਜਾਰੀ ਹੈ। ਨੌਜਵਾਨ ਲੜਕੇ ਲੜਕੀਆਂ ਨੂੰ ਲਿੰਗ ਸੰਵੇਦਨਸ਼ੀਲ ਬਣਾਉਣ ਅਤੇ ਲੜਕੀਆਂ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਵਾਲੇ ਹਾਂ-ਪੱਖੀ

ਸਮਾਜਕ ਨੇਮ ਬਣਾਉਣ ਲਈ ਦੇਸ਼ ਭਰ ਦੇ ਕਾਲਜਾਂ ਵਿੱਚ ਲਿੰਗ ਬਰਾਬਰੀ ਜੇਤੂਆਂ ਨੂੰ ਨਾਲ ਤੋਰਨ ਲਈ ਇੱਕ ਪ੍ਰਾਵਧਾਨ ਕੀਤਾ ਗਿਆ ਹੈ। ਵਿਸ਼ਵ ਵਿਦਿਆਲੇ ਅਨੁਦਾਨ ਆਯੋਗ (ਯੂ ਜੀ ਸੀ) ਵਲੋਂ ਇਸ ਸੰਬੰਧ ਵਿੱਚ ਸਾਰੇ ਵਿਸ਼ਵ ਵਿਦਿਆਲਿਆਂ ਤੇ ਕਾਲਜਾਂ ਦੇ ਉਪ ਕੁਲਪਤੀਆਂ ਲਈ ਨੋਟੀਫਿਕੇਸ਼ਨ ਜਾਰੀ ਕਰਕੇ ਅਮਲ ਵਾਸਤੇ ਦਿਸ਼ਾ ਨਿਰਦੇਸ਼ ਦਿੱਤੇ ਹਨ।

## ਬਚਾਅ ਅਤੇ ਸੁਰੱਖਿਆ

ਲਿੰਗਕ ਬਰਾਬਰੀ ਯਕੀਨੀ ਬਣਾਉਣਾ ਅਤੇ ਔਰਤਾਂ ਨਾਲ ਹੋ ਰਹੇ ਵਿਤਕਰੇ ਅਤੇ ਹਿੰਸਾ ਦਾ ਮੁਕਾਬਲਾ ਕਰਨਾ ਸਾਡੇ ਸਮਾਵੇਸ਼ੀ ਸਮਾਜ ਅਤੇ ਵਿਕਾਸ ਨੂੰ ਸਿਰਜਣ ਦਾ ਇਕ ਅਨਿੱਖੜਵਾਂ ਅੰਗ ਹੈ। ਸਰਕਾਰ ਔਰਤਾਂ ਤੇ ਲੜਕੀਆਂ ਖਿਲਾਫ ਹਰ ਕਿਸਮ ਦੀ ਹਿੰਸਾ ਨੂੰ ਖਤਮ ਕਰਨ ਲਈ ਦ੍ਰਿੜ੍ਹ ਹੈ ਅਤੇ ਇਸ ਵਾਸਤੇ ਕਾਨੂੰਨ ਵੀ ਬਣਾਏ ਗਏ ਹਨ। ਔਰਤ ਪੀੜਤਾਂ ਦੀ ਸਹਾਇਤਾ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਪੁਲਿਸ ਤੇ ਦੂਜੀਆਂ ਏਜੰਸੀਆਂ ਕੋਲ ਹਿੰਸਾ ਪੀੜਤਾਂ ਦੀ ਰਾਖੀ ਲਈ ਢੁਕਵੇਂ ਪ੍ਰਬੰਧ ਹੋਣ, ਇਹ ਸਰਕਾਰ ਦੀ ਪਹੁੰਚ ਦਾ ਕੇਂਦਰ ਬਿੰਦੂ ਹੈ। ਜਬਰਜਨਾਹ ਅਤੇ ਜਿਣਸੀ ਹਿੰਸਾ ਦੇ ਮਾਮਲਿਆਂ ਵਿੱਚ ਸਰਕਾਰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਕਿ ਹਿੰਸਾ ਪੀੜਤ ਔਰਤ ਦੀ ਆਵਾਜ਼ ਸੁਣੀ ਜਾਵੇ ਅਤੇ ਉਨ੍ਹਾਂ ਨੂੰ ਨਿਆਂ ਮਿਲ ਸਕੇ।

ਲਿੰਗ ਅਧਾਰਤ ਹਿੰਸਾ ਦੇ ਹੱਲ, ਔਰਤਾਂ ਦੇ ਕੰਮ ਕਰਨ ਵਾਸਤੇ ਸੁਰੱਖਿਅਤ ਵਾਤਾਵਰਨ ਪ੍ਰਦਾਨ ਕਰਨ ਅਤੇ ਆਪਣੀ ਸਮਰੱਥਾ ਦਾ ਲਾਹਾ ਲੈਣ ਲਈ ਹਾਲ ਹੀ ਵਿੱਚ ਕੁੱਝ ਕਾਨੂੰਨ ਬਣਾਏ ਗਏ ਹਨ ਜਿਵੇਂ ਕਿ ਕ੍ਰਿਮੀਨਲ ਕਾਨੂੰਨ (ਸੋਧ) ਐਕਟ, 2013 ਜੋ ਬਲਾਤਕਾਰ ਵਰਗੇ ਜੁਰਮਾਂ ਲਈ ਹੋਰ ਜ਼ਿਆਦਾ ਸਖਤ ਸਜ਼ਾ ਦੇਣ ਲਈ ਲਾਗੂ ਕੀਤਾ ਗਿਆ ਹੈ ਅਤੇ ਜਿਸ ਨੇ ਜਿਣਸੀ ਹਮਲੇ ਅਤੇ ਪ੍ਰਤਾੜਿਤ ਕਰਨ ਦੀ ਪਰਿਭਾਸ਼ਾ ਨੂੰ ਹੋਰ ਵਿਸ਼ਾਲ ਕਰ ਦਿੱਤਾ ਹੈ। ਨਵੇਂ ਜੁਰਮ ਜਿਵੇਂ ਤੇਜ਼ਾਬੀ ਹਮਲਾ, ਜਿਣਸੀ ਛੇੜਛਾੜ, ਨੰਗੇਜਵਾਦ, ਰਾਹ ਰੋਕਣਾ, ਔਰਤ ਨੂੰ ਵਸਤਰਹੀਣ ਕਰਨ ਆਦਿ ਨੂੰ ਭਾਰਤੀ ਦੰਡਾਵਲੀ (ਆਈ ਪੀ ਸੀ) ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਸ ਐਕਟ ਵਿੱਚ ਜਨਤਕ ਅਧਿਕਾਰੀਆਂ ਦੀ ਵਧੇਰੇ ਜਵਾਬਦੇਹੀ ਲਈ ਵੀ ਪ੍ਰਾਵਧਾਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਵੀ ਸ਼ਾਮਲ ਹਨ ਜੋ ਹਿੰਸਾ ਪੀੜਤ ਔਰਤਾਂ ਨੂੰ ਫੌਰੀ ਰਾਹਤ ਦਿੰਦੇ ਹਨ। ਕੰਮ ਵਾਲੇ ਸਥਾਨ ਉਤੇ ਔਰਤਾਂ ਨਾਲ ਜਿਣਸੀ ਛੇੜਛਾੜ (ਰੋਕਥਾਮ, ਪਾਬੰਦੀ ਅਤੇ ਨਿਵਾਰਨ) ਐਕਟ, 2013 ਦਾ ਨਿਸ਼ਾਨਾ ਔਰਤਾਂ ਦੇ ਕੰਮ ਕਰਨ ਲਈ ਸੁਰੱਖਿਅਤ ਵਾਤਾਵਰਨ ਪ੍ਰਦਾਨ ਕਰਨਾ ਹੈ। ਇਨ੍ਹਾਂ ਕਾਨੂੰਨਾਂ ਨਾਲ ਹੋਰ ਮੌਜੂਦਾ ਕਾਨੂੰਨ ਵੀ ਜੋੜੇ ਗਏ ਹਨ ਜਿਵੇਂ ਕਿ ਔਰਤਾਂ ਦੀ ਘਰੇਲੂ ਹਿੰਸਾ ਤੋਂ ਰੱਖਿਆ ਲਈ ਐਕਟ, 2005; ਹਿੰਸਾ ਅਤੇ ਕਿਸੇ ਵੀ ਪ੍ਰਕਾਰ ਦੀ ਪਰਿਵਾਰਕ ਹਿੰਸਾ ਦੀ ਪੀੜਤ ਔਰਤਾਂ ਦੇ ਹੱਕਾਂ ਦੀ ਰਾਖੀ; ਬਾਲ ਵਿਆਹ ਰੋਕੂ ਐਕਟ, 2006; ਬਾਲ ਵਿਆਹਾਂ ਨੂੰ ਰੋਕਣਾ; ਬੱਚਿਆਂ ਨੂੰ ਜਿਣਸੀ ਹਮਲਿਆਂ ਤੋਂ ਬਚਾਉਣ ਲਈ ਐਕਟ, 2012; ਗਰਭ ਤੋਂ ਪਹਿਲਾਂ ਅਤੇ ਜਨਮ ਤੋਂ ਪੂਰਵ ਲਿੰਗ ਨਿਰਧਾਰਨ ਤਕਨੀਕ ਐਕਟ (ਪੀ ਸੀ ਐਂਡ ਪੀ ਐੱਨ ਡੀ ਟੀ), 1994, ਨਾਬਾਲਗ ਨਿਆਂ (ਬੱਚਿਆਂ ਦੀ ਸੰਭਾਲ ਅਤੇ ਸੁਰੱਖਿਆ) ਐਕਟ, 2015 ਨਾਬਾਲਗ ਬੱਚਿਆਂ ਦੀਆਂ ਵਧਣ ਫੁੱਲਣ ਸੰਬੰਧੀ ਲੋੜਾਂ ਦੀ ਪੂਰਤੀ ਕਰਕੇ ਅਤੇ ਮਿੱਤਰਤਾ ਪੂਰਨ ਰਵੱਈਆ ਅਪਣਾ ਕੇ ਉਨ੍ਹਾਂ ਨੂੰ ਢੁਕਵੀਂ ਸੰਭਾਲ, ਸੁਰੱਖਿਆ ਅਤੇ ਵਿਵਹਾਰ ਪ੍ਰਦਾਨ ਕਰਦਾ ਹੈ। ਮਾਤਰੀ ਲਾਭ (ਸੋਧ) ਬਿੱਲ, 2016 ਰਾਜ ਸਭਾ ਵਲੋਂ ਪਾਸ ਕੀਤਾ ਗਿਆ ਜਿਸ ਤਹਿਤ ਕੰਮ ਕਾਜੀ ਔਰਤਾਂ ਲਈ ਜਣੇਪਾ ਛੁੱਟੀ 12 ਹਫਤਿਆਂ ਤੋਂ ਵਧਾ ਕੇ 26 ਹਫਤਿਆਂ ਦੀ ਕਰ ਦਿੱਤੀ ਗਈ ਜੋ ਭਾਰਤ ਅੰਦਰ ਕਾਮਾ ਸ਼ਕਤੀ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਨਿਸ਼ਚਿਤ ਤੌਰ ਤੇ ਵਧਾਏਗੀ।

ਰੋਕਥਾਮ, ਸੁਰੱਖਿਆ ਅਤੇ ਪੁਨਰਵਾਸ ਜਿਹੇ ਮਹੱਤਵਪੂਰਨ ਖੇਤਰਾਂ ਨਾਲ ਸੰਬੰਧਿਤ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਰਕਾਰ ਵਲੋਂ ਨਿਰਭੈਆ ਫੰਡ ਦੀ ਸਥਾਪਨਾ ਕੀਤੀ ਗਈ ਹੈ ਜਿਸ ਤਹਿਤ ਪ੍ਰੋਗਰਾਮ ਸੰਬੰਧੀ ਪ੍ਰਮੁੱਖ ਦਖਲਾਂ ਨੂੰ ਅੰਜਾਮ ਦਿੱਤਾ ਗਿਆ ਹੈ। ਨਿਰਭੈਆ ਫੰਡ ਅਧੀਨ ਹੁਣ 2000 ਕਰੋੜ ਰੁਪਏ ਲਾਗਤ ਵਾਲੇ 15 ਪ੍ਰਸਤਾਵਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਵਿੱਚ ਹਿੰਸਾ ਪ੍ਰਭਾਵਿਤ ਔਰਤਾਂ ਦੀ ਸਹੂਲਤ/ਡਾਕਟਰੀ ਸਹਾਇਤਾ, ਪੁਲਿਸ ਸਹਾਇਤਾ, ਕਾਨੂੰਨੀ ਸਲਾਹ/ਅਦਾਲਤੀ ਮਾਮਲਿਆਂ ਦਾ ਪ੍ਰਬੰਧਨ, ਮਾਨਸਿਕ-ਸਮਾਜਕ ਸਲਾਹ ਅਤੇ ਆਰਜ਼ੀ ਆਸਰਾ ਦੇਣ ਲਈ ਇਕ ਛੱਤ ਹੇਠ ਮੌਜੂਦ ਕੇਂਦਰ, ਹੰਗਾਮੀ ਅਤੇ ਗ਼ੈਰ-ਹੰਗਾਮੀ ਹੁੰਗਾਰੇ ਲਈ 24 ਘੰਟੇ ਚੱਲਣ ਵਾਲੀ ਔਰਤਾਂ ਦੀ ਹੈਲਪਲਾਈਨ, ਔਰਤਾਂ ਖਿਲਾਫ ਅਪਰਾਧਾਂ ਲਈ ਜਾਂਚ ਕਰਨ ਵਾਲੀਆਂ ਇਕਾਈਆਂ (ਆਈ ਯੂ ਸੀ ਏ ਡਬਲਯੂ) ਦੇਸ਼ ਦੇ ਸਾਰੇ ਪੁਲਿਸ ਥਾਣਿਆਂ, ਰੇਲ ਗੱਡੀਆਂ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਮਜਬੂਤ ਕਰਨ ਲਈ ਸੀ ਸੀ ਟੀ ਵੀ ਕੈਮਰੇ ਲਾਉਣੇ, ਰਾਸ਼ਟਰੀ ਆਪਾਤਕਾਲੀਨ ਹੁੰਗਾਰਾ ਪ੍ਰਣਾਲੀ, ਪੀੜਤਾਂ ਨੂੰ ਮੁਆਵਜਾ ਦੇਣ ਲਈ ਕੇਂਦਰੀ ਫੰਡ (ਸੀ ਵੀ ਸੀ ਐੱਫ), ਔਰਤਾਂ ਤੇ ਬੱਚਿਆਂ ਖਿਲਾਫ ਸਾਈਬਰ ਅਪਰਾਧ ਦੀ ਰੋਕਥਾਮ ਅਤੇ ਹੋਰ ਬਹੁਤ ਸਾਰੇ ਕਦਮ ਸ਼ਾਮਲ ਹਨ।

**ਬਹੁ-ਖੇਤਰੀ ਬੇਟੀ ਬਚਾਉ, ਬੇਟੀ ਪੜ੍ਹਾਉ ਪਹਿਲਕਦਮੀ ਦਾ ਨਿਸ਼ਾਨਾ ਵੀ ਭਾਰਤ ਵਿੱਚ ਕੁੜੀਆਂ ਦਾ ਸੁਨਹਿਰੀ ਭਵਿੱਖ ਅਤੇ ਭਲਾਈ ਯਕੀਨੀ ਬਣਾਉਣਾ ਅਤੇ ਲਗਾਤਾਰ ਡਿਗ ਰਹੇ ਲਿੰਗ ਅਨੁਪਾਤ ਉਤੇ ਕਾਬੂ ਪਾਉਣਾ ਅਤੇ ਜੀਵਨ ਭਰ ਔਰਤਾਂ ਦੇ ਗ਼ੈਰ ਸ਼ਕਤੀਕਰਨ ਨਾਲ ਸੰਬੰਧਿਤ ਮੁੱਦਿਆਂ ਦਾ ਹੱਲ ਕਰਨਾ ਹੈ। *ਬੇਟੀ ਬਚਾਉ, ਬੇਟੀ ਪੜ੍ਹਾਉ* ਪ੍ਰੋਗਰਾਮ ਦੇ ਨਤੀਜੇ ਵਜੋਂ ਕੁੜੀਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਸਥਾਨਕ ਪੱਧਰ ਉਤੇ ਦਰਜ਼ਨਾ ਨਵੀਆਂ ਪਹਿਲਕਦਮੀਆਂ ਹੋ ਰਹੀਆਂ ਹਨ। ਹੌਸਲਾ ਵਧਾਊ ਨਤੀਜਿਆਂ ਅਤੇ ਇਸ ਪ੍ਰੋਗਰਾਮ ਦੀਆਂ ਬਦਲਾਅਕਾਰੀ ਸੰਭਾਵਨਾਵਾਂ ਦੇ ਮੱਦੇਨਜ਼ਰ ਇਸ ਨੂੰ ਸ਼ੁਰੂਆਤੀ 100 ਜ਼ਿਲ੍ਹਿਆਂ ਤੋਂ ਵਧਾ ਕੇ ਘੱਟ ਲਿੰਗ ਅਨੁਪਾਤ ਵਾਲੇ 61 ਹੋਰ ਜ਼ਿਲ੍ਹਿਆਂ ਵਿੱਚ ਵੀ ਲਾਗੂ ਕਰ ਦਿੱਤਾ ਗਿਆ ਹੈ।**

ਹਿੰਸਾ ਪ੍ਰਭਾਵਿਤ ਔਰਤਾਂ ਦੀ ਸਹਾਇਤਾ ਅਤੇ ਰਾਹਤ ਲਈ ਦੂਸਰੇ ਪ੍ਰੋਗਰਾਮਾਂ ਵਿੱਚ ਪੀੜਤ ਮੁਆਵਜ਼ਾ ਸਕੀਮ, ਔਖੇ ਹਾਲਾਤ ਅਤੇ ਬਲਾਤਕਾਰ ਪੀੜਤ ਔਰਤਾਂ ਦੀ ਰਾਹਤ ਅਤੇ ਪੁਨਰਵਾਸ ਲਈ ਸਵਾਧਰ ਅਤੇ ਅਲਪਕਾਲੀ ਰਿਹਾਇਸ਼ੀ ਸਕੀਮਾਂ ਆਦਿ ਸ਼ਾਮਲ ਹਨ।

ਪੁਲਿਸ ਫੋਰਸ ਵਿੱਚ ਔਰਤਾਂ ਦੀ ਮੌਜੂਦਗੀ ਵਧਾਉਣ ਲਈ ਕੇਂਦਰ ਸ਼ਾਸਿਤ ਪ੍ਰਦੇਸ਼ ਅਤੇ ਕੁੱਝ ਰਾਜਾਂ ਦੀ ਪੁਲਿਸ ਨਫਰੀ ਵਿੱਚ ਔਰਤਾਂ ਲਈ 33 ਪ੍ਰਤਿਸ਼ਤ ਰਾਖਵੇਂਕਰਨ ਦਾ ਪ੍ਰਬੰਧ ਕੀਤਾ ਗਿਆ ਹੈ। ਸਿਖਲਾਈ ਪ੍ਰੋਗਰਾਮਾਂ, ਕਾਰਗੁਜ਼ਾਰੀ ਦਾ ਜਾਇਜ਼ਾ, ਔਰਤਾਂ ਖਿਲਾਫ ਅਪਰਾਧਾਂ ਦਾ ਮੁਕਾਬਲਾ ਕਰਨ ਲਈ ਔਰਤਾਂ ਵਲੋਂ ਚਲਾਏ ਜਾਂਦੇ ਥਾਣਿਆਂ ਰਾਹੀਂ ਪੁਲਿਸ ਫੋਰਸ ਵਿੱਚ ਲਿੰਗ ਸੰਵੇਦਨਸ਼ੀਲਤਾ ਵਧਾਉਣ ਲਈ ਨਿਰੰਤਰ ਜ਼ੋਰ ਦਿੱਤਾ ਜਾ ਰਿਹਾ ਹੈ। ਇੰਨਾ ਹੀ ਨਹੀਂ, ਲਿੰਗਕ ਹੁੰਗਾਰੇ ਵਾਲੀ ਪੁਲਿਸ ਸੇਵਾ ਲਈ ਅਤੇ ਨੀਤੀਆਂ, ਪ੍ਰੋਟੋਕੋਲ ਅਤੇ ਸੰਚਾਲਨ ਪ੍ਰਕਿਰਿਆਵਾਂ ਵਿੱਚ ਲਿੰਗ ਸੰਬੰਧੀ ਮੁੱਦੇ ਸ਼ਾਮਲ ਕਰਨ ਹਿਤ ਸਮਾਜਕ ਪਹੁੰਚ ਵਿੱਚ ਵਾਧਾ ਕਰਨ ਵਾਸਤੇ ਇਕ ਨਵੀਂ ਸਕੀਮ ਨੂੰ ਮੋਹਰੀ ਅਧਾਰ ਉਤੇ ਸ਼ੁਰੂ ਕੀਤਾ ਗਿਆ ਹੈ। ਮਹਿਲਾ ਪੁਲਿਸ ਵਾਲੰਟੀਅਰਾਂ (ਐੱਮ ਪੀ ਵੀਜ਼) ਦੀ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਭਰਤੀ ਪ੍ਰਕਿਰਿਆ ਉਤੇ ਕੰਮ ਚੱਲ ਰਿਹਾ ਹੈ ਖ਼ਾਸ ਕਰਕੇ ਜ਼ਮੀਨੀ ਪੱਧਰ ਉਤੇ, ਤਾਂ ਕਿ ਔਰਤਾਂ ਅਤੇ ਪੁਲਿਸ ਦਰਮਿਆਨ ਇਕ ਕੜੀ ਸਥਾਪਤ ਕੀਤੀ ਜਾ ਸਕੇ। ਐੱਮ ਪੀ ਵੀਜ਼ ਦਾ ਜਨਾਦੇਸ਼ ਔਰਤਾਂ ਖਿਲਾਫ ਹੋਣ ਵਾਲੀ ਹਿੰਸਾ ਦੇ ਮਾਮਲਿਆਂ ਨੂੰ ਸਾਹਮਣੇ ਲਿਆਉਣਾ ਹੈ ਜਿਸ ਵਿੱਚ ਘਰੇਲੂ ਹਿੰਸਾ, ਬਾਲ ਵਿਆਹ, ਦਾਜ ਖਾਤਰ ਤੰਗ ਕਰਨਾ ਆਦਿ ਸ਼ਾਮਲ ਹੈ ਜੋ ਪੁਲਿਸ ਦੇ ਧਿਆਨ ਵਿੱਚ ਲਿਆਂਦੇ ਜਾਣਗੇ।

## ਵਿੱਤੀ ਸੁਰੱਖਿਆ

ਇਨ੍ਹਾਂ ਸਭ ਚੁਨੌਤੀਆਂ ਦੇ ਬਾਵਜੂਦ ਭਾਰਤ ਦੀਆਂ ਲੱਖਾਂ ਔਰਤਾਂ ਪੁਰਾਣੇ ਬੰਧਨਾਂ ਨੂੰ ਤੋੜ ਕੇ ਆਪਣੀ ਕਿਸਮਤ ਆਪ ਲਿਖ ਰਹੀਆਂ ਹਨ। ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੋਜ਼ਗਾਰ ਜ਼ਾਮਨੀ ਸਕੀਮ, ਰਾਸ਼ਟਰੀ ਦਿਹਾਤੀ ਰੋਜ਼ੀਰੋਟੀ ਮਿਸ਼ਨ (ਐੱਨ ਆਰ ਐੱਲ ਐੱਮ) ਵਰਗੇ ਮੋਹਰੀ ਪ੍ਰੋਗਰਾਮ ਹਜ਼ਾਰਾਂ ਦਿਹਾਤੀ ਔਰਤਾਂ ਨੂੰ ਰੋਜ਼ੀ-ਰੋਟੀ ਦੀ ਸੁਰੱਖਿਆ ਦੇਣ ਦੇ ਨਾਲ-ਨਾਲ ਦਿਹਾਤੀ ਔਰਤਾਂ ਲਈ ਆਰਥਿਕ ਸੁਰੱਖਿਆ, ਸ਼ਕਤੀਕਰਨ ਵੀ ਪ੍ਰਦਾਨ ਕਰ ਰਹੇ ਹਨ ਅਤੇ ਨਾਲ ਹੀ ਨਾਲ ਦਿਹਾਤੀ ਅਸਾਸਿਆਂ ਦਾ ਨਿਰਮਾਣ ਵੀ ਕਰ ਰਹੇ ਹਨ। ਔਰਤਾਂ ਨੂੰ ਆਰਥਿਕਤਾ ਦੀ ਮੁੱਖਧਾਰਾ ਵਿੱਚ ਲਿਆਉਣ ਦੀ ਇਕ ਹੋਰ ਉਦਾਹਰਨ ਰਾਸ਼ਟਰੀ ਮਹਿਲਾ ਕੋਸ਼ (ਆਰ ਐੱਮ ਕੇ) ਹੈ ਜੋ ਵਿਸ਼ੇਸ਼ ਤੌਰ ਤੇ ਗਰੀਬ ਔਰਤਾਂ ਲਈ ਕੰਮ ਕਰ ਰਿਹਾ ਹੈ। ਇਸ ਤਹਿਤ ਗਰੀਬ ਔਰਤਾਂ ਨੂੰ ਸਮੇਂ-ਸਮੇਂ ਪੈਸਾ ਦਿੱਤਾ ਜਾਂਦਾ ਹੈ ਅਤੇ ਬਾਜ਼ਾਰ ਨਾਲ ਸੰਬੰਧ ਬਣਾਉਣ ਵਿੱਚ ਮਦਦ ਕੀਤੀ ਜਾਂਦੀ ਹੈ। ਅਜਿਹੀਆਂ ਉੱਦਮੀ ਔਰਤਾਂ ਤੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਿਤ ਕਰਨ ਲਈ ਆਰ ਐੱਮ ਕੇ ਵਲੋਂ ਸਟਾਰਟ ਅਪ ਪਹਿਲਕਦਮੀ ਤਹਿਤ ਮਹਿਲਾ ਈ-ਹਾਟ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਕਿ ਔਰਤ ਉੱਦਮੀਆਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾ ਸਕਣ। ਡਿਜ਼ੀਟਲ ਇੰਡੀਆ ਪਹਿਲਕਦਮੀ ਅਧੀਨ ਵੈੱਬ ਅਧਾਰਿਤ ਬਾਜ਼ਾਰੀਕਰਨ ਔਰਤਾਂ ਦੀ ਪਹੁੰਚ ਵਿਸ਼ਵ ਬਾਜ਼ਾਰ ਤੱਕ ਕਰਨ ਅਤੇ ਵਪਾਰਕ ਭਾਈਚਾਰੇ ਅਤੇ ਔਰਤ ਉੱਦਮੀਆਂ ਦਰਮਿਆਨ ਸੰਬੰਧ ਵਿਕਸਤ ਕਰਨ ਵਿੱਚ ਮਦਦ ਕਰੇਗਾ। ਵਿੱਤੀ ਸਮਾਵੇਸ਼ ਇਸ ਸਰਕਾਰ ਦੀ ਸਰਵੋਚ ਤਰਜੀਹ ਹੈ। ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨੇ ਲੱਖਾਂ ਔਰਤਾਂ ਨੂੰ ਸਵੈ-ਭਰੋਸਾ ਦਿੱਤਾ ਹੈ, ਉਨ੍ਹਾਂ ਵਲੋਂ ਆਪਣੇ ਪਹਿਲੇ ਬੈਂਕ ਖਾਤੇ ਖੋਲ੍ਹੇ ਗਏ ਹਨ ਅਤੇ ਗਰੀਬੀ ਤੇ ਕਰਜ਼ੇ ਦੇ ਭਿਆਨਕ ਚੱਕਰ ਤੋਂ ਨਿਜਾਤ ਪਾਉਣ ਵੱਲ ਕਦਮ ਪੁੱਟੇ ਗਏ ਹਨ। ਗੇਟਸ ਫਾਊਂਡੇਸ਼ਨ ਵਲੋਂ ਕਰਵਾਏ ਤੀਜੇ ਸਾਲਾਨਾ ਸਰਵੇਖਣ ਦੇ ਮੁਤਾਬਕ ਹੁਣ 47 ਪ੍ਰਤਿਸ਼ਤ ਔਰਤਾਂ ਕੋਲ ਪੀ ਐੱਮ ਜੇ ਡੀ ਵਾਈ ਬੈਂਕ ਖਾਤੇ ਹਨ। ਔਰਤਾਂ ਦੇ ਹੁਨਰ ਅਤੇ ਰੋਜ਼ਗਾਰ ਯੋਗਤਾ ਨੂੰ ਹੋਰ ਉਤਸ਼ਾਹਿਤ ਕਰਨ ਲਈ ਵੱਡੀ ਗਿਣਤੀ ਵਿੱਚ ਔਰਤਾਂ ਨੂੰ ਨੌਕਰੀ ਦੇਣ ਵਾਲੇ ਖੇਤਰਾਂ ਦੀ ਰਾਸ਼ਟਰੀ ਹੁਨਰ ਵਿਕਾਸ ਨੀਤੀ ਅਧੀਨ ਪਛਾਣ ਕੀਤੀ ਗਈ ਹੈ। ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀ ਐੱਮ ਕੇ ਵੀ ਵਾਈ) ਉਨ੍ਹਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਲਈ ਸਨਮਾਨ ਜਨਕ ਰੋਜ਼ਗਾਰ ਦਿਵਾਉਣ ਖਾਤਰ ਆਰੰਭ ਕੀਤੀ ਗਈ ਹੈ। ਬਾਲੜੀਆਂ ਦਾ ਵਿੱਤੀ ਭਵਿੱਖ ਸੁਰੱਖਿਅਤ ਕਰਨ ਦੇ ਮਿਸ਼ਨ ਤਹਿਤ ਸੁਕੰਨਿਆ ਸਮਰਿਧੀ ਯੋਜਨਾ ਨਾਮ ਦੀ ਲਘੂ ਬਚਤ ਯੋਜਨਾ ਬੇਟੀ ਬਚਾਉ ਬੇਟੀ ਪੜ੍ਹਾਉ ਪਹਿਲਕਦਮੀ ਤਹਿਤ ਸ਼ੁਰੂ ਕੀਤੀ ਗਈ ਹੈ। ਦੇਸ਼ ਭਰ ਵਿੱਚ ਐੱਸ ਐੱਸ ਵਾਈ ਯੋਜਨਾ ਤਹਿਤ ਜੂਨ 2016 ਤੱਕ 87 ਲੱਖ ਅਕਾਊਂਟ ਖੋਲ੍ਹੇ ਜਾ ਚੁੱਕੇ ਹਨ।

## ਨਿਚੋੜ

ਵਿਸ਼ਾਲ, ਮਿਲੇ ਜੁਲੇ ਲੋਕਤੰਤਰ ਵਿੱਚ ਬੇਸ਼ੱਕ ਇਹ ਮਹੱਤਵਪੂਰਨ ਅਗਾਂਹਵਧੂ ਕਦਮ ਹਨ। ਪਰ, ਪਿਤਰੀ ਸੋਚ ਜੋ ਪੋਸ਼ਣ, ਸਿੱਖਿਆ ਅਤੇ ਰੋਜ਼ਗਾਰ ਦੇ ਖੇਤਰਾਂ ਵਿੱਚ ਔਰਤਾਂ ਨੂੰ ਬਰਾਬਰੀ ਦੇ ਮੌਕੇ ਦੇਣ ਤੋਂ ਇਨਕਾਰੀ ਹੈ ਅਤੇ ਔਰਤਾਂ ਖਿਲਾਫ ਹਿੰਸਾ ਦਾ ਕਾਰਨ ਬਣਦੀ ਹੈ, ਹਾਲੇ ਵੀ ਇਕ ਚੁਨੌਤੀ ਬਣੀ ਹੋਈ ਹੈ। ਕੋਸ਼ਿਸ਼ ਪਹਿਲਾਂ ਆਰੰਭ ਕੀਤੀਆਂ ਪ੍ਰਕਿਰਿਆਵਾਂ ਨੂੰ ਮਜਬੂਤੀ ਪ੍ਰਦਾਨ ਕਰਨ ਦੀ ਹੋਣੀ ਚਾਹੀਦੀ ਹੈ। ਔਰਤਾਂ ਦੇ ਸ਼ਕਤੀਕਰਨ ਦੀ ਰਣਨੀਤੀ ਇਕ ਚੱਲ ਰਹੀ ਪ੍ਰਕਿਰਿਆ ਹੈ ਜਿਸ ਦਾ ਪ੍ਰਸਤਾਵ ਔਰਤਾਂ ਲਈ ਰਾਸ਼ਟਰੀ ਨੀਤੀ ਵਿੱਚ ਕੀਤਾ ਗਿਆ ਹੈ। ਨੀਤੀ ਦੇ ਖਰੜੇ ਵਿੱਚ ਸੱਤ ਤਰਜੀਹੀ ਖੇਤਰ – ਸਿਹਤ, ਸਿੱਖਿਆ, ਆਰਥਿਕਤਾ, ਸ਼ਾਸਨ ਅਤੇ ਫੈਸਲਾ ਲੈਣਾ, ਔਰਤਾਂ ਖਿਲਾਫ ਹਿੰਸਾ, ਮਕਾਨ ਅਤੇ ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਸਹਾਇਕ ਵਾਤਾਵਰਨ, ਮਾਸ ਮੀਡੀਆ ਅਤੇ ਖੇਡਾਂ, ਸਮਾਜਕ ਸੁਰੱਖਿਆ ਅਤੇ ਸਹਾਇਕ ਸੇਵਾਵਾਂ ਆਦਿ ਅਤੇ ਵਾਤਾਵਰਨ ਤੇ ਮੌਸਮ ਬਦਲਾਅ ਦੀ ਰੂਪ ਰੇਖਾ ਤਿਆਰ ਕੀਤੀ ਗਈ ਹੈ। ਸਰਕਾਰ ਉੱਭਰ ਰਹੇ ਮੁੱਦਿਆਂ ਨੂੰ ਸਵੀਕਾਰ ਕਰਦੀ ਹੈ ਜਿਵੇਂ ਕਿ ਸਾਈਬਰ ਸਥਾਨਾਂ ਨੂੰ ਔਰਤਾਂ ਲਈ ਸੁਰੱਖਿਅਤ ਬਣਾਉਣਾ, ਅਵੇਤਨਕ ਸਾਂਭ ਸੰਭਾਲ ਦੇ ਕੰਮ ਨੂੰ ਘੱਟ ਕਰਨ ਲਈ ਲਿੰਗਕ ਭੂਮਿਕਾ ਦੀ ਪੁਨਰਵੰਡ, ਸੰਵਿਧਾਨਕ ਪ੍ਰਾਵਧਾਨਾਂ ਤਹਿਤ ਨਿੱਜੀ ਅਤੇ ਰਵਾਇਤੀ ਕਾਨੂੰਨਾਂ ਦੀ ਸਮੀਖਿਆ, ਮਸਨੂਈ ਪ੍ਰਜਣਨ ਤਕਨੀਕਾਂ ਅਪਣਾਉਣ ਵਾਲੀਆਂ ਔਰਤਾਂ ਦੇ ਹੱਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ, ਇਕੱਲੀ ਔਰਤ ਦੀਆਂ ਲੋੜਾਂ ਨੂੰ ਮਾਨਤਾ ਦੇਣੀ, ਉੱਦਮਤਾ ਸੰਬੰਧੀ ਸਰਗਰਮੀਆਂ ਵਿੱਚ ਭਾਗ ਲੈਣ ਲਈ ਔਰਤਾਂ ਵਾਸਤੇ ਸਹਾਇਕ ਵਾਤਾਵਰਨ ਬਣਾਉਣਾ ਆਦਿ। ਸਰਕਾਰ ਇਨ੍ਹਾਂ ਚੁਨੌਤੀਆਂ ਨਾਲ ਸਿੱਝਣ ਲਈ ਵਚਨਬੱਧ ਹੈ। ਐੱਸ ਡੀ ਜੀਜ਼ ਮੌਜੂਦ ਹੋਣ ਨਾਲ ਇਹ ਸਹੀ ਅਰਥਾਂ ਵਿੱਚ ਸਮਾਵੇਸ਼ੀ, ਬਰਾਬਰੀ ਵਾਲੇ, ਲੋਕ ਮੁਖੀ ਅਤੇ ਬਦਲਾਅਕਾਰੀ 2015 ਤੋਂ ਬਾਅਦ ਦੇ ਖਰੜੇ ਨੂੰ ਲਿੰਗਕ ਪੱਖ ਤੋਂ ਪੂਰਾ ਕਰਨ ਵਿੱਚ ਅਹਿਮ ਹੋਣਗੇ। ਇਹ ਤਾਂ ਹੀ ਸੰਭਵ ਹੋਵੇਗਾ ਜੇ ਸਾਂਝੇ ਤੌਰ ਤੇ ਯਤਨ ਕੀਤੇ ਜਾਣ ਅਤੇ ਸਾਰੇ ਪ੍ਰਸੰਗਿਕ ਹਿੱਤਧਾਰਕਾਂ, ਜਿਨ੍ਹਾਂ ਵਿੱਚ ਸਿਵਲ ਸੋਸਾਇਟੀ ਅਤੇ ਨਿੱਜੀ ਖੇਤਰ ਸ਼ਾਮਲ ਹਨ, ਆਪਣਾ ਬਣਦਾ ਯੋਗਦਾਨ ਪਾਉਣ।

*(ਲੇਖਕ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਬਾਰੇ ਕੇਂਦਰੀ ਮੰਤਰਾਲੇ ਵਿੱਚ ਸਕੱਤਰ ਹਨ)*
*e-mail :secy.wcd@nic.in*

# ਔਰਤਾਂ ਦਾ ਆਰਥਿਕ ਸਸ਼ਕਤੀਕਰਨ

ਇਲਾ ਆਰ ਭੱਟ

ਮੇਰਾ ਜਨਮ ਉਨ੍ਹਾਂ ਸਾਲਾਂ ਦੌਰਾਨ ਹੋਇਆ ਜਦੋਂ ਭਾਰਤ ਆਜ਼ਾਦੀ ਲਈ ਅਤੇ ਆਤਮ-ਨਿਰਭਰ ਰਾਸ਼ਟਰ ਬਣਨ ਲਈ ਜਦੋ-ਜਹਿਦ ਕਰ ਰਿਹਾ ਸੀ। ਨੌਜਵਾਨ ਹੋਣ ਕਾਰਨ ਅਸੀਂ ਰਾਸ਼ਟਰ ਨੂੰ ਮੁੜ ਉਸਾਰਕੇ, ਆਪਣੀਆਂ ਜ਼ਿੰਦਗੀਆਂ ਨੂੰ ਮੁੜਗਠਤ ਕਰਨ ਦਾ ਅਹਿਦ ਕੀਤਾ ਤਾਂ ਕਿ ਹਰੇਕ ਭਾਰਤੀ ਆਜ਼ਾਦੀ ਨੂੰ ਮਾਣ ਸਕੇ। ਮਹਾਤਮਾ ਗਾਂਧੀ ਨੇ ਸਾਨੂੰ ਰਾਹ ਦਿਖਾਇਆ। ਉਨ੍ਹਾਂ ਨੇ ਰਾਜਨੀਤਕ ਆਜ਼ਾਦੀ ਦੇ ਨਾਲ-ਨਾਲ ਵਿਅਕਤੀਗਤ ਤੌਰ ਤੇ ਸਫਾਈ ਬਾਰੇ ਸੋਚਿਆ। ਉਨ੍ਹਾਂ ਲਈ ਸ਼ੌਚਾਲਿਆਂ ਅਤੇ ਛੱਪੜਾਂ ਦੀ ਸਫਾਈ ਉਨੀ ਹੀ ਮਹੱਤਵਪੂਰਨ ਸੀ ਜਿੰਨੀ ਆਤਮਕ ਮੁਕਤੀ। ਅਸੀਂ ਆਰਥਿਕਤਾ ਨੂੰ ਲੋਕਾਂ ਦੇ ਨਜ਼ਰੀਏ ਤੋਂ ਦੇਖਣਾ ਸਿੱਖਿਆ ਹੈ। ਉਨ੍ਹਾਂ ਦੇ ਵਿਚਾਰ ਮੇਰੇ ਅਤੇ ਸੇਵਾ ਲਈ ਮਾਰਗਦਰਸ਼ਨ ਦਾ ਸਰੋਤ ਬਣੇ।

ਪਹਿਲੀ ਤਾਂ ਸਰਲਤਾ ਹੈ ਕਿਉਂਕਿ ਅਸੀ ਪਛਾਣ ਗਏ ਸੀ ਕਿ ਉਲਝਣਾ ਪੈਦਾ ਕਰਨੀਆਂ ਵਿਕਾਸ ਨਹੀਂ। ਦੂਜੀ ਹੈ ਅਹਿੰਸਾ। ਹਿੰਸਾ ਮੁਢਲੇ ਤੌਰ ਤੇ ਅਜ਼ਾਦੀ ਨਾਲ ਮੇਲ ਨਹੀਂ ਖਾਂਦੀ। ਤੀਜੀ ਹੈ ਮਜ਼ਦੂਰ ਦੀ ਮਾਣ ਮਰਿਆਦਾ, ਮਜ਼ਦੂਰ ਦੀ ਨਿਰਮਲਤਾ। ਕਿਰਤ ਕੁਦਰਤ ਦਾ ਨਿਯਮ ਹੈ ਅਤੇ ਇਸ ਦੀ ਉਲੰਘਣਾ ਮੌਜੂਦਾ ਆਰਥਿਕ ਅਵਿਵਸਥਾ ਦਾ ਮੁੱਖ ਕਾਰਨ ਹੈ। ਅਤੇ ਚੌਥਾ ਹੈ ਮਨੁੱਖੀ ਕਦਰਾਂ ਕੀਮਤਾਂ, ਮਨੁੱਖਤਾ ਨਾਲ ਸਮਝੌਤਾ ਨਾ ਕਰਨ ਵਾਲੀ ਹਰ ਗੱਲ ਮਨਜ਼ੂਰ ਹੈ। ਇਨ੍ਹਾਂ ਚਾਰ ਸਤੰਭਾ ਸਰਲਤਾ, ਅਹਿੰਸਾ, ਕਿਰਤ ਦੀ ਨਿਰਮਲਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਉਤੇ ਸਾਨੂੰ ਭਾਰਤੀ ਆਰਥਿਕਤਾ ਦਾ ਨਿਰਮਾਣ ਕਰਨ ਲਈ ਪ੍ਰੇਰਿਆ ਗਿਆ।

ਕਿਉਂਕਿ ਸੋਚ ਦਾ ਮੁੱਖ ਧੁਰਾ ਮਨੁੱਖ ਹੈ, ਸਾਨੂੰ ਸੇਵਾ ਵਿੱਚ ਅੱਗੇ ਜਾ ਕੇ ਸਮਝ ਲਗੀ ਕਿ ਵਿਕਾਸ ਇਕ ਪਵਿੱਤਰ ਅਤੇ ਸੰਗਠਤ ਵਿਚਾਰ ਹੈ। ਵਿਕਾਸ ਨੂੰ ਸਮਝ ਕੇ, ਅਸੀਂ ਜਿਸ ਨੂੰ ਉਸਾਰੀ ਕੰਮ ਕਹਿੰਦੇ ਹਾਂ, ਹਰ ਪੱਖੋਂ ਅਸੀਂ ਆਪਣੀ ਹਰ ਸਰਗਰਮੀ ਨੂੰ, ਖੁਦ ਤੇ ਸਮਾਜ ਅਤੇ ਵਿਸ਼ਵ ਉਤੇ ਉਸ ਦੇ ਅਸਰ ਨੂੰ ਆਪਸ ਵਿੱਚ ਮੇਲਦੇ ਹਾਂ ਅਤੇ ਜ਼ਿੰਮੇਦਾਰ ਵਿਸ਼ਵ ਨਾਗਰਿਕ ਬਣਦੇ ਹਾਂ। ਅਜਿਹੀਆਂ ਕੜੀਆਂ ਸਾਡੀ ਸੇਵਾ ਅਤੇ ਸੇਵਾ ਅੰਦੋਲਨ ਦਾ ਅਧਾਰ ਹਨ।

**ਕਿਰਤ ਮੇਰੇ ਦਿਲ ਦੇ ਸਭ ਤੋਂ ਨੇੜੇ ਹੈ। ਮੈਂ ਕੰਮ ਨੂੰ ਮਨੁੱਖ ਦੀ ਜ਼ਿੰਦਗੀ ਦਾ ਧੁਰਾ ਮੰਨਦੀ ਹਾਂ 'ਕਰਮਾ'। ਇਹ ਕੰਮ ਹੀ ਹੈ ਉਤਪਾਦਕ ਕੰਮ ਜੋ ਕਿ ਅੱਗੋਂ ਵਿਕਾਸ ਅਤੇ ਉੱਨਤੀ ਬਣਦਾ ਹੈ। ਅਸੀਂ ਗਰੀਬ ਔਰਤਾਂ ਨਾਲ ਕੰਮ ਕਰਦਿਆਂ ਦੇਖਿਆ ਕਿ ਕੰਮ ਹੀ ਉਨ੍ਹਾਂ ਦੇ ਜੀਵਨ ਦਾ ਧੁਰਾ ਹੈ। ਕੰਮ ਉਨ੍ਹਾਂ ਦੇ ਜੀਵਨ ਨੂੰ ਅਰਥ ਦਿੰਦਾ ਹੈ। ਕੰਮ ਇਕ ਵਿਅਕਤੀ ਨੂੰ ਪਛਾਣ ਦਿੰਦਾ ਹੈ। ਕੰਮ ਜੀਵਿਕਾ ਮੁਹੱਈਆ ਕਰਵਾਉਂਦਾ ਹੈ ਜੋ ਕਿ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਕਰਦਾ ਹੈ ਅਤੇ ਇਸ ਤਰ੍ਹਾਂ ਸਮਾਜ ਅਤੇ ਰਾਸ਼ਟਰ ਦਾ ਨਿਰਮਾਣ ਕਰਦਾ ਹੈ। ਪਰ ਗਰੀਬੀ ਇਸ ਦਾ ਸੰਤੁਲਨ ਵਿਗਾੜ ਦਿੰਦੀ ਹੈ। ਅਸੀਂ ਹਰ ਪੱਧਰ ਉਤੇ ਲੁੱਟ-ਖਸੁੱਟ ਵੇਖਦੇ ਹਾਂ, ਇਕ ਵਿਅਕਤੀ ਦੀ, ਸਮਾਜ ਦੀ ਅਤੇ ਵਾਤਾਵਰਨ ਤੇ ਕੁਦਰਤ ਦੀ।**

ਗਰੀਬੀ ਵਿੱਚ ਅਸੀਂ ਹਰ ਪੱਧਰ ਉਤੇ ਵਿਤਕਰਾ ਮੰਨਦੇ ਹਾਂ ਭਾਵੇਂ ਉਹ ਜਾਤ-ਪਾਤ, ਰੰਗ, ਧਰਮ, ਜ਼ਮੀਨਾਂ ਦੀ ਮਾਲਕੀ, ਲਿੰਗ ਅਤੇ ਭਾਸ਼ਾ ਹੋਵੇ। ਇਸੇ ਤਰ੍ਹਾਂ ਆਰਥਿਕ, ਸਮਾਜਕ, ਮਾਨਸਿਕ ਅਤੇ ਅਧਿਆਤਮਕ ਤੌਰ ਤੇ ਅਲੋਚਨਾ ਯੋਗ ਹਾਂ। ਲੋਕ ਆਪਣਾ ਵਿਸ਼ਵਾਸ ਗਵਾ ਦਿੰਦੇ ਹਨ ਅਤੇ ਅੰਧ-ਵਿਸ਼ਵਾਸ ਨਾਲ ਜੁੜ ਜਾਂਦੇ ਹਨ। ਗਰੀਬੀ ਸਮਾਜ ਦੀ ਹਮਾਇਤ ਵਾਲੀ ਸਥਾਈ ਹਿੰਸਾ ਹੈ। ਗਰੀਬੀ ਅਤੇ ਅਜ਼ਾਦੀ ਦੀ ਕਮੀ ਵੱਖਰੇ ਨਹੀਂ। ਇਕ ਦੇਸ਼ ਉਸ ਹੱਦ ਤੱਕ ਹੀ ਆਪਣੀ ਅਜ਼ਾਦੀ ਮਾਣ ਸਕਦਾ ਹੈ ਜਿਸ ਹੱਦ ਤੱਕ ਉਸ ਦਾ ਗਰੀਬ ਨਾਗਰਿਕ ਆਪਣੇ ਹੱਕਾਂ ਨੂੰ ਹਾਸਲ ਕਰ ਸਕਦਾ ਜਾਂ ਸਕਦੀ ਹੈ। ਇਹ ਮੇਰਾ ਗਰੀਬਾਂ, ਔਰਤਾਂ ਅਤੇ ਕਿਰਤੀਆਂ ਨਾਲ ਕੰਮ ਕਰਨ ਦੇ ਤਜ਼ਰਬੇ ਦਾ ਸਿੱਟਾ ਹੈ।

ਇਸ ਲਈ ਮਹਿਲਾ ਅਗਵਾਈ ਹੇਠ ਅਸੀਂ ਪਰਿਵਰਤਨ ਨੂੰ ਵੇਖਦੇ ਹਾਂ। ਸੇਵਾ ਵਿੱਚ ਅਸੀਂ ਜਿਨ੍ਹਾਂ ਔਰਤਾਂ ਨਾਲ ਕੰਮ ਕੀਤਾ ਉਹ ਬਹੁਤ ਆਲੋਚਨਾ ਯੋਗ ਹਨ ਪਰ ਇੱਕਜੁਟਤਾ ਵਿੱਚ ਹੀ ਤਾਕਤ ਹੈ। ਅਸੀਂ ਕੰਮ ਦੇ ਅਧਾਰ ਤੇ ਮਿਲੇ ਅਤੇ ਇਕ ਜਾਲ ਬਣਾਇਆ। ਅਸੀਂ ਆਪਣੀਆਂ ਕੰਮ ਦੀਆਂ ਲੋੜਾਂ ਲਈ ਯੂਨੀਅਨਾਂ ਦਾ ਨਿਰਮਾਣ ਕੀਤਾ ਤਾਂ ਕਿ ਵਪਾਰੀਆਂ, ਠੇਕੇਦਾਰਾਂ, ਸਾਡੀਆਂ ਸਰਕਾਰਾਂ, ਵਿਸ਼ਵੀ ਭਾਈਚਾਰਿਆਂ ਅਤੇ ਪ੍ਰਣਾਲੀ ਅਤੇ ਢਾਂਚੇ ਵਲੋਂ ਕੀਤੀ ਜਾਂਦੀ ਆਰਥਿਕ ਲੁੱਟ-ਖਸੁੱਟ ਨੂੰ ਰੋਕ ਸਕੀਏ। ਸੇਵਾ ਵਿੱਚ ਅਸੀਂ ਇਕਜੁੱਟ ਹੋ ਕੇ ਇਕ ਬੈਂਕ ਬਣਾਇਆ ਬਚਤ ਰਾਹੀਂ, ਉਧਾਰ ਲਈ, ਕਿਰਾਏ ਉਤੇ ਦੇਣ ਲਈ, ਜਾਇਦਾਦ ਬਣਾਉਣ ਲਈ, ਵਸੀਲੇ ਜੁਟਾਉਣ ਲਈ ਅਤੇ ਜੀਵਨ ਵਿੱਚ ਸੁਧਾਰ ਲਈ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਵਾਸਤੇ। ਅਸੀਂ ਸਹਿਕਾਰੀ ਸਭਾਵਾਂ ਬਣਾਉਣ ਲਈ ਇਕੱਠੇ ਹੋਏ ਤਾਂ ਕਿ ਦੇਸ਼ ਦੀ ਉਤਪਾਦਕ ਕਾਰਵਾਈ ਵਿੱਚ ਸੰਗਠਤ ਯੋਗਦਾਨ ਪਾ ਸਕੀਏ। ਅਸੀਂ ਆਪਣੀਆਂ

ਮਾਤਰਿਤਵ ਲੋੜਾਂ, ਸਿਹਤ ਅਤੇ ਜੀਵਨ ਬੀਮੇ ਲਈ ਸਮਾਜਕ ਸੁਰੱਖਿਆ ਜਾਲ ਬੁਣਿਆ। ਅਸੀਂ ਮਹਿਲਾ ਕਿਸਾਨਾਂ ਅਤੇ ਬੁਣਕਰਾਂ ਦੇ ਇਕ ਵਪਾਰਕ ਕੁਸ਼ਲਤਾ ਨੈੱਟਵਰਕ ਰਾਹੀਂ ਵਿਸ਼ਵ ਭਰ ਵਿੱਚ ਸਥਾਨਕ ਅਤੇ ਵਿਸ਼ਵੀ ਮੰਡੀ ਵਿਚਾਲੇ ਪੁਲ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਸੀਂ ਆਪਣੀਆਂ ਸਮਰੱਥਾਵਾਂ ਦੇ ਨਿਰਮਾਣ ਆਪਣੇ ਮਾਮਲਿਆਂ ਦੇ ਪ੍ਰਬੰਧਨ ਅਤੇ ਬਾਹਰੀ ਵਿਸ਼ਵ ਵਿੱਚ ਆਪਣੇ ਅਸਰ ਨੂੰ ਮਨਵਾਉਣ ਲਈ ਸਕੂਲ ਤਿਆਰ ਕਰਦੇ ਹਾਂ।

ਸੇਵਾ ਇਕ ਪ੍ਰਾਜੈਕਟ ਨਹੀਂ। ਇਹ ਇਕ ਸੰਸਥਾ ਵੀ ਨਹੀਂ। ਇਹ ਆਰਥਿਕਤਾ ਅਤੇ ਵਿੱਤ ਬਾਰੇ ਵੀ ਨਹੀਂ। ਇਹ ਹੋਣ ਅਤੇ ਨਾ ਹੋਣ ਵਿਚਾਲੇ ਸੰਤੁਲਨ ਨੂੰ ਮੁੜ ਸੁਰਜੀਤ ਕਰਨ ਬਾਰੇ ਹੈ। ਇਹ ਆਰਥਿਕ ਤੌਰ ਤੇ ਆਤਮ ਨਿਰਭਰ, ਵਿਅਕਤੀਗਤ ਅਤੇ ਸਾਂਝੇ ਹੋਣ ਅਤੇ ਵਿਅਕਤੀਗਤ ਅਤੇ ਸਾਂਝੇ ਤੌਰ ਤੇ ਫੈਸਲੇ ਲੈਣ ਸੰਬੰਧੀ ਹੈ। ਇਹ ਸ਼ਕਤੀਕਰਨ ਦਾ ਰਾਹ ਹੈ।

ਵਿਸ਼ਵੀ ਪੱਧਰ ਉਤੇ ਮੇਰੇ ਮੁਤਾਬਕ ਸੁਨਹਿਰੀ ਵਿਕਾਸ ਟੀਚਾ ਨਜ਼ਰੀਏ ਪੱਖੋਂ ਨਹੀਂ ਸਗੋਂ ਸੰਚਾਰ ਦੇ ਮਾਧਿਅਮ ਤੋਂ ਕਈ ਭਾਈਚਾਰਿਆਂ ਲਈ ਅਜੇ ਅਜੂਬਾ ਹੀ ਹੈ। ਮੇਰੀ ਸੋਚ ਹੈ ਕਿ ਵਿਕਾਸ ਟੀਚਿਆਂ ਨੂੰ ਲੋਕਾਂ ਦਾ ਹਿੱਸਾ ਬਣਾਉਣ ਲਈ ਸਾਨੂੰ ਇਕ ਵੱਖਰੀ ਭਾਸ਼ਾ ਦੀ, ਯਾਨੀ ਕਿ ਵਿਕਾਸ ਭਾਸ਼ਾ ਦੀ ਲੋੜ ਹੈ। ਇਹ ਸ਼ਕਤੀ/ਤਾਕਤ ਦੀ ਭਾਸ਼ਾ ਹੈ ਜੋ ਕਿ ਸ਼ਕਤੀ ਵਿਹੂਣਤਾ ਨਾਲ ਨਹੀਂ ਨਜਿੱਠਦੀ। ਗਰੀਬੀ ਸ਼ਕਤੀਹੀਣਤਾ/ਨਿਰਬਲਤਾ ਦਾ ਹੀ ਇਕ ਰੂਪ ਹੈ। ਇਹ ਉਨ੍ਹਾਂ ਵਿਅਕਤੀਆਂ ਦੇ ਲੱਛਣ ਹਨ ਜਿਨ੍ਹਾਂ ਦਾ ਫੈਸਲਾ ਲੈਣ 'ਤੇ ਨਿਯੰਤਰਨ ਨਹੀਂ ਹੁੰਦਾ ਜਾਂ ਵਸੀਲਿਆਂ ਤੱਕ ਪਹੁੰਚ ਨਹੀਂ ਹੁੰਦੀ।

ਗਰੀਬੀ ਦੀ ਨਿਰਬਲਤਾ ਨੂੰ ਕੁੱਝ ਹੱਦ ਤੱਕ ਹੀ ਸ਼ਮੂਲੀਅਤ ਜਾਂ ਮਸ਼ਵਰਿਆਂ ਰਾਹੀਂ ਪੂਰਿਆ ਜਾ ਸਕਦਾ ਹੈ। ਇਹ ਅਸਲ ਤੌਰ ਤੇ ਜੀਵਨ ਦੇ ਫੈਸਲਿਆਂ ਨੂੰ ਕਾਬੂ ਕਰਨਾ ਹੈ। ਜਦੋਂ ਇਕ ਵਾਰੀ ਗਰੀਬੀ ਨਿਰਬਲਤਾ ਦੇ ਰੂਪ ਵਿੱਚ ਦਿਖਣ ਲਗਦੀ ਹੈ ਤਾਂ ਅਸੀਂ ਇਸ ਨੂੰ ਇਸ ਦੇ ਹੱਲ ਲਈ ਇਕ ਤਰੀਕੇ ਵਾਂਗ ਵੇਖਦੇ ਹਾਂ। ਭਾਈਚਾਰਿਆਂ ਨੂੰ ਤਾਕਤ ਵਾਪਸ ਮਿਲਣੀ ਚਾਹੀਦੀ ਹੈ ਖ਼ਾਸ ਕਰਕੇ ਔਰਤਾਂ ਨੂੰ ਤਾਂ ਕਿ ਉਹ ਕੰਮ ਜੀਵਿਕਾ, ਸਿਹਤ, ਸਿੱਖਿਆ, ਸ਼ਹਿਰੀਕਰਨ, ਸ਼ਰਨਾਰਥੀਆਂ, ਸ਼ਾਂਤੀ ਅਤੇ ਭਵਿੱਖ ਬਾਰੇ ਫੈਸਲੇ ਲੈ ਸਕਣ। ਰਾਸ਼ਟਰਾਂ ਦੇ ਅਜਿਹੇ ਮਨੋਰਥ ਪੱਤਰਾਂ ਵਿੱਚ ਭਾਈਚਾਰਾ ਅੱਖਰ ਵੇਖਣ ਨੂੰ ਨਹੀਂ ਮਿਲਦਾ। ਆਰਥਿਕਤਾ ਅਤੇ ਅਰਥਚਾਰਾ ਦੋਹਾਂ ਦੀ ਲੋਕਾਂ ਵੱਲੋਂ ਮੰਗ ਕੀਤੀ ਜਾਣੀ ਚਾਹੀਦੀ ਹੈ। ਨਹੀਂ ਤਾਂ ਵਿਕਾਸ ਅਤੇ ਜੀਵਿਕਾ ਜੀਵਨ ਦੇ ਸਮਾਨਾਂਤਰ ਅਤੇ ਪਰਸਪਰ ਵਿਰੋਧੀ ਰੂਪ ਬਣ ਜਾਣਗੇ।

## ਮੇਰੀ ਅਪੀਲ ਹੇਠ ਲਿਖੀ ਹੈ

ਪਹਿਲੀ ਔਰਤਾਂ ਨੂੰ ਹਰੇਕ ਆਰਥਿਕ ਸੁਧਾਰ ਦਾ ਧੁਰਾ ਬਣਾਇਆ ਜਾਣਾ ਚਾਹੀਦਾ ਹੈ ਖ਼ਾਸ ਤੌਰ ਤੇ ਰੋਜ਼ਗਾਰ ਖੇਤਰ ਵਿੱਚ ਜਿਵੇਂ ਕਿ ਖੁਰਾਕ, ਪਾਣੀ, ਕੱਪੜਾ, ਮਕਾਨ ਉਸਾਰੀ, ਮੁੱਢਲੀਆਂ ਸਿਹਤ ਸੰਭਾਲ, ਸਿੱਖਿਆ ਅਤੇ ਮੁੱਢਲੀਆਂ ਬੈਂਕਿੰਗ ਸੇਵਾਵਾਂ। ਦੂਜਾ ਗਰੀਬੀ ਨਿਵਾਰਨ ਲਈ ਕੀਤੇ ਜਾ ਰਹੇ ਹਰੇਕ ਸੁਧਾਰ ਦੇ ਕੇਂਦਰ ਵਜੋਂ ਕੰਮ ਦੀ ਪਛਾਣ। ਤੀਜਾ ਗਰੀਬਾਂ ਦੇ ਉਨ੍ਹਾਂ ਉੱਦਮਾਂ ਜਿਨ੍ਹਾਂ ਵਿੱਚ ਵਿਕਾਸ ਦੀ ਸਮਰੱਥਾ ਹੈ, ਵਿੱਚ ਖੁੱਲ੍ਹਦਿਲੀ ਨਾਲ ਪੂੰਜੀਕਾਰੀ ਕਰਨਾ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਆਰਥਿਕ ਢਾਂਚਾ ਹਰ ਪੱਖੋਂ ਸਮਾਜਕ ਢਾਂਚੇ ਨਾਲ ਬੜਾ ਨਜ਼ਦੀਕ ਤੋਂ ਜੁੜਿਆ ਹੋਇਆ ਹੈ। ਅਤੇ ਪੰਜਵਾਂ ਸਵੈ-ਰੋਜ਼ਗਾਰ ਮਹਿਲਾ ਸਮਰੱਥਾ ਦੀ ਸਥਾਨਕ ਅਤੇ ਵਿਸ਼ਵੀ ਮੰਡੀ ਦੀ ਮੁੱਖਧਾਰਾ ਵਿੱਚ ਸ਼ਮੂਲੀਅਤ ਲਈ ਜ਼ਮੀਨ ਤਿਆਰ ਕਰਨੀ।

ਮੇਰੀ ਅਪੀਲ ਇਕ ਕੋਮਲ ਆਰਥਿਕਤਾ ਲਈ ਹੈ ਮੇਰਾ ਮਤਲਬ ਪਾਲਣ-ਪੋਸ਼ਣ ਵਾਲੀ ਆਰਥਿਕਤਾ ਵੀ ਹੈ। ਆਪਣੇ ਖੁਦ ਦਾ, ਸਮਾਜ ਦਾ ਅਤੇ ਬ੍ਰਹਿਮੰਡ ਦਾ ਪਾਲਣ-ਪੋਸ਼ਣ।

## ਇਹ ਕੌਣ ਕਰੇਗਾ?

ਮੇਰੇ ਤਜਰਬੇ ਅਨੁਸਾਰ ਔਰਤਾਂ ਸਮਾਜ ਦੀ ਮੁੜ ਉਸਾਰੀ ਦੀ ਕੁੰਜੀ ਹਨ। ਔਰਤਾਂ ਉਤੇ ਧਿਆਨ ਕੇਂਦਰਿਤ ਕਰੋ ਤੁਹਾਨੂੰ ਉਹ ਸਭ ਦਿਸ ਜਾਣਗੇ ਜੋ ਸਥਿਰ ਸਮਾਜ ਚਾਹੁੰਦੇ ਹਨ। ਔਰਤਾਂ ਆਪਣੇ ਪਰਿਵਾਰ ਲਈ ਜੜ੍ਹਾਂ ਚਾਹੁੰਦੀਆਂ ਹਨ। ਇਕ ਔਰਤ ਦੇ ਰੂਪ ਵਿੱਚ ਤੁਹਾਨੂੰ ਇਕ ਕਰਮਚਾਰੀ, ਇਕ ਪ੍ਰਦਾਤਾ, ਦੇਖਭਾਲ ਕਰਨ ਵਾਲਾ, ਇਕ ਸਿੱਖਿਅਕ ਅਤੇ ਇਕ ਆਪਸ ਵਿੱਚ ਜੋੜ ਕੇ ਰੱਖਣ ਵਾਲਾ ਮਿਲਦਾ ਹੈ। ਉਹ ਆਪਣੇ ਆਪ ਵਿੱਚ ਬੰਦਨਾਂ ਨੂੰ ਜੋੜ ਕੇ ਰਖਦੀ ਹੈ ਖ਼ਾਸ ਤੌਰ ਤੇ ਤੁਹਾਨੂੰ ਇਕ ਸਿਰਜਣਹਾਰ ਅਤੇ ਸੰਭਾਲਕਰਤਾ ਮਿਲ ਜਾਂਦਾ ਹੈ। ਮੈਂ ਸਾਡੀ ਸ਼ਾਂਤੀ ਪ੍ਰਕਿਰਿਆ ਲਈ ਔਰਤਾਂ ਦੀ ਸ਼ਮੂਲੀਅਤ ਅਤੇ ਨੁਮਾਇੰਦਗੀ ਨੂੰ ਅਨਿੱਖੜਵਾਂ ਅੰਗ ਮੰਨਦੀ ਹਾਂ। ਔਰਤਾਂ ਇਸ ਸੰਦਰਭ ਵਿੱਚ ਉਸਾਰੂ, ਸਿਰਜਣਾਤਮਕ ਅਤੇ ਸਥਿਰ ਹੱਲ ਦੇ ਸਕਦੀਆਂ ਹਨ।

ਇਸ ਤੋਂ ਵੱਧ ਜੇ ਔਰਤਾਂ ਕੇਂਦਰ ਵਿੱਚ ਹੋਣ ਤਾਂ ਔਰਤਾਂ ਦਾ ਉਤਪਾਦਕ ਕੰਮ ਸਮਾਨ ਨੂੰ ਇਕਜੁਟ ਰੱਖਣ ਜਾਂ ਇਕ ਮਾਲਾ ਵਿੱਚ ਪਰੋ ਕੇ ਰੱਖਣ ਲਈ ਇਕ ਧਾਗੇ ਦਾ ਕੰਮ ਕਰਦਾ ਹੈ। ਜਦੋਂ ਤੁਹਾਡੇ ਕੋਲ ਕੰਮ ਹੁੰਦਾ ਹੈ ਤਾਂ ਤੁਹਾਡੇ ਕੋਲ ਇਕ ਸਥਿਰ ਸਮਾਜ ਨੂੰ ਕਾਇਮ ਰੱਖਣ ਦਾ ਉਤਸ਼ਾਹ ਹੁੰਦਾ ਹੈ। ਤੁਸੀਂ ਭਵਿੱਖ ਬਾਰੇ ਸੋਚਦੇ ਹੀ ਨਹੀਂ ਸਗੋਂ ਭਵਿੱਖ ਬਾਰੇ ਯੋਜਨਾਬੰਦੀ ਵੀ ਕਰਦੇ ਹੋ। ਤੁਸੀਂ ਉਹ ਸਾਰੇ ਸਾਜ਼ੋ ਸਮਾਨ ਬਣਾ ਸਕਦੇ ਹੋ ਜਿਸ ਨਾਲ ਤੁਹਾਡੀ ਅਲੋਚਨਾ ਵਿੱਚ ਕਮੀ ਹੋਵੇਗੀ। ਤੁਸੀਂ ਅਗਲੀ ਪੀੜ੍ਹੀ ਵਿੱਚ ਪੂੰਜੀਕਾਰੀ ਕਰ ਸਕਦੇ ਹੋ। ਜੀਵਨ ਸਿਰਫ ਜਿੰਦਾ ਰਹਿਣਾ ਹੀ ਨਹੀਂ ਰਹਿ ਜਾਂਦਾ ਸਗੋਂ ਬਿਹਤਰ ਭਵਿੱਖ ਲਈ ਪੂੰਜੀਕਾਰੀ ਬਾਰੇ ਵੀ ਹੈ। ਕਿਰਤ ਸਾਂਤੀ ਸਿਰਜਦੀ ਹੈ ਕਿਉਂਕਿ ਕੰਮ ਲੋਕਾਂ ਨੂੰ ਜੜ ਪ੍ਰਦਾਨ ਕਰਦਾ ਹੈ, ਸਮਾਜ ਸਿਰਜਦਾ ਹੈ ਅਤੇ ਕਿਸੇ ਦੇ ਜੀਵਨ ਨੂੰ ਅਰਥ ਅਤੇ ਸਨਮਾਨ ਪ੍ਰਦਾਨ ਕਰਦਾ ਹੈ।

ਜਿਵੇਂ ਕਿ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ, ਮੈਂ ਕੰਮ ਉਤੇ ਆਪਣਾ ਪੂਰਾ ਜ਼ੋਰ ਲਗਾਵਾਂਗੀ। ਕੰਮ ਦਾ ਮਤਲਬ ਫੈਕਟਰੀ ਦਾ ਕੰਮ ਨਹੀਂ, ਸਾਡਾ ਮਤਲਬ ਹਲਵਾਈ ਦੀ ਦੁਕਾਨ ਅਤੇ ਘਟੀਆ ਦਰਜੇ ਦੀ ਉਜਰਤ ਨਹੀਂ ਜੋ ਕਿ ਇਕ ਬੰਦੇ ਨੂੰ ਸੱਨਅਤ ਦੇ ਮੈਨੇਜਰ ਦਾ ਗੁਲਾਮ ਬਣਾ ਦੇਵੇ ਅਤੇ ਇਹ ਵੀ ਇਕ ਤਰ੍ਹਾਂ ਦਾ ਸ਼ੋਸ਼ਣ ਹੈ। ਕੰਮ ਨਾਲ ਸਾਡਾ ਭਾਵ ਖੁਰਾਕ ਦੀ ਪੈਦਾਵਾਰ ਅਤੇ ਪਾਣੀ ਤੱਕ ਪਹੁੰਚ ਹੈ। ਇਸ ਦਾ ਭਾਵ ਹੈ ਉਸ ਮੌਜੂਦਾ ਅਤੇ ਰਵਾਇਤੀ ਮੁਹਾਰਤ ਵਿੱਚ ਸੁਧਾਰ ਕਰਨਾ ਜੋ ਕਿ ਲੋਕਾਂ ਵਲੋਂ ਪਿੱਛਲੇ ਹਜ਼ਾਰਾਂ ਸਾਲਾਂ ਤੋਂ ਅਪਣਾਈਆਂ ਜਾ ਰਹੀਆਂ ਹਨ। ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ, ਮਕਾਨ ਉਸਾਰੀ, ਬੁਣਾਈ ਅਤੇ ਕੱਪੜੇ ਦੀ ਸਿਲਾਈ ਆਦਿ। ਇਹ ਕੰਮ ਲੋਕਾਂ ਨੂੰ ਖਾਣਾ ਦਿੰਦੇ ਹਨ ਅਤੇ ਆਦਮੀ ਦੇ ਆਪਣੇ ਆਪ ਨਾਲ, ਸੰਗੀ ਸਾਥੀਆਂ ਨਾਲ, ਧਰਤੀ ਨਾਲ, ਵਾਤਾਵਰਨ ਨਾਲ ਅਤੇ ਉਸ ਪਰਮ ਆਤਮਾ ਜਿਸ ਨੇ ਸਾਨੂੰ

ਸਿਰਜਿਆ ਨਾਲ ਇਕ ਮਜ਼ਬੂਤ ਰਿਸ਼ਤੇ ਵਿੱਚ ਬੰਨ੍ਹਦੇ ਹਨ।

ਅੱਜ ਸਾਡੇ ਸਾਹਮਣੇ ਅਣਗੌਲੇ ਅਸਾਸਿਆਂ ਵਿੱਚ ਵਪਾਰਕ ਸਮਰੱਥਾਵਾਂ ਦੀ ਤਲਾਸ਼ ਦੀ ਇਕ ਵੰਗਾਰ ਹੈ। ਚਲੋ ਅਸੀਂ ਪੌਦੇ ਲਗਾਉਣ ਨੂੰ ਜੰਗਲਾਂ ਦੀ ਕਟਾਈ ਨਾਲੋਂ ਵਧੇਰੇ ਮੁਨਾਫੇ ਵਾਲਾ ਬਣਾਉਣ ਲਈ ਰਾਹ ਤਲਾਸ਼ੀਏ ਅਤੇ ਰੀਸਾਈਕਲਿੰਗ ਨੂੰ ਨਵੇਂ ਉਤਪਾਦਨ ਨਾਲੋਂ ਵਧੇਰੇ ਫਾਇਦੇ ਵਾਲਾ ਬਣਾਈਏ। ਚਲੋ ਅਸੀਂ ਨਿੱਜੀ ਅਸਾਸੇ ਸਿਰਜਨ ਦੇ ਨਾਲ-ਨਾਲ ਅਸਾਸਿਆਂ ਦੀ ਸਾਂਝੀ ਮਾਲਕੀ ਨੂੰ ਉਤਸ਼ਾਹਤ ਕਰੀਏ। ਜੇਕਰ ਇਕ ਮੌਕਾ ਦਿੱਤਾ ਜਾਵੇ ਤਾਂ ਮਿਲਵਰਤਨ ਦੀ ਭਾਵਨਾ ਸਾਨੂੰ ਸਿਹਤਮੰਦ ਮੁਕਾਬਲੇਬਾਜ਼ੀ ਵਿੱਚ ਮੁਨਾਫਾ ਦੇਵੇਗੀ।

ਸਾਨੂੰ ਆਪਣੇ ਵਿਚਾਰਾਂ ਦੇ ਨਾਲ-ਨਾਲ ਆਪਣੀ ਸ਼ਬਦਾਵਲੀ ਵਿੱਚ ਵੀ ਬਦਲਾਅ ਲਿਆਉਣ ਦੀ ਲੋੜ ਹੈ। ਮੇਰੇ ਮਨ ਵਿੱਚ ਆਉਂਦਾ ਹੈ ਕਿ ਸੇਵਾ ਬੈਂਕ ਆਪਣੇ ਮਿਸ਼ਨ ਵਿੱਚ ਹੋਰ ਵਧੇਰੇ ਸਫਲ ਹੋਵੇਗਾ। ਜੇਕਰ ਉਹ ਵੱਡੇ ਅਸਾਸਿਆਂ ਨਾਲ ਇਕ ਰਾਸ਼ਟਰੀ ਬੈਂਕ ਬਣਨ ਦੀ ਬਜਾਏ ਇਕ ਜ਼ਿਲ੍ਹਾ ਪੱਧਰੀ ਬੈਂਕ ਦੇ ਤੌਰ ਤੇ ਹਜ਼ਾਰਾਂ ਛੋਟੇ ਬੱਚਤਕਾਰਾਂ ਅਤੇ ਸਵੈ-ਸੇਵੀ ਗਰੁੱਪਾਂ ਤੱਕ ਪਹੁੰਚ ਕਰੇ।

**ਮੈਂ ਔਰਤ ਨੂੰ ਇਸ ਬਾਰੇ ਪਹਿਲਕਦਮੀ ਕਰਦਿਆਂ ਦੇਖਿਆ ਹੈ। ਔਰਤਾਂ ਦੀ ਅਗਵਾਈ ਵਿੱਚ ਵਿਸ਼ਵਾਸ ਕਰਨ ਦੀ ਅਤੇ ਉਸ ਨੂੰ ਸਿੱਖਿਅਤ ਕਰਨ ਦੀ ਲੋੜ ਹੈ ਕਿਉਂਕਿ ਇਕੋ ਇਹੀ ਆਸ ਹੈ ਜੇਕਰ ਇਕ ਵਿਲੱਖਣ ਸਮਾਜ ਸਿਰਜਣਾ ਚਾਹੁੰਦੇ ਹਾਂ ਅਤੇ ਸਥਿਰ ਵਾਤਾਵਰਨ ਚਾਹੁੰਦੇ ਹਾਂ। ਅਜੇ ਤੱਕ ਔਰਤਾਂ ਨੂੰ ਸਸਤੇ ਮੁਹੱਈਆ ਅਤੇ ਹਰ ਵੇਲੇ ਮੁਹੱਈਆ ਸਰੋਤ ਵਜੋਂ ਹੀ ਵਰਤਿਆ ਗਿਆ ਹੈ। ਪਰ ਹੁਣ ਨਹੀਂ, ਵਿਸ਼ਵ ਨੂੰ ਇਹ ਸਮਝਣਾ ਹੋਵੇਗਾ ਕਿ ਔਰਤਾਂ ਬ੍ਰਹਿਮੰਡ ਲਈ ਇਕ ਸੰਪਤੀ ਹਨ। ਔਰਤਾਂ ਚੰਗੇ ਮਾੜੇ ਸਮੇਂ ਦੇ ਅਸਰ ਨੂੰ ਝੱਲਣ ਲਈ ਨਹੀਂ। ਔਰਤਾਂ ਨੂੰ ਇਕ ਜਜ਼ਬ ਕਰਨ ਵਾਲੀ ਨਹੀਂ ਸਗੋਂ ਸਹਿਯੋਗੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ।**

ਔਰਤ ਮੁਤਾਬਕ, ਟੀਚੇ ਹਨ ਪਰ ਉਨ੍ਹਾਂ ਦੇ ਨਾਲ ਹੀ ਕਦਰਾਂ ਕੀਮਤਾਂ ਵੀ ਹਨ, ਪ੍ਰਗਟ ਕਰਨ ਦੀ ਪ੍ਰਕਿਰਿਆ ਅਤੇ ਇਸ ਅਮਲ ਤੋਂ ਸਿਖਲਾਈ। ਇਹ ਅਮਲ ਆਪਣੇ ਆਪ ਵਿੱਚ ਹੀ ਸ਼ਕਤੀਸ਼ਾਲੀ ਹੈ। ਔਰਤਾਂ ਵਿੱਚ ਵਕਤ ਬਾਰੇ ਸਮਝ ਵੱਖਰੀ ਹੈ। ਕੰਮ ਨੂੰ ਉਨਾ ਸਮਾਂ ਲਗੇਗਾ ਜਿੰਨਾ ਇਸ ਨੂੰ ਲੋੜ ਹੈ। ਸੇਵਾ ਨੂੰ ਲੱਖਾਂ ਲੋਕਾਂ ਤੱਕ ਪਹੁੰਚਣ ਲਈ 30 ਸਾਲ ਲਗ ਗਏ। ਔਰਤਾਂ ਸਮੁੱਚੇ ਗਰੁੱਪ ਜਾਂ ਭਾਈਚਾਰੇ ਵੱਲ ਧਿਆਨ ਕੇਂਦਰਿਤ ਕਰਦੀਆਂ ਹਨ ਅਤੇ ਸਭ ਨੂੰ ਸ਼ਾਮਲ ਕਰਨ ਲਈ ਕੋਸ਼ਿਸ਼ਾਂ ਕਰਦੀਆਂ ਹਨ। ਪਿੱਛੇ ਰਹਿ ਗਇਆਂ ਦੀ ਉਡੀਕ ਕਰਦੀਆਂ ਹਨ ਭਾਵੇਂ ਉਸ ਕਾਰਨ ਗਰੁੱਪ ਜਾਂ ਅਮਲ ਪ੍ਰਕਿਰਿਆ ਵਿੱਚ ਦੇਰੀ ਹੀ ਕਿਉਂ ਨਾ ਹੋ ਜਾਵੇ। ਔਰਤਾਂ ਦਬਾਅ ਦੀ ਬਜਾਏ ਸ਼ਮੂਲੀਅਤ ਉਤੇ, ਆਖਰੀ ਟੀਚੇ ਨਾਲੋਂ ਵੱਧ ਪ੍ਰਕਿਰਿਆ ਉਤੇ, ਇਕ ਵਿਅਕਤੀ ਦੀ ਬਜਾਏ ਗਰੁੱਪ ਉਤੇ ਅਤੇ ਗੁਟਬੰਦੀ ਤੋਂ ਉਪਰ ਇਕਜੁਟਤਾ ਤੇ ਟੀਚਾਬੱਧ ਹੁੰਦੀਆਂ ਹਨ। ਇਹ ਸਭ ਮੈਂ ਸੇਵਾ ਭੈਣਾਂ ਨਾਲ ਆਪਣੇ ਕੰਮ ਦੇ ਤਜਰਬੇ ਤੋਂ ਸਿੱਖਿਆ ਦੇ ਅਧਾਰ ਉਤੇ ਕਹਿ ਰਹੀ ਹਾਂ।

## ਇਹ ਅੱਜ ਵੀ ਢੁੱਕਵਾਂ ਕਿਉਂ ਹੈ?

ਅਸੀਂ ਅੱਜ ਆਪਣੇ ਬਦਲਵੇਂ ਵਕਤ ਦੀ ਬਹੁਤ ਵੱਡੀ ਵੰਗਾਰ ਦਾ ਸਾਹਮਣਾ ਕਰ ਰਹੇ ਹਾਂ ਇਸ ਲਈ ਵਿਸ਼ਵ ਨੂੰ ਹੁਣ ਮਹਿਲਾ ਅਗਵਾਈ ਦੀ ਲੋੜ ਹੈ। ਅਤੇ ਇਹ ਜ਼ਿਆਦਾ ਮਹਿਲਾ ਨੇਤਾਵਾਂ ਦੇ ਰੂਪ ਵਿੱਚ ਹੋਣ ਦੀ ਲੋੜ ਨਹੀਂ ਸਗੋਂ ਲੋੜ ਹੈ ਕਿ ਮਰਦ ਉਨ੍ਹਾਂ ਦੇ ਨਾਲ ਦੀਆਂ ਔਰਤਾਂ ਨੂੰ ਮਾਣ ਸਤਿਕਾਰ ਦੇਣ।

*(ਲੇਖਕ ਸਵੈ-ਰੋਜ਼ਗਾਰ ਮਹਿਲਾ ਐਸੋਸੀਏਸ਼ਨ 'ਸੇਵਾ' ਅਤੇ ਸੇਵਾ ਕੋਆਪ੍ਰੇਟਿਵ ਬੈਂਕ ਦੇ ਸੰਸਥਾਪਕ ਹਨ)*

*e-mail :bhattela@sewa.org*

*ਸਫ਼ਾ 8 ਦਾ ਬਾਕੀ*

ਆਪਣੇ ਆਪ ਲਈ ਖ਼ੁਸ਼ੀ ਦੇਣ ਵਾਲੀ, ਉਨ੍ਹਾਂ ਦਾ ਆਤਮ ਵਿਸ਼ਵਾਸ ਅਤੇ ਸਵੈਮਾਨ ਜਗਾਉਣ ਵਾਲੀ, ਉਨ੍ਹਾਂ ਦੀ ਸਿਰਜਨਾਤਮਕ ਸ਼ਕਤੀ ਨੂੰ ਖੁੱਲ੍ਹਾ ਛੱਡਣ ਵਾਲੀ, ਉਨ੍ਹਾਂ ਨੂੰ ਸ਼ਕਤੀ ਭਰਪੂਰ ਅਤੇ ਖ਼ੁਸ਼ੀ ਦਾ ਅਹਿਸਾਸ ਦੇਣ ਵਾਲੀ ਹੋਣੀ ਚਾਹੀਦੀ ਹੈ – ਇਕ ਸ਼ਬਦ ਵਿੱਚ ਔਰਤਾਂ ਦਾ ਸ਼ਕਤੀਕਰਨ ਕਰਨ ਵਾਲੀ।

ਸਾਨੂੰ ਅਜਿਹੀ ਸਿੱਖਿਆ ਦੀ ਲੋੜ ਹੈ ਜੋ ਨਾ ਸਿਰਫ ਨਵੀਆਂ ਮੁਹਾਰਤਾਂ ਅਤੇ ਗਿਆਨ ਖੋਜਣ ਅਤੇ ਉਸ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰੇ ਸਗੋਂ ਸਹਿਭਾਗੀਆਂ ਨੂੰ ਨਿਆਂ, ਸਮਾਨਤਾ, ਇਮਾਨਦਾਰੀ, ਸਚਾਈ ਅਤੇ ਦਬੇ ਗਰੁੱਪਾਂ ਵਿੱਚ ਮਜਬੂਤ ਗਠਜੋੜ ਜਿਹੀਆਂ ਕਦਰਾਂ-ਕੀਮਤਾਂ ਨੂੰ ਵੀ ਹਾਸਲ ਕਰਨ ਅਤੇ ਮਜਬੂਤ ਕਰਨ ਵਿੱਚ ਸਹਾਈ ਹੋਵੇ। ਇਹ ਔਰਤਾਂ ਵਿੱਚ ਹਿੰਮਤ ਅਤੇ ਮਜ਼ਬੂਤੀ ਨਾਲ ਅਮਲ ਕਰਨ ਦੀ ਤਾਕਤ ਪੈਦਾ ਕਰੇ ਅਤੇ ਉਸ ਦਾ ਇਸਤੇਮਾਲ ਵੱਖ-ਵੱਖ ਪੱਧਰਾਂ ਦੇ ਅਲਗ-ਅਲਗ ਕਿਸਮਾਂ ਦੀ ਜਦੋਜਹਿਦ ਲਈ ਕਰੇ। ਸਾਨੂੰ ਸਿੱਖਿਆ ਦੀ ਲੋੜ ਹੈ ਜੋ ਵਧੇਰੇ ਮੁਕਾਬਲਾ ਅਤੇ ਇੱਛਾ ਜਾਗਰਤ ਨਾ ਕਰੇ ਪਰ ਉਹ ਔਰਤਾਂ ਵਿੱਚ ਵਿਸ਼ਵਾਸ ਅਤੇ ਮਜ਼ਬੂਤ ਗਠਜੋੜ ਪੈਦਾ ਕਰੇ। ਇਹ ਉਨ੍ਹਾਂ ਨੂੰ ਵੱਖ-ਵੱਖ ਪੱਧਰਾਂ ਉਤੇ ਸੰਗਠਨ ਅਤੇ ਨੈੱਟਵਰਕ ਬਣਾਉਣ ਵਿੱਚ ਮਦਦ ਕਰੇ।

ਇਹ ਔਰਤਾਂ ਨੂੰ ਇਕ ਪੜਚੋਲਾਤਮਕ ਅਤੇ ਜਗਿਆਸਾਪੂਰਨ ਦਿਮਾਗ ਦਾ ਵਿਕਾਸ ਕਰਨ ਵਿੱਚ ਮਦਦ ਕਰੇ ਤਾਂ ਕਿ ਉਹ ਉਨ੍ਹਾਂ ਦੇ ਆਲੇ ਦੁਆਲੇ ਦੀਆਂ ਅਸਲੀਅਤਾਂ ਨੂੰ ਸਮਝ ਸਕਣ। ਇਹ ਉਨ੍ਹਾਂ ਨੂੰ ਸੂਖਮ ਅਤੇ ਵੱਡੇ ਪੈਮਾਨੇ ਦੀਆਂ ਅਸਲੀਅਤਾਂ, ਸੂਖਮ ਅਸਲੀਅਤਾਂ ਅਤੇ ਵੱਡੇ ਪੈਮਾਨੇ ਦੀਆਂ ਨੀਤੀਆਂ, ਸਥਾਨ ਅਤੇ ਵਿਸ਼ਵੀ ਤਾਲਮੇਲ ਸਮਝਣ ਵਿੱਚ ਮਦਦ ਕਰੇ।

ਸਿਰਫ ਪ੍ਰੋੜਤਾ ਲਈ, ਔਰਤਾਂ ਦੇ ਸ਼ਕਤੀਕਰਨ ਨਾਲ ਮਾਨਵੀ ਕਦਰਾਂ ਕੀਮਤਾਂ ਦਾ ਸ਼ਕਤੀਕਰਨ ਹੋਣਾ ਵੀ ਜ਼ਰੂਰੀ ਹੈ, ਸਿਰਫ ਇਸੇ ਤਰ੍ਹਾਂ ਹੀ ਸਾਡੇ ਆਲੇ ਦੁਆਲੇ ਸਮਾਨਤਾ, ਨਿਆਂ ਅਤੇ ਅਮਨਚੈਨ ਰਹਿ ਸਕਦਾ ਹੈ।

ਔਰਤਾਂ ਦਾ ਸ਼ਕਤੀਕਰਨ ਤੇਜ਼ੀ ਨਾਲ ਉਸ ਵੇਲੇ ਹੀ ਸੰਭਵ ਹੈ ਜਦੋਂ ਆਦਮੀ ਇਹ ਸਮਝ ਲੈਣ ਕਿ ਇਹ ਪੁਰਸ਼ਾਂ ਲਈ ਵੀ ਲਾਭਕਾਰੀ ਹੋਵੇਗਾ ਅਤੇ ਇਹ ਪਰਿਵਾਰਾਂ ਅਤੇ ਦੇਸ਼ਾਂ ਲਈ ਵੀ ਚੰਗਾ ਹੋਵੇਗਾ। ਆਓ ਅਸੀਂ ਯਾਦ ਰਖੀਏ, *ਉੱਤਮ ਪੁਰਖ ਸਮਾਨਤਾ ਤੋਂ ਨਹੀਂ ਡਰਦੇ*

*(ਲੇਖਕ ਮਹਿਲਾਵਾਂ ਦੇ ਵਸੀਲਿਆਂ ਅਤੇ ਸਿਖਲਾਈ ਕੇਂਦਰ 'ਜਾਗੋਰੀ' ਅਤੇ ਜਾਗੋਰੀ ਪੇਂਡੂ ਚੈਰੀਟੇਬਲ ਟਰਸਟ ਦੇ ਸਰਗਰਮ ਮੈਂਬਰ ਹਨ)*

*e-mail :kamla@sangatsouthasia.org*

*: sangat.sangat@jagori.org*

# ਔਰਤ ਦੀ ਬਹੁਪੱਖੀ ਭੂਮਿਕਾ : ਸਮਾਜਕ ਬੁਨਿਆਦੀ ਢਾਂਚੇ ਦੀ ਲੋੜ

ਦੇਵਕੀ ਜੈਨ

ਇਸ ਲੇਖ ਵਿੱਚ ਅਸੀਂ ਇਹ ਦਲੀਲ ਦੇ ਰਹੇ ਹਾਂ ਕਿ ਉਹ ਨੀਤੀਆਂ ਜੋ ਕਿ ਸਮਾਜਕ ਤੌਰ ਤੇ ਜਾਣੀਆਂ ਜਾਂਦੀਆਂ ਹਨ ਜਾਂ ਜਿਹੜੀਆਂ ਸਿਹਤ ਸਿੱਖਿਆ ਅਤੇ ਔਰਤਾਂ ਦੀਆਂ ਹੋਰ ਲੋੜਾਂ ਲਈ ਸਮਾਜਕ ਹਿਮਾਇਤ ਜਾਂ ਸਹਾਰਾ ਦਿੰਦੀਆਂ ਹਨ ਨੂੰ ਇਸ ਸੰਦਰਭ ਵਿੱਚ ਦੇਖਿਆ ਜਾਣਾ ਚਾਹੀਦਾ ਹੈ ਕਿ ਸਮਾਜਕ ਨੀਤੀਆਂ ਦੇ ਆਧਾਰ ਉਤੇ ਗਰੀਬ ਔਰਤਾਂ ਦੀਆਂ ਕੀ ਲੋੜਾਂ ਹਨ ਤਾਂ ਕਿ ਉਸ ਦੇ ਸਹੀ ਨਤੀਜੇ ਜਾਂ ਸਿੱਟੇ ਹਾਸਲ ਕੀਤੇ ਜਾ ਸਕਣ। ਇਸ ਲਈ ਦਲੀਲ ਇਹ ਹੈ ਕਿ ਔਰਤਾਂ ਦੀਆਂ ਸਮਾਜਕ ਲੋੜਾਂ ਨੂੰ ਪੂਰਾ ਕਰਨ ਲਈ ਸਭ ਤੋਂ ਘੱਟ ਅਹਿਮੀਅਤ ਪ੍ਰਾਪਤ, ਆਰਥਿਕ ਪੱਖੋਂ ਪਛੜਿਆ ਦੂਰੇਡਾ ਇਲਾਕਾ, ਔਰਤਾਂ ਦੀ ਇਕ ਉਤਪਾਦਕ ਦੇ ਤੌਰ ਤੇ ਪਛਾਣ ਅਤੇ ਵਾਤਾਵਰਨ ਤੇ ਪਰਿਵਾਰ ਲਈ ਇਕ ਨਾਜ਼ੁਕ ਕਾਰਜ-ਕਰਤਾ ਨੂੰ ਮੁਢਲੀਆਂ ਸ਼ਰਤਾਂ ਦੇ ਤੌਰ ਤੇ ਦੇਖਿਆ ਜਾਣਾ ਚਾਹੀਦਾ ਹੈ।

ਔਰਤ ਦੀ ਉਸ ਪ੍ਰਤਿਨਿਧ ਵਜੋਂ ਪਛਾਣ, ਜੋ ਕਿ ਆਪਣੇ ਨਾਲ-ਨਾਲ ਹੋਰਨਾਂ ਦੇ ਜੀਵਨ ਵਿੱਚ ਬਦਲਾਅ ਲਿਆ ਸਕਦੀ ਹੈ। ਆਪਣੇ ਪਰਿਵਾਰ ਅਤੇ ਭਾਈਚਾਰੇ ਦੇ ਮਰਦਾਂ ਦੇ ਮੁਕਾਬਲੇ ਵਧੇਰੇ ਔਰਤਾਂ ਨੂੰ ਸਮਾਜਕ ਨੀਤੀ ਲਈ ਇਕ ਨਿਰਣਾਇਕ ਪੱਖ ਵਜੋਂ ਲੈਣਾ ਚਾਹੀਦਾ ਹੈ। ਆਮ ਤੌਰ ਤੇ ਸਮਾਜਕ ਨੀਤੀਆਂ ਵਿੱਚ ਇਹ ਮੰਨ ਲਿਆ ਜਾਂਦਾ ਹੈ ਕਿ ਔਰਤਾਂ ਕਈ ਪੱਖਾਂ ਤੋਂ ਕਮਜ਼ੋਰ ਹੁੰਦੀਆਂ ਹਨ ਅਤੇ ਸਹਾਰਾ ਮੰਗਦੀਆਂ ਹਨ, ਆਪਣੇ ਆਪ ਦੀ ਰਾਖੀ ਦੇ ਘੱਟ ਕਾਬਲ ਹੁੰਦੀਆਂ ਹਨ ਅਤੇ ਆਮ ਤੌਰ ਤੇ ਮਰਦਾਂ ਅਤੇ ਬਾਹਰੀ ਸੰਸਾਰ ਤੋਂ ਹੇਠਾਂ ਹੁੰਦੀਆਂ ਹਨ। ਪਰ ਅਸਲੀਅਤ ਵਿੱਚ ਖ਼ਾਸ ਤੌਰ ਤੇ ਜਦੋਂ ਅਸੀਂ ਆਰਥਿਕਤਾ ਦੀ ਪੌੜੀ ਉਤੇ ਹੇਠਲੇ ਪੱਧਰ ਦੇ ਪਰਿਵਾਰ ਨੂੰ ਵੇਖਦੇ ਹਾਂ ਜਾਂ ਅਜਿਹੇ ਘਰ ਜਿਥੇ ਗਰੀਬ ਵੱਧ ਹਨ ਅਤੇ ਉਨ੍ਹਾਂ ਉਤੇ ਗਰੀਬੀ ਭਾਰੂ ਹੈ ਉਥੇ ਦੀ ਸਥਿਤੀ ਉਲਟ ਹੈ।

ਅਜਿਹੇ ਘਰਾਂ ਦੇ ਰੱਖ-ਰਖਾਅ ਲਈ ਭਾਵੇਂ ਉਹ ਪਾਣੀ, ਬਾਲਣ, ਖਾਣਾ ਅਤੇ ਸਾਂਭ-ਸੰਭਾਲ ਵਰਗੀਆਂ ਬੁਨਿਆਦੀ ਲੋੜਾਂ ਹੋਣ ਸਭ ਔਰਤਾਂ ਵਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇਸ ਤੋਂ ਛੁਟ ਬਹੁਤ ਸਾਰੇ ਘਰਾਂ ਵਿੱਚ ਔਰਤਾਂ ਮਾਲੀ ਤੌਰ ਤੇ ਜਾਂ ਹੋਰ ਉਪਰਾਲਿਆਂ ਰਾਹੀਂ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਜੁਗਾੜ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਕਈ ਸੋਕੇ ਵਰਗੀਆਂ ਆਫਤਾਂ ਵਾਲੇ ਹਾਲਾਤ ਵਿੱਚ ਜਦੋਂ ਖੇਤੀ ਵਾਲੇ ਇਲਾਕੇ ਔੜ ਦੀ ਮਾਰ ਹੇਠ ਆ ਜਾਂਦੇ ਹਨ ਅਤੇ ਘਰਾਂ ਵਿੱਚ ਆਮ ਖਾਣ-ਪੀਣ ਦੀਆਂ ਵਸਤਾਂ ਤੱਕ ਪਹੁੰਚ ਨਹੀਂ ਰਹਿੰਦੀ, ਉਦੋਂ ਔਰਤਾਂ ਹੀ ਹਨ ਜੋ ਪੌਦਿਆਂ ਦੀਆਂ ਜੜ੍ਹਾਂ ਪੁੱਟ ਕੇ, ਬੇਰ ਤੋੜ ਕੇ ਜਾਂ ਹੋਰ ਵਸੀਲਿਆਂ ਰਾਹੀਂ ਘਰ ਦੇ ਜੀਆਂ ਨੂੰ ਖੁਰਾਕ ਮੁਹੱਈਆ ਕਰਵਾਉਂਦੀਆਂ ਹਨ।

ਪਰਿਵਾਰਾਂ ਭਾਈਚਾਰਿਆਂ ਅਤੇ ਸਮਾਜ ਦੀ ਹੋਂਦ ਵਿੱਚ ਔਰਤਾਂ ਦੀ ਪ੍ਰਮੁੱਖ ਅਤੇ ਨਾਜ਼ੁਕ ਭੂਮਿਕਾ ਦਾ ਇਹ ਪੱਖ ਮਹੱਤਵਪੂਰਨ ਹੈ ਜਿਸ ਦੇ ਅਧਾਰ ਉਤੇ ਸਮਾਜਕ ਸਹਾਇਤਾ ਨੀਤੀ ਤਿਆਰ ਕੀਤੀ ਜਾਣੀ ਚਾਹੀਦੀ ਹੈ। ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਦਾ ਕਹਿਣਾ ਹੈ :

**"ਸਾਨੂੰ ਮਨੁੱਖਤਾ ਦੀ ਅਜਿਹੀ ਦ੍ਰਿਸ਼ਟੀ ਦੀ ਲੋੜ ਹੈ ਜੋ ਕਿ ਇਕ ਅਜਿਹੇ ਬਿਮਾਰ ਦੀ ਨਾ ਹੋਵੇ ਜਿਸ ਦੀਆਂ ਇੱਛਾਵਾਂ ਦੀ ਪੂਰਤੀ ਕਰਨ ਦੀ ਲੋੜ ਹੈ ਸਗੋਂ ਅਜਿਹੇ ਸਹਾਇਕ ਦੀ ਹੋਵੇ ਜੋ ਇਕੱਲਿਆਂ ਅਤੇ ਸਾਂਝੇ ਤੌਰ ਤੇ ਅਸਰਦਾਰ ਢੰਗ ਨਾਲ ਕੰਮ ਕਰ ਸਕੇ। ਸਾਨੂੰ ਮਨੁੱਖ ਦੇ ਖ਼ਾਸ ਤੌਰ ਤੇ ਇਕ ਖਪਤਕਾਰ ਜਾਂ ਲੋੜਵੰਦ ਲੋਕਾਂ ਵਾਲੀ ਭੂਮਿਕਾ ਤੋਂ ਪਾਰ ਜਾਣਾ ਪਵੇਗਾ ਅਤੇ ਵਧੇਰੇ ਉਦਾਰ ਹੋਕੇ ਵਿਚਾਰਨਾ ਹੋਵੇਗਾ ਮਨੁੱਖ ਦੀ ਇਕ ਸਹਾਇਕ ਵਜੋਂ ਭੂਮਿਕਾ ਬਾਰੇ, ਜੋ ਕਿ ਬਦਲਾਅ ਲਿਆ ਸਕਦਾ ਹੈ, ਮੌਕੇ ਜੁਟਾ ਸਕਦਾ ਹੈ, ਸੋਚ, ਪੜਚੋਲ, ਅਨੁਮਾਨ, ਹੱਲ, ਉਤਸ਼ਾਹ, ਵਿਦਰੋਹ ਅਤੇ ਇਨ੍ਹਾਂ ਉਪਰਾਲਿਆਂ ਨਾਲ ਸੰਸਾਰ ਨੂੰ ਮੁੜ ਘੜ ਸਕਦਾ ਹੈ।"**

ਔਰਤਾਂ ਨੂੰ ਦਿੱਤੀ ਜਾਂਦੀ ਸਮਾਜਕ ਇਮਦਾਦ ਜਾਂ ਸਮਾਜਕ ਵਿਕਾਸ ਨੀਤੀਆਂ ਦੀ ਸਹਾਇਤਾ ਵਿੱਚ ਕਈ ਰੁਕਾਵਟਾਂ ਹਨ। ਸਭ ਤੋਂ ਪਹਿਲੀ ਰੁਕਾਵਟ ਹੈ ਕਿ ਇਨ੍ਹਾਂ ਨੂੰ ਕਿਸ ਤਰ੍ਹਾਂ ਵੇਖਿਆ ਜਾਂ ਮਹਿਸੂਸ ਕੀਤਾ ਜਾਂਦਾ ਹੈ। 1970ਵਿਆਂ ਦੇ ਦਹਾਕੇ ਵਿੱਚ ਆਂਕੜੇ ਇਕੱਤਰ ਕਰਨ ਵਾਲੇ ਘਰਾਂ ਦੇ ਸਰਵੇਖਣ ਵਿੱਚ ਅਤੇ ਜਿਹੜੇ ਕਿ ਮਗਰੋਂ ਨੀਤੀਆਂ ਦਾ ਰੂਪ ਧਾਰਦੇ ਸਨ, ਨੂੰ ਘੜਨ ਵੇਲੇ ਔਰਤਾਂ ਨੂੰ ਘੱਟ ਕਾਬਲ ਜਿਵੇਂ ਕਿ ਵਿਧਵਾ ਅਤੇ ਅਨਾਥ ਆਦਿ ਦੀ ਸ਼੍ਰੇਣੀ ਵਿੱਚ ਰਖਿਆ ਜਾਂਦਾ ਸੀ। ਇਹ ਵਿਚਾਰਿਆ ਜਾਂਦਾ ਸੀ ਕਿ ਉਨ੍ਹਾਂ ਨੂੰ ਬੁਨਿਆਦੀ ਤੌਰ ਤੇ ਸਮਾਜ ਭਲਾਈ ਸੇਵਾਵਾਂ ਦੀ ਲੋੜ ਹੈ। ਮਹਿਲਾ ਅੰਦੋਲਨ ਮੈਂਬਰਾਂ ਨੂੰ ਕਈ ਦਹਾਕੇ ਲਗ ਗਏ ਇਹ ਸਾਬਤ ਕਰਨ ਵਿੱਚ ਕਿ ਔਰਤਾਂ ਹਰੇਕ ਸਮਾਜ ਅਤੇ ਭਾਈਚਾਰੇ ਵਿੱਚ ਪ੍ਰਮੁੱਖ ਆਰਥਿਕ ਸਹਾਇਕ ਹਨ ਅਤੇ ਇਸ ਲਈ ਇਨ੍ਹਾਂ ਨਾਲ ਇਕ ਭਲਾਈ ਲਈ ਵਸਤੂ ਵਰਗਾ ਵਤੀਰਾ ਨਹੀਂ ਕਰਨਾ ਚਾਹੀਦਾ ਸਗੋਂ ਉਨ੍ਹਾਂ ਨਾਲ ਆਰਥਿਕਤਾ ਵਿੱਚ ਪ੍ਰਮੁੱਖ ਯੋਗਦਾਨ ਪਾਉਣ ਵਾਲਿਆਂ ਵਰਗਾ ਵਿਹਾਰ ਕਰਨਾ ਚਾਹੀਦਾ ਹੈ ਅਤੇ ਇਸ

ਲਈ ਬਿਹਤਰ ਨਤੀਜੇ ਪ੍ਰਾਪਤ ਕਰਨ ਲਈ ਉਨ੍ਹਾਂ ਦੀ ਭੂਮਿਕਾ ਦੀ ਪਛਾਣ ਤੋਂ ਇਲਾਵਾ ਆਰਥਿਕਤਾ ਦੇ ਨਾਲ-ਨਾਲ ਮਾਲੀ ਇਮਦਾਦ ਅਤੇ ਸਮਾਜਕ ਸਹਾਰਾ ਬਹੁਤ ਜ਼ਰੂਰੀ ਸੀ।

ਮੌਜੂਦਾ ਵਿਸ਼ਵ ਭਰ ਵਿੱਚ ਇਸ ਤਰ੍ਹਾਂ ਦੀ ਮਜ਼ਬੂਤ ਦਸਤਾਵੇਜ਼ੀ ਮੰਗ ਉੱਭਰ ਰਹੀ ਹੈ ਕਿ ਔਰਤਾਂ ਦੀ ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖਭਾਲ ਅਤੇ ਘਰੇਲੂ ਕੰਮਕਾਜ ਵਿੱਚ ਭੂਮਿਕਾ ਨੂੰ ਨਾ ਸਿਰਫ ਪਛਾਣ ਮਿਲਣੀ ਚਾਹੀਦੀ ਹੈ ਸਗੋਂ ਉਨ੍ਹਾਂ ਵਲੋਂ ਇਸ ਲਈ ਖਰਚਿਆ ਜਾਂਦਾ ਸਮਾਂ ਜਿਹੜਾ ਕਿ ਲਗਭਗ ਸਾਰਾ ਸਮਾਂ ਹੁੰਦਾ ਹੈ, ਦਾ ਯਕੀਨੀ ਤੌਰ ਤੇ ਮੁਦਰੀਕਰਨ ਹੋਣਾ ਚਾਹੀਦਾ ਹੈ।

ਇਹ ਅਸਲੀਅਤ ਕਿ ਉਹ ਦਿਨ ਦਾ ਬਹੁਤ ਸਾਰਾ ਸਮਾਂ ਇਨ੍ਹਾਂ ਕੰਮਾਂ ਵਿੱਚ ਲਗੀਆਂ ਹੋਣ ਕਾਰਨ ਮਰਦਾਂ ਵਾਂਗ ਕਮਾਈ ਕਰਨ ਬਾਹਰ ਨਹੀਂ ਜਾ ਸਕਦੀਆਂ ਇਸ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ।

**ਔਰਤਾਂ ਦੇ ਕੰਮ ਦੀ ਪਛਾਣ ਜਾਂ ਉਨ੍ਹਾਂ ਦੇ ਕੰਮਾਂ ਦੀ ਵਿਆਖਿਆ ਦਾ ਦਾਇਰਾ ਇਸ ਤਰ੍ਹਾਂ ਵਧਾਉਂਦਾ ਕਿ ਜੋ ਕੰਮ ਔਰਤਾਂ ਕਰਦੀਆਂ ਹਨ ਉਨ੍ਹਾਂ ਨੂੰ ਸਮਝਿਆ, ਗਿਣਿਆ ਅਤੇ ਸਤਕਾਰਿਆ ਜਾਵੇ, ਅਜਿਹੀਆਂ ਪਹਿਲਕਦਮੀਆਂ ਵਿੱਚੋਂ ਇਕ ਹੈ ਜੋ ਕਿ ਔਰਤ ਨੂੰ ਤੰਦਰੁਸਤ ਅਤੇ ਵਧੀਆ ਜੀਵਨ ਜਿਉਣ ਦੇ ਕਾਬਲ ਬਣਾਉਣ ਲਈ ਮਹੱਤਵਪੂਰਨ ਹੈ।**

ਘਰੇਲੂ ਅਤੇ ਵਿਅਕਤੀਗਤ ਦੋਹਾਂ ਪੱਧਰਾਂ ਤੇ ਅੰਕੜਿਆਂ ਦੀ ਇਕੱਤਰਤਾ ਵਿੱਚ ਨਾਟਕੀ ਢੰਗ ਨਾਲ ਸੁਧਾਰ ਕਰਨ ਦੀ ਲੋੜ ਹੈ। ਆਂਕੜਾ ਇਕੱਤਰ ਪ੍ਰਣਾਲੀ ਦਾ ਰੁਖ ਮਰਦ ਨੂੰ ਹਰੇਕ ਘਰ ਦੇ ਪ੍ਰਮੁੱਖ ਰੋਜ਼ੀ ਰੋਟੀ ਕਮਾਉਣ ਵਾਲੇ ਵਜੋਂ ਦਰਸਾਉਂਦਾ ਹੈ ਅਤੇ ਔਰਤ ਨੂੰ ਅਨੁਪੂਰਕ ਕਮਾਊ ਜਾਂ ਆਸਰਿਤ ਵਜੋਂ ਆਂਕਦਾ ਹੈ। ਹਾਲਾਂਕਿ ਭਾਰਤ ਅਤੇ ਵਿਦੇਸ਼ ਵਿੱਚ ਕੀਤੇ ਗਏ ਅਧਿਐਨ ਜੋ ਔਰਤਾਂ ਦੇ ਵਕਤ ਨੂੰ ਹੀ ਨਹੀਂ ਸਗੋਂ ਉਨ੍ਹਾਂ ਦੇ ਸਮਾਜਕ ਯੋਗਦਾਨ ਨੂੰ ਵਰਤਦੇ ਹਨ, ਭਾਵੇਂ ਕਿ ਇਨ੍ਹਾਂ ਦਾ ਮੁਦਰੀਕਰਨ ਨਹੀਂ ਕੀਤਾ ਗਿਆ। ਇਹ ਦਰਸਾਉਂਦੇ ਹਨ ਕਿ ਔਰਤਾਂ ਖ਼ਾਸ ਕਰਕੇ ਬੇਜ਼ਮੀਨੇ ਅਤੇ ਗਰੀਬ ਘਰਾਂ ਵਿੱਚ ਆਰਥਿਕ ਅਤੇ ਸਮਾਜਕ ਪੱਖ ਤੋਂ ਮਰਦਾਂ ਦੇ ਮੁਕਾਬਲੇ ਵੱਧ ਨਹੀਂ ਤਾਂ ਬਰਾਬਰ ਦਾ ਯੋਗਦਾਨ ਪਾਉਂਦੀਆਂ ਹਨ। ਇਸ ਲਈ ਔਰਤਾਂ ਲਈ ਨੀਤੀਆਂ ਘੜਨ ਅਤੇ ਉਨ੍ਹਾਂ ਨੂੰ ਸਮਝਣ ਲਈ ਆਂਕੜਿਆਂ ਦੀ ਇਕੱਤਰਤਾ ਵਿੱਚ ਹੋਇਆ ਸੁਧਾਰ ਬਹੁਤ ਮਹੱਤਵਪੂਰਨ ਹੈ।

ਕਈ ਆਮ ਰੋਜ਼ਗਾਰ ਪ੍ਰਸ਼ਨਾਵਲੀਆਂ ਅਤੇ ਖ਼ਾਸ ਤੌਰ ਤੇ ਭਾਰਤੀ ਪ੍ਰਸ਼ਨਾਵਲੀਆਂ ਘਰ ਦੇ ਹਰੇਕ ਮੈਂਬਰ ਦੀ ਗਤੀਵਿਧੀ ਨੂੰ ਅਜਿਹੇ ਬਾਹਰੀ ਪੱਖ ਰਾਹੀਂ ਸੂਚਿਤ ਕਰਦਾ ਹੈ ਜਿਸ ਵਿੱਚ ਦਰਸਾਇਆ ਜਾਂਦਾ ਹੈ ਕਿ ਘਰੇਲੂ ਗਤੀਵਿਧੀਆਂ ਔਰਤਾਂ ਨੂੰ ਬੰਨ ਲੈਂਦੀਆਂ ਹਨ ਅਤੇ ਭਾਵੇਂ ਕਿ ਉਹ ਥੋੜ੍ਹੇ ਸਮੇਂ ਲਈ ਉਦਪਾਦਕ ਕੰਮ ਵਿੱਚ ਰੁਝੀ ਹੋਵੇ ਉਸ ਨੂੰ ਬਾਹਰ ਰਖਿਆ ਜਾਂਦਾ ਹੈ। ਰੇਨਾਨਾ ਝਾਬਵਾਲਾ ਆਪਣੇ ਅਧਿਐਨ ਵਿੱਚ ਇਸੇ ਤਰ੍ਹਾਂ ਦਾ ਹਵਾਲਾ ਦਿੰਦੀ ਹੈ।

"ਔਰਤ ਆਮ ਤੌਰ ਤੇ ਇਕ ਕਾਰਜਕਰਤਾ ਦੇ ਤੌਰ ਤੇ ਅਣਪਛਾਤੀ ਅਤੇ ਛੁਪੀ ਰਹਿ ਜਾਂਦੀ ਹੈ, ਦੋਹਾਂ ਕਾਰਨਾਂ ਕਰਕੇ ਕਿਉਂਕਿ ਉਹ ਇਕ ਔਰਤ ਹੈ ਅਤੇ ਕਿਉਂਕਿ ਗ਼ੈਰ ਰਸਮੀ ਆਰਥਿਕਤਾ ਵਿੱਚ ਕੀਤਾ ਗਿਆ ਕੰਮ ਅਕਸਰ ਛੁਪਿਆ ਰਹਿ ਜਾਂਦਾ ਹੈ ਆਰਥਿਕਤਾ ਦੇ ਨਾਲ-ਨਾਲ ਪਰਿਵਾਰ ਅਤੇ ਭਾਈਚਾਰੇ ਲਈ ਔਰਤਾਂ ਦੇ ਕੰਮ ਅਤੇ ਯੋਗਦਾਨ ਨੂੰ ਹਮੇਸ਼ਾ ਘੱਟ ਹੀ ਆਂਕਿਆ ਜਾਂਦਾ ਹੈ, ਖ਼ਾਸ ਤੌਰ ਤੇ ਉਦੋਂ ਜਦੋਂ ਔਰਤ ਘਰ-ਅਧਾਰਤ ਕਰਮਚਾਰੀ ਹੋਵੇ, ਘਰ ਦਾ ਕੰਮ ਜਾਂ ਸਾਂਭ-ਸੰਭਾਲ ਦਾ ਕੰਮ ਕਰਦੀ ਹੋਵੇ ਜਾਂ ਪਰਿਵਾਰਕ ਵਪਾਰ ਜਾਂ ਪਰਿਵਾਰ ਦੇ ਖੇਤਾਂ ਵਿੱਚ ਬਿਨਾਂ ਪੈਸੇ ਤੋਂ ਯੋਗਦਾਨ ਪਾਉਂਦੀ ਹੋਵੇ। ਘਰ ਸੰਜੋਣ ਜਾਂ ਬੱਚਿਆਂ ਦੀ ਸਾਂਭ-ਸੰਭਾਲ ਮੁਹੱਈਆ ਕਰਵਾਉਣ ਵਾਲੀ ਨਾਲੋਂ ਔਰਤ ਦੀ ਇਕ ਕਰਮਚਾਰੀ ਵਜੋਂ ਭੂਮਿਕਾ ਉਤੇ ਧਿਆਨ ਕੇਂਦਰਿਤ ਕਰਨਾ ਇਸ ਤੱਥ ਨੂੰ ਹੋਰ ਬਲ ਪ੍ਰਦਾਨ ਕਰਦਾ ਹੈ ਕਿ ਔਰਤਾਂ ਆਰਥਿਕ ਸਹਾਇਕ ਹਨ ਜੋ ਕਿ ਆਪਣੇ ਘਰ ਅਤੇ ਆਰਥਿਕਤਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੀਆਂ ਹਨ, ਇਸ ਲਈ ਇਨ੍ਹਾਂ ਨੂੰ ਆਰਥਿਕ ਅਤੇ ਸਮਾਜਕ ਨੀਤੀਆਂ ਦੇ ਧੁਰੇ ਦੇ ਤੌਰ ਤੇ ਵਿਚਾਰਿਆ ਜਾਣਾ ਚਾਹੀਦਾ ਹੈ।"

11ਵੀਂ ਪੰਜ ਸਾਲਾ ਯੋਜਨਾ ਦੀ ਤਿਆਰੀ ਦੌਰਾਨ (2007-2012) ਯੋਜਨਾ ਕਮਿਸ਼ਨ ਨੇ "ਮਹਿਲਾ ਅਰਥਸ਼ਾਸਤਰੀਆਂ ਦੇ ਕਾਰਜਸ਼ੀਲ ਗੁਟ" (ਡਬਲਿਊ ਜੀ ਐੱਫ ਈ) ਦਾ ਗਠਨ ਕੀਤਾ, ਜਿਸ ਦਾ ਕੰਮ ਨਾ ਸਿਰਫ ਔਰਤਾਂ ਅਤੇ ਵਿਕਾਸ ਦੇ ਪਾਠਕ੍ਰਮ ਦਾ ਖਾਕਾ ਤਿਆਰ ਕਰਨਾ ਸੀ ਜੋ ਕਿ ਇਕ ਰਵਾਇਤੀ ਕਾਰਜ ਹੈ ਸਗੋਂ ਮੁੱਖ ਅਧਿਆਏ ਜਿਸ ਵਿੱਚ ਬੁਨਿਆਦੀ ਢਾਂਚਾ, ਸੱਨਅਤਾਂ ਅਤੇ ਖੇਤੀਬਾੜੀ ਆਦਿ ਸ਼ਾਮਲ ਹਨ ਉਤੇ ਵੀ ਨਜ਼ਰ ਰਖਣੀ ਸੀ।

ਜਦੋਂ ਇਨ੍ਹਾਂ ਅਧਿਆਏ ਦੀ ਘੋਖ ਕੀਤੀ ਗਈ ਤਾਂ ਇਸ ਗਰੁੱਪ ਵਲੋਂ ਦਿੱਤੇ ਗਏ ਸੁਝਾਵਾਂ ਵਿੱਚੋਂ ਇਕ ਸੀ ਕਿ ਬੁਨਿਆਦੀ ਢਾਂਚਾ ਵਿਕਾਸ ਅਧਿਆਏ ਵਿੱਚ ਜੋ ਕਿ ਬਜਟ ਨਿਰਧਾਰਨ ਲਈ ਬਹੁਤ ਮਹੱਤਵਪੂਰਨ ਸੀ, ਵਿੱਚ ਸਮਾਜਕ ਬੁਨਿਆਦੀ ਢਾਂਚਾ ਜਾਂ ਨਾਜ਼ੁਕ ਬੁਨਿਆਦੀ ਢਾਂਚੇ ਵਰਗਾ ਵੀ ਕੁੱਝ ਹੋਣਾ ਚਾਹੀਦਾ ਹੈ।

ਨਾਜ਼ੁਕ ਬੁਨਿਆਦੀ ਢਾਂਚੇ ਦਾ ਮਤਲਬ ਹੋਵੇਗਾ ਸਹਾਇਕ ਸੇਵਾਵਾਂ ਜੋ ਕਿ ਅਤਿ ਤੋਂ ਅਤਿ ਗਰੀਬ ਔਰਤ ਨੂੰ ਸਮਾਜ ਅਤੇ ਅਰਥਚਾਰੇ ਵਿੱਚ ਸ਼ਮੂਲੀਅਤ ਲਈ ਕਾਬਲ ਬਣਾਵੇ। ਉਦਾਹਰਣ ਦੇ ਤੌਰ ਤੇ ਇਕ ਇਮਾਰਤੀ ਕੰਪਲੈਕਸ ਉਸਾਰਨ ਦਾ ਵਿਚਾਰ ਸੀ ਜਿਸ ਵਿੱਚ ਸਹਾਇਕ ਪ੍ਰਣਾਲੀਆਂ ਜਿਵੇਂ ਕਿ ਪਾਣੀ ਦਾ ਸਰੋਤ, ਕਰੈਚ, ਬਾਲਵਾੜੀ, ਸ਼ੌਚਾਲਿਆ, ਨਹਾਉਣ ਵਾਲੀ ਥਾਂ (ਗ਼ੁਸਲਖਾਨਾ) ਇਥੋਂ ਤਕ ਕਿ ਇਕ ਰਸੋਈ ਅਤੇ ਕੱਪੜੇ ਧੋਣ ਦੀ ਜਗ੍ਹਾ ਇਕੋ ਇਮਾਰਤ ਵਿੱਚ ਹੋਣ। ਇਹ ਇਮਾਰਤ ਮੌਜੂਦਾ ਫੰਡਾਂ ਨਾਲ ਉਸਾਰੀ ਜਾਵੇ ਜੋ ਕਿ ਇਨ੍ਹਾਂ ਸੇਵਾਵਾਂ ਨੂੰ ਮੁਹੱਈਆ ਕਰਵਾਉਣ ਲਈ ਸਾਡੇ ਕੋਲ ਹਨ। ਇਸ ਨੂੰ ਬੁਨਿਆਦੀ ਢਾਂਚੇ ਦੇ ਅਧੀਨ ਰੱਖਿਆ ਜਾ ਸਕਦਾ ਹੈ ਕਿਉਂਕਿ ਇਸ ਵਿੱਚ ਇਮਾਰਤ, ਬਿਜਲੀ ਅਤੇ ਹੋਰਨਾਂ ਅਜਿਹੀਆਂ ਸੇਵਾਵਾਂ ਜਿਹੜੀਆਂ ਕਿ ਅਕਸਰ ਵੱਡੀਆਂ ਦਫ਼ਤਰੀ ਇਮਾਰਤਾਂ ਅਤੇ ਕੰਪਲੈਕਸ ਜੋ ਕਿ ਮੱਧ ਅਤੇ ਉੱਚ ਸ਼੍ਰੇਣੀ ਦੇ ਸ਼ਹਿਰਾਂ ਵਿੱਚ ਬਣਦੇ ਹਨ ਨੂੰ ਦਿੱਤੀਆਂ ਜਾਂਦੀਆਂ ਹਨ, ਲਈ ਪੂੰਜੀਕਾਰੀ ਦੀ ਲੋੜ ਪੈਂਦੀ ਹੈ।

ਸੋ, ਕਮਜ਼ੋਰ ਤਬਕੇ ਦੀ ਗਰੀਬੀ ਦੀ ਜਕੜ ਵਿੱਚ ਆਈ ਔਰਤ ਦੀ ਇਨ੍ਹਾਂ ਸਮੂਹਕ ਤੌਰ ਤੇ ਸਿਰਜੀਆਂ ਸੇਵਾਵਾਂ ਤੱਕ ਪਹੁੰਚ ਹੋ ਜਾਵੇਗੀ ਅਤੇ ਉਸ ਨੂੰ ਜਿਸ ਤਰ੍ਹਾਂ ਉਨ੍ਹਾਂ ਦੇ ਘਰਾਂ ਵਿੱਚ ਅਕਸਰ ਹੁੰਦਾ ਹੈ ਆਪਣੇ ਘਰ ਦੇ ਕੰਮਕਾਜ ਆਪਣੀ ਵੱਡੀ ਲੜਕੀ ਦੇ ਜ਼ਿੰਮੇ ਛੱਡ ਕੇ ਮੀਲਾਂ

*ਬਾਕੀ ਸਫ਼ਾ 20 ਉੱਤੇ*

# ਪ੍ਰਤੀਕੂਲ ਬੱਚਾ ਲਿੰਗ ਅਨੁਪਾਤ - ਮਨੋਬਿਰਤੀਆਂ ਅਤੇ ਸਰਕਾਰੀ ਨੀਤੀ

ਮੈਰੀ ਈ. ਜੌਹਨ

ਭਾਰਤ ਵਿੱਚ ਘੱਟੋ-ਘੱਟ ਉਪਨਿਵੇਸ਼ਕ ਕਾਲ ਤੋਂ ਅਣਸੁਖਾਵਾਂ ਲਿੰਗ ਅਨੁਪਾਤ ਸਾਡੇ ਇਤਿਹਾਸ ਦਾ ਇਕ ਹਿੱਸਾ ਰਿਹਾ ਹੈ। 1970ਵਿਆਂ ਵਿੱਚ ਇਹ ਇਕ ਪ੍ਰਮੁੱਖ ਮੁਸੀਬਤ ਵਜੋਂ ਮੁੜ-ਸੁਰਜੀਤ ਹੋ ਗਿਆ। ਭਾਵੇਂ ਕਿ 19ਵੀਂ ਸਦੀ ਵਿੱਚ ਬਰਤਾਨਵੀ ਅਧਿਕਾਰੀਆਂ ਵਲੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੋਵੇ ਕਿ ਰਾਜਪੂਤ ਅਤੇ ਜਾਟ ਆਪਣੀਆਂ ਬੇਟੀਆਂ ਨੂੰ ਕਿਉਂ ਮਾਰ ਦਿੰਦੇ ਸਨ ਜਾਂ ਉਪਨਿਵੇਸ਼ਕ ਕਾਲ ਤੋਂ ਬਾਅਦ ਦੇ ਭਾਰਤ ਵਿੱਚ ਜਨ ਆਂਕੜਾ ਵਿਗਿਆਨੀਆਂ ਦੀ ਇਹ ਜਾਣਨ ਦੀ ਇੱਛਾ ਕਿ ਅਜ਼ਾਦੀ ਤੋਂ ਮਗਰੋਂ ਵੀ ਮਰਦਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਵਿੱਚ ਕਮੀ ਕਿਉਂ ਆ ਰਹੀ ਹੈ, ਇਸ ਮੁੱਦੇ ਦੀ ਪਹੁੰਚ ਵਿੱਚ ਕਈ ਬੁਝਾਰਤਾਂ ਅਤੇ ਵਖਰੇਵਿਆਂ ਦੀ ਕੋਈ ਕਮੀ ਨਹੀਂ। 1980ਵਿਆਂ ਤੋਂ ਬਾਅਦ ਇਕ ਬੜਾ ਅਚੰਭੇ ਵਾਲਾ ਨਵਾਂ ਪੱਖ ਸਾਹਮਣੇ ਆਇਆ ਜਦੋਂ ਪਤਾ ਲੱਗਾ ਕਿ ਦਿੱਲੀ ਅੰਮ੍ਰਿਤਸਰ ਅਤੇ ਬੰਬਈ ਵਰਗੇ ਵੱਡੇ ਸ਼ਹਿਰਾਂ ਵਿੱਚ ਭਰੂਣ ਦੇ ਵਿਕਾਸ ਦੀ ਜਾਂਚ ਲਈ ਬਣੀ ਤਕਨਾਲੋਜੀ ਨੂੰ ਭਰੂਣ ਦੇ ਲਿੰਗ ਦਾ ਪਤਾ ਲਗਾਉਣ ਲਈ ਵਰਤਿਆ ਜਾ ਸਕਦਾ ਹੈ ਅਤੇ ਭਰੂਣ ਦੇ ਲੜਕੀ ਹੋਣ ਉਤੇ ਉਸ ਦਾ ਗਰਭਪਾਤ ਕੀਤਾ ਜਾਂਦਾ ਹੈ।

ਪੱਖਪਾਤੀ ਲਿੰਗ ਚੋਣ ਲਈ ਡਾਕਟਰਾਂ ਵਲੋਂ ਤਕਨਾਲੋਜੀ ਦੀ ਗਲਤ ਵਰਤੋਂ ਕਾਰਨ ਭਾਰਤ ਨੇ ਪ੍ਰੀ ਕਨਸੈਪਸ਼ਨ ਅਤੇ ਪ੍ਰੀ ਨੇਟਲ ਡਾਇਗਨੋਸਟਿਕ ਟੈਕਨੀਕਸ (ਪੀ ਸੀ-ਪੀ ਐੱਨ ਡੀ ਟੀ) ਕਾਨੂੰਨ ਘੜ ਕੇ ਇਸ ਕੰਮ ਨੂੰ ਇਕ ਜੁਰਮ ਐਲਾਨਿਆ ਹੈ। ਕਾਨੂੰਨ ਦੀ ਉਲੰਘਣਾ ਕਰਨ ਵਾਲੇ ਡਾਕਟਰਾਂ ਅਤੇ ਰੇਡੀਆਲੋਜਿਸਟਾਂ ਨੂੰ ਫੜਨ ਲਈ ਅਤੇ ਲਿੰਗ ਨਿਰਧਾਰਨ ਦੇ ਕੰਮ ਨੂੰ ਠੱਲ ਪਾਉਣ ਲਈ ਇਕ ਮਹੱਤਵਪੂਰਨ ਅਤੇ ਲੰਬੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੀ ਸਫਲਤਾ ਇਕ ਕਠਨ ਕੰਮ ਹੈ ਕਿਉਂਕਿ ਇਸ ਨੂੰ ਵੱਡੇ ਕਲੀਨਿਕਾਂ ਡਾਕਟਰੀ ਪੇਸ਼ੇ ਵਾਲਿਆਂ ਅਤੇ ਰਾਜ ਪੱਧਰੀ ਜਾਂਚ ਸਮੂਹਾਂ ਵਿਚਾਲੇ ਗੰਢਤੁਪ ਦੇ ਰਵਾਇਤੀ ਪ੍ਰਚਲਨ ਕਾਰਨ ਇਸ ਕੰਮ ਨੂੰ ਠੱਲਣ ਲਈ ਉਚੇਰੇ ਪੱਧਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਬੜੇ ਉਤਸ਼ਾਹ ਦੀ ਲੋੜ ਹੈ, ਜਿਹੜੀ ਕਿ ਬਹੁਤ ਥੋੜ੍ਹੇ ਸਮਰਪਤ ਸਰਕਾਰੀ ਅਧਿਕਾਰੀਆਂ ਅਤੇ ਜ਼ਿਲ੍ਹਾ ਕਲੈਕਟਰਾਂ (ਉਦਾਹਰਣ ਵਜੋਂ ਜਿਵੇਂ ਫਰੀਦਾਬਾਦ ਅਤੇ ਹੈਦਰਾਬਾਦ ਵਿੱਚ) ਵਿੱਚ ਦੇਖਣ ਨੂੰ ਮਿਲਦੀ ਹੈ ਜਾਂ ਲਿੰਗ ਨਿਰਧਾਰਨ ਨੂੰ ਇਕ ਜੁਰਮ ਦੇ ਰੂਪ ਵਿੱਚ ਵਰਤ ਰਹੇ ਡਾਕਟਰੀ ਅਤੇ ਮੈਡੀਕਲ ਕਿੱਤੇ ਵਾਲਿਆਂ ਨੂੰ ਫੜਨ ਲਈ ਗ਼ੈਰ ਸਰਕਾਰੀ ਸੰਸਥਾਵਾਂ ਅਤੇ ਮੀਡੀਆ ਵਾਲਿਆਂ (ਰਾਜਸਥਾਨ ਵਿੱਚ ਅਤੇ ਮਹਾਰਾਸ਼ਟਰ ਦੇ ਬੀੜ ਜ਼ਿਲ੍ਹੇ ਵਿੱਚ) ਵਲੋਂ ਸਟਿੰਗ ਆਪ੍ਰੇਸ਼ਨ ਕੀਤੇ ਜਾਣੇ ਚਾਹੀਦੇ ਹਨ। ਪਰ ਕਈਆਂ ਨੇ ਸੁਚੇਤ ਕੀਤਾ ਕਿ ਅਜਿਹਾ ਸਮਰਥਨ ਕਿਤੇ ਗਰਭਪਾਤ ਦੇ ਖਿਲਾਫ ਅਣਇੱਛਤ ਮੁਹਿੰਮ ਵਿੱਚ ਨਾ ਬਦਲ ਜਾਵੇ। ਗਰਭਪਾਤ (ਭਾਰਤ ਵਿੱਚ ਔਰਤਾਂ ਨੂੰ ਜਿਸ ਦਾ ਪੂਰਨ ਅਧਿਕਾਰ ਪ੍ਰਾਪਤ ਨਹੀਂ ਪਰ ਇਸ ਨੂੰ ਪਰਿਵਾਰ ਨਿਯੋਜਨ ਪ੍ਰੋਗਰਾਮ ਨਾਲ ਜੋੜਿਆ ਗਿਆ ਹੈ) ਤੱਕ ਉਨ੍ਹਾਂ ਔਰਤਾਂ ਦੀ ਪਹੁੰਚ ਖ਼ਤਰੇ ਵਿੱਚ ਸੀ ਜਿਨ੍ਹਾਂ ਨੂੰ ਅਸਲ ਵਿੱਚ ਇਨ੍ਹਾਂ ਦੀ ਲੋੜ ਸੀ।

## ਮਾਨਸਿਕ ਧਾਰਨਾਵਾਂ ਉਤੇ ਮੁੜ ਵਿਚਾਰ

ਇਹ ਆਮ ਵਿਸ਼ਵਾਸ ਹੈ ਕਿ ਲੋਕ ਲਿੰਗ ਨਿਰਧਾਰਨ ਲਈ ਕੁਝ ਵਿਸ਼ੇਸ਼ ਮਾਨਸਿਕ ਧਾਰਨਾਵਾਂ ਦੇ ਵਿਚਾਰ ਕਾਰਨ ਜਾਂਦੇ ਹਨ। ਕਿਸੇ ਨੇ ਇਹ ਕਿੰਨੀ ਵਾਰ ਸੁਣਿਆ ਹੈ ਕਿ ਕੋਈ ਮਾਨਸਿਕ ਧਾਰਨਾ ਕਿਸੇ ਮੁਸੀਬਤ ਦੀ ਜੜ ਹੋਵੇ ਅਤੇ ਮਾਨਸਿਕ ਧਾਰਨਾ ਨੂੰ ਬਦਲਣ ਲਈ ਕੀ ਚਾਹੀਦਾ ਹੈ? ਇਸ ਸ਼ਬਦ ਦਾ ਅਰਥ ਕੀ ਹੈ? ਸ਼ਬਦ ਕੋਸ਼ ਦੇ ਮੁਤਾਬਕ ਸ਼ਬਦ 'ਮਾਈਂਡ ਸੈੱਟ' ਦਾ ਅਰਥ ਹੈ ਕਿਸੇ ਵਲੋਂ ਅਪਣਾਈਆਂ ਗਈਆਂ ਸਥਾਪਤ ਮਨੋਬਿਰਤੀਆਂ ਅਤੇ ਸ਼ਬਦਕੋਸ਼ ਵਲੋਂ ਉਦਾਹਰਣ ਮੁਹੱਈਆ ਕਰਵਾਈ ਜਾਂਦੀ ਹੈ "ਖੇਤਰ ਮੱਧਕਾਲੀ ਮਨੋਬਿਰਤੀ ਵਿੱਚ ਬੱਝ ਗਿਆ ਲਗਦਾ ਹੈ" ਮੈਨੂੰ ਲਗਦਾ ਹੈ ਕਿ ਵਿਆਖਿਆ ਅਤੇ ਉਦਾਹਰਣ ਇਸ ਗੱਲ ਨੂੰ ਸਪੱਸ਼ਟ ਦਰਸਾਉਂਦੇ ਹਨ ਕਿ ਇਸ ਸ਼ਬਦ ਨੂੰ ਲਿੰਗ ਨਿਰਧਾਰਨ ਦੇ ਕਾਰਜ ਨੂੰ ਸਮਝਣ ਅਤੇ ਉਸ ਦੀ ਖਿਲਾਫਤ ਕਰਨ ਲਈ ਕਿਵੇਂ ਵਰਤਿਆ ਜਾਂਦਾ ਹੈ। ਸਾਡਾ ਵਿਸ਼ਵਾਸ ਹੈ ਕਿ ਇਸ ਕਾਰਜ ਨੂੰ ਕਰਨ ਵਾਲੇ ਦੋਸ਼ੀ ਪਰਿਵਾਰ ਧੀਆਂ ਅਤੇ ਪੁੱਤਾਂ ਅਤੇ ਕਿਵੇਂ ਉਨ੍ਹਾਂ ਨੂੰ ਮਹੱਤਵ ਦੇਣਾ ਹੈ ਬਾਰੇ ਪੱਕੀਆਂ ਧਾਰਨਾਵਾਂ ਪਾਲਣ ਤੋਂ ਪੀੜਤ ਹਨ। ਉਨ੍ਹਾਂ ਦੇ ਵਿਚਾਰ ਬੱਝ ਗਏ ਹਨ ਕਿਉਂਕਿ ਧੀਆਂ ਨੂੰ ਘੱਟ ਮਹੱਤਵ ਦੇਣ ਦੀਆਂ ਪੁਰਾਤਨ ਰਵਾਇਤਾਂ ਤੋਂ ਉਤਪਨ ਹੋਏ ਹਨ। ਇਸ ਦਾ ਮਤਲਬ ਹੈ ਜਦੋਂ ਅਸੀਂ ਲੋਕਾਂ ਨੂੰ ਆਪਣੀ ਮਨੋਬਿਰਤੀ ਬਦਲਣ ਲਈ ਕਹਿੰਦੇ ਹਾਂ ਤਾਂ ਅਸੀਂ ਚਾਹੁੰਦੇ ਹਾਂ ਕਿ ਘਟ ਰਵਾਇਤੀ ਅਤੇ ਆਧੁਨਿਕ ਵਿਚਾਰਾਂ ਦੇ ਧਾਰਨੀ ਹੋਣ।

ਅਣਸੁਖਾਵੀਂ ਬੱਚਾ ਲਿੰਗ ਅਨੁਪਾਤ ਉਤੇ ਅਧਾਰਤ ਸਾਡੀ ਖੋਜ ਦੇ ਅਧਾਰ ਉਤੇ ਮੈਨੂੰ ਲਗਦਾ ਹੈ ਕਿ ਇਸ ਮੁਸ਼ਕਲ ਦੀ ਅਪਰਿਆਪਤ ਸਮਝ ਹੈ। ਜਦੋਂ ਅਸੀਂ ਇਸ ਤਰ੍ਹਾਂ ਸੋਚਦੇ ਹਾਂ ਅਸੀਂ ਇਹ ਧਾਰਨਾ ਬਣਾ ਲੈਂਦੇ ਹਾਂ ਕਿ ਅਜਿਹੇ ਲੋਕਾਂ ਦੀ ਸਮਝ ਉਨ੍ਹਾਂ ਦੇ ਜੀਵਨ ਦੀ ਸਮੇਂ ਸਾਰਨੀ ਨਹੀਂ। ਪਰ ਸਾਨੂੰ ਵਧੇਰੇ ਸੁਚੇਤ ਹੋ ਕੇ ਇਹ ਵੇਖਣਾ ਹੋਵੇਗਾ ਕਿ ਧੀਆਂ ਦੀ ਬਜਾਏ

ਪੁੱਤਰਾਂ ਨੂੰ ਪਾਉਣ ਲਈ ਫੈਸਲਾ ਕਰਨ ਬਾਰੇ ਪਰਿਵਾਰ ਕੀ ਸੋਚਦੇ ਹਨ। ਪਰਿਵਾਰ ਆਪਣੇ ਭਵਿੱਖ ਦੀ ਯੋਜਨਾਬੰਦੀ ਨਾ ਸਿਰਫ ਆਪਣੇ ਬੁਢਾਪੇ ਦੇ ਵਿਚਾਰ ਨਾਲ ਕਰਦੇ ਹਨ ਸਗੋਂ ਇਸ ਉਮੀਦ ਦੇ ਅਧਾਰ ਉਤੇ ਕਰਦੇ ਹਨ ਕਿ ਆਪਣੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਉਹ ਕਿਸ ਤਰ੍ਹਾਂ ਦੇ ਸਰੋਤ ਜੁਟਾ ਸਕਣਗੇ। ਇਸ ਲਈ ਹਾਂ ਅਸੀਂ ਲੋਕਾਂ ਦੀ ਮਨੋਬਿਰਤੀ ਅਤੇ ਵਿਚਾਰਾਂ ਨਾਲ ਵਿਹਾਰ ਕਰ ਰਹੇ ਹਾਂ। ਪਰ ਇਹ ਉਹ ਵਿਚਾਰ ਹਨ ਜੋ ਕਿ ਸਮਕਾਲੀਨ ਸਮਾਜ ਅਤੇ ਆਰਥਿਕ ਸੰਦਰਭ ਜਿਸ ਵਿੱਚ ਅਸੀਂ ਰਹਿ ਰਹੇ ਹਾਂ ਵਿੱਚ ਘੜੇ ਗਏ ਹਨ। ਦੂਜੇ ਸ਼ਬਦਾਂ ਵਿੱਚ ਅਜੋਕੇ ਸਮੇਂ ਪਰਿਵਾਰ ਬੱਚੇ ਪੈਦਾ ਕਰਨ ਅਤੇ ਉਨ੍ਹਾਂ ਨੂੰ ਆਸਰਾ ਦੇਣ ਦੇ ਵਸੀਲੇ ਜੁਟਾਉਣ ਦੇ ਕਾਬਲ ਹੋਣ ਦੇ ਵਿਚਾਰਾਂ ਵਿਚਕਾਰ ਲੜ ਰਹੇ ਹਨ। ਇਹ ਇਕ ਬਹੁਤ ਪ੍ਰਭਾਵਸ਼ਾਲੀ ਅਤੇ ਗੁੰਝਲਦਾਰ ਰਿਸ਼ਤਾ ਹੈ ਜਿਸ ਵਿੱਚ ਪਰਿਵਾਰ ਆਪਣੇ ਆਧੁਨਿਕ ਆਲੇ ਦੁਆਲੇ ਤੋਂ ਵਿਆਪਕ ਅਤੇ ਡੂੰਘੇ ਤੌਰ ਤੇ ਪ੍ਰਭਾਵਤ ਹਨ।

ਇਸ ਦਾ ਮਤਲਬ ਹੈ ਕਿ ਸਾਨੂੰ ਅਜਿਹੇ ਪ੍ਰਸ਼ਨ ਕਰਨੇ ਚਾਹੀਦੇ ਹਨ ਜਿਵੇਂ ਕਿ 1980ਵਿਆਂ ਤੋਂ ਨਵੀਆਂ ਤਕਨੀਕਾਂ ਦੀ ਉਪਲਬਧਤਾ ਤੋਂ ਇਲਾਵਾ ਪਿਛਲੇ ਕੁਝ ਦਹਾਕਿਆਂ ਦੌਰਾਨ ਕਿਹੜੀਆਂ ਵਿਕਾਸ ਸਰਗਰਮੀਆਂ ਨੇ ਸਾਡੇ ਫੈਸਲਾ ਨਿਰਧਾਰਨ ਨੂੰ ਪ੍ਰਭਾਵਤ ਕੀਤਾ ਹੈ? ਕਿਸ ਤਰ੍ਹਾਂ ਦੇ ਪਰਿਵਾਰ ਵਿਸ਼ੇਸ਼ ਤੌਰ ਤੇ ਸੰਵੇਦਨਸ਼ੀਲ ਹਨ?

ਸਭ ਤੋਂ ਪਹਿਲਾਂ ਇਹ ਧਿਆਨ ਦੇਣ ਯੋਗ ਹੈ ਕਿ ਬੱਚਾ ਲਿੰਗ ਅਨੁਪਾਤ ਦੇ ਵਾਧੇ ਦਾ ਸਮਾਂ ਉਸ ਆਰਥਿਕ ਵਿਕਾਸ ਦੇ ਉਛਾਲ ਨਾਲ ਮੇਲ ਖਾਂਦਾ ਹੈ ਜੋ ਕਿ ਭਾਰਤ ਵਿੱਚ 1990ਵਿਆਂ ਵਿੱਚ ਵੇਖਣ ਨੂੰ ਮਿਲਿਆ। ਭਾਵੇਂ ਵੱਡੀ ਪੱਧਰ ਉਤੇ ਆਰਥਿਕ ਪਸਾਰਾ ਅਤੇ ਬਦਲਾਅ ਹੋਏ ਪਰ ਅਸਲੀਅਤ ਇਹ ਰਹੀ ਕਿ ਇਸ ਵਿਕਾਸ ਦੇ ਲਾਭ ਅਸਾਵੇਂ ਹਨ ਅਤੇ ਪੁਰਾਣਿਆਂ ਦੀ ਥਾਂ ਉਤੇ ਨਵੇਂ ਲੋੜੀਂਦੇ ਰੋਜ਼ਗਾਰ ਪੈਦਾ ਨਹੀਂ ਹੋ ਰਹੇ। ਇਸ ਸਭ ਦੇ ਦੌਰਾਨ ਔਰਤਾਂ ਸਭ ਤੋਂ ਵੱਧ ਪ੍ਰਭਾਵਤ ਹਨ।

ਉਹ ਪਰਿਵਾਰ ਜਿਹੜੇ ਬਹੁਤੇ ਗਰੀਬ ਨਹੀਂ ਥੋੜ੍ਹੇ ਬੱਚੇ ਪੈਦਾ ਕਰਕੇ ਜਿਨ੍ਹਾਂ ਉਤੇ ਉਹ ਪੂੰਜੀ ਲਗਾ ਸਕਣ ਆਪਣੇ ਆਰਥਿਕ ਹਾਲਾਤ ਸੁਧਾਰਨ ਲਈ ਸੰਘਰਸ਼ ਕਰ ਰਹੇ ਹਨ, ਉਹ ਲਿੰਗ ਨਿਰਧਾਰਨ ਵਰਗੇ ਕਾਰਜਾਂ ਪ੍ਰਤਿ ਵਧੇਰੇ ਸੰਵੇਦਨਸ਼ੀਲ ਹਨ। ਭਾਵੇਂ ਕਿ ਉਨ੍ਹਾਂ ਵਿਚੋਂ ਕਈ ਕਹਿੰਦੇ ਹਨ ਕਿ ਉਹ ਇਕ ਲੜਕਾ ਅਤੇ ਇਕ ਲੜਕੀ ਚਾਹੁੰਦੇ ਹਨ। ਇਸ ਦਾ ਅਸਲ ਮਤਲਬ ਕੀ ਹੈ ਕਿ ਉਹ ਘੱਟੋ-ਘੱਟ ਇਕ ਪੁੱਤਰ ਅਤੇ ਬਹੁਤ ਹੋ ਗਿਆ ਤਾਂ ਇਕ ਧੀ ਚਾਹੁੰਦੇ ਹਨ। ਇਸ ਤੋਂ ਇਲਾਵਾ ਅਜਿਹੇ ਪਰਿਵਾਰ ਆਧੁਨਿਕ ਹਨ ਜੋ ਆਪਣੇ ਬੱਚਿਆਂ ਲਈ ਲੋੜੀਂਦੀ ਦੇਖਭਾਲ, ਖੁਰਾਕ, ਚੰਗੀ ਸਿੱਖਿਆ ਅਤੇ ਜਵਾਨੀ ਵਿੱਚ ਸਫਲਤਾ ਪੂਰਵਕ ਵਸਣ ਦੇ ਨਾਂ ਉਤੇ ਲੜਕੇ ਲਈ ਇਕ ਭਰੋਸੇਯੋਗ ਨੌਕਰੀ ਅਤੇ ਲੜਕੀ ਲਈ ਟਿਕਾਊ ਵਿਹਾਉਤਾ ਜੀਵਨ ਦੀ ਚਾਹਨਾ ਕਰਦੇ ਹਨ। ਪਰ ਇਹ ਕਹਿਣਾ ਅਸਾਨ ਹੈ ਪਰ ਕਰਨਾ ਮੁਸ਼ਕਿਲ ਅਤੇ ਇਸ ਨਾਲ ਬਹੁਤ ਬੋਝ ਦਾ ਅਹਿਸਾਸ ਅਤੇ ਚਿੰਤਾ ਪੈਦਾ ਹੋ ਰਹੀ ਹੈ ਖ਼ਾਸ ਕਰਕੇ ਉਦੋਂ ਜਦੋਂ ਬੇਭਰੋਸਗੀ ਨਾਲ ਲਬਰੇਜ਼ ਆਰਥਿਕ ਅਤੇ ਸਭਿਆਚਾਰਕ ਵਾਤਾਵਰਨ ਵਿੱਚ ਧੀ ਦਾ ਪਾਲਣ-ਪੋਸ਼ਣ ਕਰਨਾ ਹੋਵੇ ਤਾਂ। ਇਸ ਲਈ ਕਹਾਣੀ ਨੂੰ ਛੋਟਾ ਕਰਦਿਆਂ, ਪਰਿਵਾਰ ਅਜਿਹੇ ਮਨੋਭਾਵਾਂ ਦੇ ਸਬੂਤਾਂ ਦਾ ਮੁਜਾਹਰਾ ਕਰ ਰਹੇ ਹਨ ਜੋ ਕਿ ਅਜਿਹੇ ਸਮੇਂ ਨਾਲ ਮੇਲ ਖਾਂਦੀ ਹੈ ਜਦੋਂ ਉਹ ਇਹ ਚੁਣਨ ਕਿ ਉਨ੍ਹਾਂ ਨੂੰ ਧੀ ਨਹੀਂ ਚਾਹੀਦੀ।

## ਸਰਕਾਰੀ ਸਕੀਮਾਂ ਦੀ ਨਾਜ਼ੁਕ ਭੂਮਿਕਾ

ਅਜਿਹੇ ਹਾਲਾਤ ਵਿੱਚ ਸਰਕਾਰ ਨੂੰ ਆਪਣੇ ਅਧਿਕਾਰ ਹੇਠਲੇ ਵਸੀਲੇ ਵਰਤਣੇ ਚਾਹੀਦੇ ਹਨ ਜਿਵੇਂ ਕਿ ਪਰਿਵਾਰਾਂ ਨੂੰ ਸਹੀ ਦਿਸ਼ਾ ਨਿਰਦੇਸ਼ ਦੇਣ ਲਈ ਰਾਜ ਅਤੇ ਕੇਂਦਰ ਪੱਧਰ ਦੀਆਂ ਸਕੀਮਾਂ। ਜਿਵੇਂ ਕਿ ਉਪਰ ਵਿਚਾਰਿਆ ਗਿਆ ਹੈ ਇਹ ਪਰਿਵਾਰ ਹਨ ਜੋ ਗਰੀਬੀ ਦੀ ਮਾਰ ਤੋਂ ਪਰੇ ਹਨ ਪਰ ਫਿਰ ਵੀ ਜਿਨ੍ਹਾਂ ਨੂੰ ਆਪਣੇ ਬੱਚਿਆਂ ਲਈ ਯੋਜਨਾਵਾਂ ਆਪਣੇ ਵਸੀਲਿਆਂ ਨਾਲ ਮੇਲਣ ਲਈ ਜੱਦੋ-ਜਹਿਦ ਕਰਨੀ ਪੈ ਰਹੀ ਹੈ ਉਹ ਹੀ ਇਕ ਲੜਕਾ ਅਤੇ ਇਕ ਲੜਕੀ ਵਾਲੇ ਸੰਪੂਰਨ ਪਰਿਵਾਰ ਦੀ ਸੰਭਾਵਨਾ ਨੂੰ ਯਕੀਨੀ ਬਣਾਉਣ ਲਈ ਲਿੰਗ ਚੋਣ ਪ੍ਰਤਿ ਸੰਵੇਦਨਸ਼ੀਲ ਹਨ। 2001 ਦੀ ਮਰਦਮਸ਼ੁਮਾਰੀ ਤੋਂ ਬਾਅਦ ਪਤਾ ਲਗਾ ਕਿ ਕਈ ਰਾਜਾਂ ਵਿੱਚ 0-6 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਲਿੰਗ ਅਨੁਪਾਤ ਵਿੱਚ ਵੱਡੇ ਪੱਧਰ ਉਤੇ ਗਿਰਾਵਟ ਆਈ। ਕਈ ਛੋਟੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਖ਼ਾਸ ਕਰਕੇ ਰਾਜ ਪੱਧਰ ਉਤੇ ਜਾਂ ਲੜਕੀਆਂ ਨੂੰ ਘੱਟ ਤਵੱਜੋ ਦੇਣ ਦੇ ਮਸਲੇ ਦੇ ਹੱਲ ਲਈ ਕਈ ਮੌਜੂਦਾ ਸਕੀਮਾਂ ਵਿੱਚ ਵੀ ਬਦਲਾਅ ਕੀਤੇ ਗਏ। ਕਈ ਯੋਜਨਾਵਾਂ ਜਿਵੇਂ 'ਅਪਨੀ ਬੇਟੀ ਆਪਣਾ ਧਨ' ਜਲਦ ਵਿਆਹ ਦੀ ਸਮੱਸਿਆ ਨਾਲ ਨਜਿੱਠਣ ਲਈ ਉਲੀਕੀ ਗਈ ਤਾਂ ਕਿ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨੂੰ ਇਸ ਗੱਲ ਲਈ ਉਤਸ਼ਾਹਤ ਕੀਤਾ ਜਾਵੇ ਕਿ ਉਹ ਆਪਣੀਆਂ ਲੜਕੀਆਂ ਨੂੰ ਸਕੂਲ ਵਿੱਚ ਰੱਖਣ ਅਤੇ 18 ਸਾਲ ਦੀ ਉਮਰ ਤੋਂ ਪਹਿਲਾਂ ਨਾ ਵਿਆਹੁਣ। ਇਸ ਨੇ ਕਈ ਰਾਜਾਂ ਵਿੱਚ ਜਿਵੇਂ ਕਿ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਮੱਧ ਪ੍ਰਦੇਸ਼ ਵਿੱਚ ਸ਼ਰਤੀਆ ਨਕਦ ਅਦਾਇਗੀ ਸਕੀਮ ਦਾ ਰੂਪ ਧਾਰ ਲਿਆ। ਜਿਵੇਂ ਕਿ ਨਾਂ ਤੋਂ ਹੀ ਲਗਦਾ ਹੈ *ਲਾਡਲੀ, ਧਨ ਲਕਸ਼ਮੀ* ਅਤੇ ਕਈ ਹੋਰ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਤਾਂ ਕਿ ਲੋਕਾਂ ਨੂੰ ਲੜਕੀਆਂ ਪੈਦਾ ਕਰਨ ਲਈ ਉਤਸ਼ਾਹਤ ਕੀਤਾ ਜਾਵੇ ਅਤੇ ਕਈ ਪੱਧਰਾਂ ਉਤੇ ਜਿਵੇਂ ਜਨਮ ਵੇਲੇ, ਟੀਕਾਕਰਨ ਵੇਲੇ, ਸਕੂਲ ਪੱਧਰ ਉਤੇ ਅਤੇ ਲੜਕੀ ਦੇ 18 ਸਾਲ ਦੀ ਹੋਣ ਜਾਂ ਵਿਆਹ ਸਮੇਂ ਇਕਮੁਸ਼ਤ ਅਦਾਇਗੀ ਲਈ ਬੈਂਕ ਵਿੱਚ ਉਸ ਦੇ ਨਾਂ ਉਤੇ ਖਾਤੇ ਵਿੱਚ ਰਾਸ਼ੀ ਜਮ੍ਹਾ ਕਰਵਾਉਣ ਦੀ ਪੇਸ਼ਕਸ਼ ਵੀ ਕੀਤੀ ਗਈ।

ਇਨ੍ਹਾਂ ਸਕੀਮਾਂ ਨੂੰ ਸ਼ੁਰੂ ਕਰਨ ਦਾ ਮਕਸਦ ਅਣਚਾਹੀ ਬੇਟੀ ਦੇ ਭਾਰ ਦਾ ਵਿੱਤੀ ਤੌਰ ਤੇ ਮੁਆਵਜ਼ਾ ਦੇਣਾ ਸੀ ਪਰ ਕਈ ਸ਼ਰਤਾਂ ਦੀਆਂ ਅੜਚਨਾ ਕਾਰਨ ਇਨ੍ਹਾਂ ਦੇ ਅਮਲ ਵਿੱਚ ਰੁਕਾਵਟ ਆਈ। ਇਨ੍ਹਾਂ ਸਕੀਮਾਂ ਦੀ ਕਈ ਵਾਰ ਘੋਖ ਕੀਤੀ ਗਈ (ਆਈ ਸੀ ਆਰ ਡਬਲਿਯੂ 2014; ਸ਼ੇਖਰ 2012) ਕਈਆਂ ਨੇ ਦਰਸਾਇਆ ਕਿ ਯੋਗ ਬੱਚਿਆਂ ਜਿਨ੍ਹਾਂ ਨੂੰ ਇਸ ਸਕੀਮ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ ਦੇ ਮੁਕਾਬਲੇ ਲਾਭਪਾਤਰੀ ਪਰਿਵਾਰਾਂ ਦੇ ਬੱਚਿਆਂ ਦੀ ਸਕੂਲਾਂ ਵਿੱਚ ਗਿਣਤੀ ਵਿੱਚ ਥੋੜ੍ਹਾ ਹੀ ਵਾਧਾ ਹੋਇਆ। ਕਈਆਂ ਨੇ ਅੰਕਿਤ ਕੀਤਾ ਕਿ ਕਈ ਸ਼ਰਤਾਂ ਪ੍ਰਮੁੱਖ ਅੜਚਨ ਹਨ ਖ਼ਾਸ ਕਰਕੇ ਇਸ ਨੂੰ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਤੱਕ ਟੀਚਾਬੱਧ ਕਰਨਾ ਮਤਲਬ ਕਿ ਇਹ ਸਕੀਮ ਗਰੀਬੀ ਰੇਖਾ

ਤੋਂ ਉਪਰਲੇ ਉਨ੍ਹਾਂ ਪਰਿਵਾਰਾਂ ਤੱਕ ਨਹੀਂ ਪੁੱਜਦੀਆਂ ਜੋ ਕਿ ਲਿੰਗ ਚੋਣ ਵਿੱਚ ਮੁਕਾਬਲਤਨ ਵਧੇਰੇ ਇੱਛੁਕ ਹੁੰਦੇ ਹਨ। ਕਈਆਂ ਨੇ ਇਸ ਗੱਲ ਦੀ ਨਿਖੇਧੀ ਕੀਤੀ ਕਿ ਇਹ ਯੋਜਨਾਵਾਂ ਲੋਕਾਂ ਦੀਆਂ ਧੀਆਂ ਨੂੰ ਪਰਿਵਾਰ ਲਈ ਬੋਝ ਸਮਝਣ ਦੀਆਂ ਧਾਰਨਾਵਾਂ ਨੂੰ ਹੋਰ ਪੱਕਿਆਂ ਕਰਦੀਆਂ ਹਨ।

ਦੋ ਸਾਲ ਪਹਿਲਾਂ ਕੇਂਦਰ ਸਰਕਾਰ ਵਲੋਂ 100 ਕਰੋੜ ਰੁਪਏ ਦੇ ਸਮੁੱਚੇ ਬਜਟ ਨਾਲ ਪੂਰੇ ਜੋਸ਼ੋਖਰੋਸ਼ ਨਾਲ 'ਬੇਟੀ ਬਚਾਓ-ਬੇਟੀ ਪੜਾਓ' ਨਾਂ ਦੀ ਇਕ ਨਵੀਂ ਸਕੀਮ ਸ਼ੁਰੂ ਕੀਤੀ ਗਈ। ਹਰਿਆਣਾ ਵਰਗੇ ਰਾਜਾਂ ਜਿਥੇ ਕਈ ਜ਼ਿਲ੍ਹਿਆਂ ਵਿੱਚ ਬੱਚਾ ਲਿੰਗ ਅਨੁਪਾਤ ਦੀ ਦਰ ਘੱਟ ਹੈ, ਵਿੱਚ ਇਸ ਸਕੀਮ ਬਾਰੇ ਸ਼ਹਿਰਾਂ ਅਤੇ ਮੁੱਖ ਮਾਰਗਾਂ ਉਤੇ ਵੱਡੇ-ਵੱਡੇ ਬੋਰਡਾਂ, ਬੱਸਾਂ ਦੇ ਪਿੱਛੇ ਅਤੇ ਰਾਜ ਸਰਕਾਰ ਦੇ ਕਈ ਸਮਾਗਮਾਂ ਰਾਹੀਂ ਵਿਸਤਾਰ ਪੂਰਵਕ ਦਰਸਾਇਆ ਜਾ ਰਿਹਾ ਹੈ। ਭਾਵੇਂ ਕਿ ਚੰਗੇ ਉਦੇਸ਼ ਲਈ ਇਹ ਸਕੀਮ ਹੈ ਪਰ ਫਿਰ ਵੀ ਇਸ ਨੂੰ ਆਪਣੀਆਂ ਸਾਰੀਆਂ ਹੱਦਬੰਦੀਆਂ ਨਾਲ ਸ਼ਰਤੀਆ ਨਕਦ ਅਦਾਇਗੀ ਯੋਜਨਾਵਾਂ ਤੋਂ ਢਾਹ ਪੁੱਜ ਰਹੀ ਹੈ। ਇਹ ਇਸ ਲਈ ਹੈ ਕਿਉਂਕਿ ਸਾਰਾ ਪੈਸਾ ਸੰਚਾਰ ਮੁਹਿੰਮਾਂ ਉਤੇ ਖਰਚਿਆ ਜਾ ਰਿਹਾ ਹੈ ਕਿਉਂਕਿ ਇਹ ਸਿੱਧੀ ਅਤੇ ਮੁਢਲੇ ਤੌਰ ਤੇ ਉਨ੍ਹਾਂ ਲੋਕਾਂ ਦੀ ਮਨੋਬਿਰਤੀ ਦੀ ਸਮੱਸਿਆ ਹੈ ਜੋ ਕਿ ਲਿੰਗ ਨਿਰਧਾਰਨ ਜਾਂਚ ਕਰਵਾਉਂਦੇ ਹਨ ਜਾਂ ਆਪਣੀਆਂ ਲੜਕੀਆਂ ਨੂੰ ਲੋੜੀਂਦੀ ਸਿੱਖਿਆ ਮੁਹੱਈਆ ਨਹੀਂ ਕਰਵਾਉਂਦੇ। ਪਰ ਜਿਸ ਤਰ੍ਹਾਂ ਇਸ ਲੇਖ ਵਿੱਚ ਪਹਿਲਾਂ ਹੀ ਦਲੀਲ ਦਿੱਤੀ ਜਾ ਚੁੱਕੀ ਹੈ ਕਿ ਪਹਿਲਾਂ ਤਾਂ ਲੋਕ ਇਸ ਰਵਾਇਤੀ ਮਨੋਬਿਰਤੀ ਤੋਂ ਪੀੜਤ ਨਹੀਂ। ਹਾਲਾਤ ਉਦੋਂ ਖਰਾਬ ਹੋਏ ਹਨ ਜਦੋਂ ਕਈ ਸਰਕਾਰੀ ਯੋਜਨਾਵਾਂ ਜਿਵੇਂ ਕਿ ਸਕੂਲ ਤੋਂ ਪਹਿਲਾਂ ਬੱਚਿਆਂ ਲਈ ਸੰਗਠਤ ਬਾਲ ਵਿਕਾਸ ਯੋਜਨਾਵਾਂ ਅਤੇ ਸਿੱਖਿਆ ਦੇ ਅਧਿਕਾਰ ਨੂੰ ਅਮਲ ਵਿੱਚ ਲਿਆਉਣ ਲਈ ਰੀੜ੍ਹ ਦੀ ਹੱਡੀ ਸਰਵ ਸਿੱਖਿਆ ਅਭਿਆਨ ਦੇ ਬਜਟ ਪ੍ਰਾਵਧਾਨਾਂ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਵੱਡੀ ਕਟੌਤੀ ਕੀਤੀ ਗਈ। ਇਹ ਉਹ ਸਕੀਮਾਂ ਹਨ ਜਿਹੜੀਆਂ ਕਿ ਮੂਲ ਖੁਰਾਕ ਅਤੇ ਬੱਚੇ ਦੀ ਸੰਭਾਲ ਨੂੰ ਯਕੀਨੀ ਬਣਾਉਣ ਲਈ ਅਤਿ ਜ਼ਰੂਰੀ ਅਤੇ ਇਕਸਾਰ ਸਕੂਲਿੰਗ ਲਈ ਵੀ ਅਤੇ ਲੜਕੀਆਂ ਸਮੇਤ ਬੱਚਿਆਂ ਦੇ ਜੀਵਨ ਵਿੱਚ ਸੁਧਾਰ ਲਈ ਵੀ ਗੰਭੀਰ ਹਨ।

ਪ੍ਰਮੁੱਖ ਤੌਰ ਤੇ ਅਭਿਆਨਾਂ ਅਤੇ ਖ਼ਾਸ ਤੌਰ ਤੇ ਰਾਜਾਂ ਦੀਆਂ ਨੀਤੀਆਂ ਨੂੰ ਆਪਣੇ ਕਾਰਜਾਂ ਦੇ ਨਤੀਜਿਆਂ ਦੀ ਪਛਾਣ ਕਰਨੀ ਹੋਵੇਗੀ ਜੇਕਰ ਉਹ ਲਿੰਗ ਚੋਣ ਦੇ ਫੈਲਾਅ ਨੂੰ ਠੱਲ ਪਾਉਣਾ ਚਾਹੁੰਦੇ ਹਨ। ਮਨੋਬਿਰਤੀਆਂ ਵਿੱਚ ਦਬਲਾਅ ਲਈ ਜਾਗਰੂਕਤਾ ਪੈਦਾ ਕਰਨ ਤੋਂ ਉਪਰ ਉੱਠ ਕੇ ਪਹਿਲਾਂ ਸਮਾਜ ਦੇ ਉਹ ਹਾਲਾਤ ਬਦਲਣ ਦੀ ਲੋੜ ਹੈ ਜਿਸ ਕਾਰਨ ਇਹ ਮਨੋਬਿਰਤੀਆਂ ਜਾਂ ਮਾਨਸਿਕ ਧਾਰਨਾਵਾਂ ਪੈਦਾ ਹੁੰਦੀਆਂ ਹਨ। ਵੱਡੇ ਅਧਾਰਭੂਤ ਪੱਧਰ ਉਤੇ ਇਸ ਦਾ ਅਰਥ ਹੈ ਵਿਕਾਸ ਦੇ ਉਹ ਪੱਖ ਜੋ ਕਿ ਮਾਂ ਬਾਪ ਨੂੰ ਆਪਣੀਆਂ ਧੀਆਂ ਅਤੇ ਪੁੱਤਰਾਂ ਬਾਰੇ ਵੱਖ-ਵੱਖ ਤਰ੍ਹਾਂ ਘੱਟ ਜ਼ਰੂਰੀ ਬਣਾਉਣ, ਜਿਵੇਂ ਕਿ ਔਰਤਾਂ ਅਤੇ ਮਰਦਾਂ ਲਈ ਸਮਾਨ ਰੋਜ਼ਗਾਰ ਦੇ ਮੌਕੇ ਪੈਦਾ ਕਰਨਾ। ਮਾਂ ਬਾਪ ਵਿੱਚ ਲੜਕੀ ਦੀ ਇੱਜ਼ਤ ਦੀ ਰਾਖੀ ਪ੍ਰਤੀ ਵਧ ਰਹੇ ਡਰ ਨੂੰ ਵੀ ਨਜਿੱਠਣ ਦੀ ਲੋੜ ਹੈ। ਅੱਜ ਦੇ ਨੌਜਵਾਨਾਂ ਨੂੰ ਇਸ ਵਿਸ਼ਵਾਸ ਲਈ ਚੰਗੇ ਤਰਕਾਂ ਦੀ ਲੋੜ ਹੈ ਕਿ ਉਹ ਆਪਣੀ ਪਰਿਵਾਰਕ ਮਦਦ ਤੋਂ ਬਿਨਾਂ ਵੀ ਆਪਣੇ ਲਈ ਚੰਗੇ ਭਵਿੱਖ ਦੀ ਸਿਰਜਣਾ ਕਰ ਸਕਦੇ ਹਨ।

*(ਲੇਖਕ ਮਹਿਲਾ ਵਿਕਾਸ ਸਟੀਡਜ਼ ਬਾਰੇ ਕੇਂਦਰ, ਨਵੀਂ ਦਿੱਲੀ ਵਿਖੇ ਸੀਨੀਅਰ ਫੈਲੋ ਹਨ)*

*e-mail :maryejohn1@gmail.com*

*ਸਫ਼ਾ 17 ਦਾ ਬਾਕੀ*

ਦੂਰ ਪਾਣੀ ਅਤੇ ਬਾਲਣ ਲੈਣ ਲਈ ਨਹੀਂ ਜਾਣਾ ਪਵੇਗਾ। ਉਹ ਆਪਣੇ ਬੱਚੇ ਨੂੰ ਕਰੈਚ ਵਿੱਚ ਛੱਡ ਸਕੇਗੀ, ਸਾਂਝੇ ਬਾਲਣ ਸਰੋਤ ਰਾਹੀਂ ਰੋਟੀ ਪਕਾ ਸਕੇਗੀ, ਕੱਪੜੇ ਧੋ ਸਕੇਗੀ ਅਤੇ ਫਿਰ ਕੰਮ ਉਤੇ ਜਾ ਸਕੇਗੀ।

1970ਵਿਆਂ ਵਿੱਚ ਨੀਤੀ ਘਾੜਿਆਂ ਸਾਹਮਣੇ ਬਹੁਤ ਹੀ ਅਚੰਭੇ ਵਾਲੇ ਆਂਕੜੇ ਆਏ ਜਿਸ ਵਿੱਚ ਔਰਤਾਂ ਦੀ ਮੌਤ ਦਰ ਅਤੇ ਔਰਤਾਂ ਦੇ ਕੰਮ ਕਰਨ ਵਿੱਚ ਭਾਗੀਦਾਰਾਂ ਦੀਆਂ ਦਰਾਂ ਵਿਚਾਲੇ ਬਦਲਾਅ ਵੇਖਣ ਨੂੰ ਮਿਲਿਆ। ਭਾਗੀਦਾਰ ਦੀ ਉਮਰ ਪ੍ਰਮੁੱਖਤਾ ਵਾਲੀ ਸਾਰਨੀ ਵਿੱਚ 20-35 ਸਾਲ ਤੱਕ ਦੀ ਉਮਰ ਦੀਆਂ ਔਰਤਾਂ ਦੀ ਭਾਗੀਦਾਰੀ ਦਰ ਸਭ ਤੋਂ ਵੱਧ ਸੀ। ਫਿਰ ਵੀ ਇਹ ਇਕ ਅਜਿਹਾ ਉਮਰ ਵਰਗ ਸੀ ਜਿਸ ਵਿੱਚ ਸਭ ਤੋਂ ਵੱਧ ਔਰਤਾਂ ਦੀ ਮੌਤ ਦਰ ਧਿਆਨ ਵਿੱਚ ਆਈ। ਇਹ ਭਾਰਤ ਦੇ ਅਤਿ ਗਰੀਬ ਖੇਤਰਾਂ ਵਿੱਚ ਖ਼ਾਸ ਤੌਰ ਤੇ ਜਿਥੇ ਗਰੀਬਾਂ ਦੀ ਘਣੀ ਵਸੋਂ ਹੈ ਵਿੱਚ ਵੇਖਣ ਨੂੰ ਮਿਲੀ ਜਿਨ੍ਹਾਂ ਨੂੰ ਬਿਮਾਰੂ ਰਾਜ (ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਉੱਤਰ ਪ੍ਰਦੇਸ਼) ਕਿਹਾ ਜਾਂਦਾ ਹੈ। ਅਜਿਹਾ ਅੰਕੜਾ ਦਰਸਾਉਂਦਾ ਹੈ ਕਿ ਘਰ ਅਤੇ ਜੀਵਨ ਬਸਰ ਲਈ ਕਮਾਈ ਕਰਨ ਵਾਸਤੇ ਔਰਤਾਂ ਦੇ ਦਬਾਅ ਜਾਂ ਮਜਬੂਰੀ ਅਤੇ ਕਿਉਂਕਿ ਘਰ ਦੇ ਹੋਰ ਕੰਮ ਵੀ ਉਨ੍ਹਾਂ ਨੂੰ ਹੀ ਕਰਨੇ ਪੈਂਦੇ ਹਨ ਦਾ ਉਨ੍ਹਾਂ ਦੀ ਸਿਹਤ ਉਤੇ ਅਸਰ ਵਿਚਕਾਰ ਜੋੜ ਹੈ। ਇਸ ਲਈ ਇਹ ਦਲੀਲ ਕਿ ਸਮਾਜਕ ਭਲਾਈ ਅਤੇ ਸਮਾਜਕ ਨੀਤੀ ਸੇਵਾਵਾਂ ਨੂੰ ਔਰਤਾਂ ਦੀ ਆਰਥਿਕ ਭੂਮਿਕਾ ਖ਼ਾਸ ਤੌਰ ਤੇ ਜਦੋਂ ਅਸੀਂ ਆਬਾਦੀ ਦੇ ਗਰੀਬ ਤਬਕੇ ਨੂੰ ਮੁਖ਼ਾਤਬ ਹੁੰਦੇ ਹਾਂ ਤਾਂ ਆਪਸ ਵਿੱਚ ਡੂੰਘੇ ਤੌਰ ਤੇ ਜੋੜਨ ਦੀ ਲੋੜ ਹੈ।

ਕਿਸੇ ਵੀ ਤਰ੍ਹਾਂ ਇਹ ਉਪਰਾਲੇ ਉਦੋਂ ਹੀ ਅਸਰਦਾਰ ਹੋ ਸਕਦੇ ਹਨ ਜਦੋਂ ਔਰਤਾਂ ਅਤੇ ਘਾਟੇ ਵਾਲੇ ਗਰੁੱਪਾਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਵੇਗੀ ਤਾਂ ਕਿ ਉਨ੍ਹਾਂ ਨੂੰ ਯੋਜਨਾਕਾਰੀ ਵਿੱਚ ਅੱਗੇ ਲਿਆਉਣ ਦੇ ਕਾਬਲ ਬਣਾਇਆ ਜਾ ਸਕੇ। ਉਦਾਹਰਣ ਵਜੋਂ ਯੋਜਨਾ ਘੜਨ ਲਈ ਲੋੜੀਂਦੇ ਸਰਵੇਖਣਾਂ ਦੌਰਾਨ ਇਸ ਗੱਲ ਨੂੰ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਮੂਹ ਵਿਚਾਰ ਚਰਚਾਵਾਂ ਰਾਹੀਂ ਔਰਤਾਂ ਦੇ ਵਿਚਾਰ ਵਿਸ਼ੇਸ਼ ਤੌਰ ਤੇ ਲਏ ਜਾਣ। ਲੋੜ ਹੈ ਕਿ ਔਰਤ ਸਮੂਹਾਂ ਦੀ ਅਗਵਾਈ ਕਰਨ ਵਾਲੇ ਨੇਤਾਵਾਂ ਦੀ ਪਛਾਣ ਕਰਕੇ ਵੱਖ-ਵੱਖ ਖੇਤਰਾਂ ਅਧੀਨ ਗਠਤ ਕੀਤੀਆਂ ਜਾਣ ਵਾਲੀਆਂ ਕਮੇਟੀਆਂ ਵਿੱਚ ਸ਼ਾਮਲ ਕੀਤਾ ਜਾਵੇ ਤਾਂ ਕਿ ਸਮਾਜਕ ਵਿਕਾਸ ਤੋਂ ਇਲਾਵਾ ਹੋਰਨਾ ਖੇਤਰਾਂ ਜਿਵੇਂ ਕਿ ਬੁਨਿਆਦੀ ਢਾਂਚਾ, ਸਾਂਝੀਆਂ ਜ਼ਮੀਨਾਂ ਦੇ ਇਸਤੇਮਾਲ, ਕੁਦਰਤੀ ਸੋਮਿਆਂ ਅਤੇ ਰੋਜ਼ਗਾਰ ਲਈ ਯੋਜਨਾਬੰਦੀ ਵਿੱਚ ਔਰਤਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਸਕੇ।

*(ਲੇਖਕ ਪਦਮ ਭੂਸ਼ਣ ਅਵਾਰਡੀ ਹਨ ਅਤੇ ਮੌਜੂਦਾ ਜੀ ਆਰ ਆਈ ਕੌਂਸਲ ਆਫ ਮੈਨੇਜਮੈਂਟ ਦੇ ਮੈਂਬਰ ਹਨ)*

*e-mail :devakijain@gmail.com*

# ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਔਰਤਾਂ ਦੀ ਭੂਮਿਕਾ

**ਜਯੋਤੀ ਅਟਵਾਲ**

ਭਾਰਤ ਦੇ ਰਾਸ਼ਟਰੀ ਅੰਦੋਲਨ ਦਾ ਮਾਰਗ ਬਹੁਮੁਖੀ ਅਤੇ ਜਟਿਲ ਪੜਾਵਾਂ ਨਾਲ ਅੱਟਿਆ ਪਿਆ ਹੈ। 19ਵੀਂ ਸਦੀ ਦੇ ਅਖੀਰ ਤੋਂ 1947 ਤੱਕ ਜਨਤਕ ਦਾਇਰੇ ਵਿੱਚ ਹੋਣ ਵਾਲੀਆਂ ਰਾਸ਼ਟਰੀ ਚਰਚਾਵਾਂ ਵਿੱਚ ਸਮਾਜਕ ਸੁਧਾਰਾਂ ਦਾ ਸਵਾਲ ਜਿਉਂਦਾ ਰਿਹਾ। ਸਮਾਜਕ ਅਤੇ ਰਾਸ਼ਟਰੀ ਮੁੱਦਿਆਂ ਬਾਰੇ ਔਰਤਾਂ ਦੀ ਚੇਤਨਾ ਵਿੱਚ ਵੀ ਨਾਲੋ-ਨਾਲ ਵਾਧਾ ਹੁੰਦਾ ਗਿਆ। ਕਾਨੂੰਨੀ ਸੁਧਾਰਾਂ ਅਤੇ ਭਾਰਤੀਆਂ ਨੂੰ ਇੰਪੀਰੀਅਲ ਵਿਧਾਨਕ ਸਭਾਵਾਂ ਵਿੱਚ ਸ਼ਾਮਲ ਕਰਨ ਦੀ ਮੰਗ ਨੇ ਭਾਰਤ ਦੇ ਰਾਸ਼ਟਰੀ ਅੰਦੋਲਨ ਦੇ ਪਹਿਲੇ ਦੌਰ ਦੀ ਨੀਂਹ ਰੱਖੀ। 1880ਵਿਆਂ ਤੋਂ ਹੀ ਭਾਰਤੀ ਪੁਰਸ਼ ਤੇ ਔਰਤਾਂ ਸਮਾਜਕ ਸੁਧਾਰ ਅੰਦੋਲਨਾਂ ਦੀ ਅਗਵਾਈ ਕਰ ਰਹੇ ਸਨ। ਭਾਰਤ ਭਰ ਦੀਆਂ ਔਰਤਾਂ ਦੀਆਂ ਵੱਖ-ਵੱਖ ਜੀਵਨ ਕਥਾਵਾਂ ਵਿੱਚ, ਖ਼ਾਸ ਕਰਕੇ ਮਹਾਰਾਸ਼ਟਰ ਤੇ ਬੰਗਾਲ ਤੋਂ, 'ਨਿੱਜੀ ਰਾਜਨੀਤਕ ਹੈ' ਦਾ ਨਾਅਰਾ ਲਾਇਆ ਜਾ ਰਿਹਾ ਸੀ ਜਿਸ ਦਾ ਮਤਲਬ ਹੈ ਕਿ ਔਰਤਾਂ ਨੂੰ ਪੇਸ਼ ਆਉਣ ਵਾਲੀਆਂ ਨਿੱਜੀ ਸਮੱਸਿਆਵਾਂ ਲਈ ਉਨ੍ਹਾਂ ਦਾ ਕੋਈ ਕਸੂਰ ਨਹੀਂ ਸਗੋਂ ਇਸ ਲਈ ਬਕਾਇਦਾ ਜ਼ੁਲਮ ਜ਼ਿੰਮੇਵਾਰ ਹਨ। ਸਮਾਜਕ ਸੁਧਾਰਾਂ ਦੇ ਮਰਦ ਪ੍ਰਧਾਨ ਖੇਤਰ ਵਿੱਚ ਔਰਤਾਂ ਦਾ ਦਾਖ਼ਲ ਹੋਣਾ ਪਿਛੋਕੜ ਤੋਂ ਪਾਸਾ ਵੱਟਣ ਦੇ ਬਰਾਬਰ ਸੀ (ਕੋਬਾਂਬੀ, 2007)।

1920 ਦੇ ਗਾਂਧੀਵਾਦੀ ਅੰਦੋਲਨ ਵਿੱਚ ਵੱਡੀ ਗਿਣਤੀ ਔਰਤਾਂ ਨੂੰ ਸ਼ਾਮਲ ਕੀਤਾ ਗਿਆ। ਮਹਾਤਮਾ ਗਾਂਧੀ ਨੇ ਬਹੁਤ ਮੁਹਾਰਤ ਨਾਲ ਆਪਣੇ ਭਾਸ਼ਣਾਂ ਨੂੰ ਔਰਤ ਦੀ ਘਰ ਅਤੇ ਘਰੋਂ ਬਾਹਰਲੀ ਸਥਿਤੀ ਉਤੇ ਕੇਂਦਰਿਤ ਕੀਤਾ ਸੀ। 1920ਵਿਆਂ ਦੇ ਅਖੀਰ ਤੱਕ ਆਜ਼ਾਦੀ ਸੰਗ੍ਰਾਮ ਨੇ ਇਕ ਸਮਾਜਕ ਅਧਾਰ ਪ੍ਰਾਪਤ ਕਰ ਲਿਆ ਸੀ। ਬਾਲ ਵਿਆਹ ਅਤੇ ਵਿਧਵਾ ਪੁਨਰ-ਵਿਆਹ ਵਰਗੇ ਮੁੱਦੇ ਮਹਾਤਮਾ ਗਾਂਧੀ ਅਤੇ ਸਥਾਨਕ ਸੁਧਾਰਕਾਂ ਵਲੋਂ ਨਾਲੋ-ਨਾਲ ਚੁੱਕੇ ਜਾ ਰਹੇ ਸਨ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਆਉਣ ਵਾਲੀ ਭਾਰਤੀ ਕੌਮ ਦਾ ਆਧੁਨਿਕ ਬੀਜ ਰਾਸ਼ਟਰੀ ਕਲਪਨਾ ਵਿੱਚ ਪਹਿਲਾਂ ਹੀ ਪੁਗੀਰ ਚੁੱਕਾ ਸੀ। 19ਵੀਂ ਸਦੀ ਦੇ ਅਖੀਰ ਵਿੱਚ ਹੋਏ ਸਿੱਖਿਆ ਸੁਧਾਰਾਂ ਅਤੇ ਸਮਾਜਕ ਬਦਲਾਵਾਂ ਨੇ ਪੜ੍ਹਨ-ਲਿਖਣ ਵਾਲੇ ਇਕ ਨਵੇਂ ਵਰਗ ਨੂੰ ਜਨਮ ਦਿੱਤਾ ਜਿਸ ਵਿੱਚ ਔਰਤਾਂ ਦਾ ਅਨੁਪਾਤ ਵਿਰਲਾ ਸੀ। ਅਖ਼ਬਾਰਾਂ ਦੁਆਰਾ ਪ੍ਰਚਾਰੀ ਸਿੱਖਿਆ ਅਤੇ ਰਾਜਸੀ ਜਾਗਰੂਕਤਾ ਨੇ ਪੜ੍ਹੇ ਲਿਖੇ ਵਰਗ ਨੂੰ ਪ੍ਰਭਾਵਿਤ ਕੀਤਾ। 19ਵੀਂ ਸਦੀ ਦੀਆਂ ਔਰਤਾਂ ਦੇ ਆਪਣੇ ਸੰਗਠਨ ਭਾਰਤ ਭਰ ਵਿੱਚ ਸਥਪਤ ਹੋ ਗਏ। 1908 ਵਿੱਚ ਬੰਗਾਲ ਦੀ ਸਿੱਖਿਆ ਸੁਧਾਰੀ ਅਤੇ ਕਹਾਣੀਕਾਰਾ ਰੋਕਯਾ ਸਖਾਵਤ ਹੁਸੈਨ ਨੇ 'ਸੁਲਤਾਨਾ ਦੇ ਸੁਪਨੇ' ਲਿਖੇ। ਇਸ ਛੋਟੀ ਕਹਾਣੀ ਨੇ ਪਾਠਕ ਨੂੰ ਔਰਤਾਂ ਦੀ ਆਪਣੀ ਸ਼ਾਸਨ ਪ੍ਰਣਾਲੀ ਦੇ ਰੂਬਰੂ ਕਰਵਾਇਆ। ਬੰਗਾਲ ਵਿੱਚ ਇਨਕਲਾਬੀ ਔਰਤਾਂ ਦੇ ਕਈ ਸਮੂਹ ਸਾਹਮਣੇ ਆਏ। ਸਰਲਾ ਦੇਬੀ ਚੌਧਰਾਣੀ (ਰਬਿੰਦਰਨਾਥ ਟੈਗੋਰ ਦੀ ਭਤੀਜੀ) ਵਲੋਂ ਭਾਰਤ ਇਸਤਰੀ ਮਹਾਮੰਡਲ ਦਾ 1910 ਵਿੱਚ ਗਠਨ ਕੀਤਾ ਗਿਆ। ਉਸ ਨੇ ਹਿੰਦੂ ਪੁਨਰ ਜਾਗਰਣ ਨੂੰ ਰਾਜਸੀ ਰੋਸ ਨਾਲ ਜੋੜ ਦਿੱਤਾ। ਉਸ ਨੇ ਹਿੰਦੂ ਤਿਉਹਾਰ ਅਸ਼ਟਮੀ ਨੂੰ ਬੀਰਅਸ਼ਟਮੀ ਵਿੱਚ ਬਦਲ ਦਿੱਤਾ ਤਾਂ ਕਿ ਪਿਛਲੇ ਸਮੇਂ ਦੇ ਜੇਤੂ ਨਾਇਕਾਂ ਦੀਆਂ ਕਹਾਣੀਆਂ ਪਾਈਆਂ ਜਾ ਸਕਣ।

ਸਦੀ ਦੇ ਬਦਲਦਿਆਂ ਬੰਬਈ ਭਾਰਤੀ ਰਾਸ਼ਟਰੀ ਕਾਂਗਰਸ ਦੀਆਂ ਰਾਜਨੀਤਕ ਸਰਗਰਮੀਆਂ ਦੇ ਕੇਂਦਰ ਵਜੋਂ ਉੱਭਰ ਕੇ ਸਾਹਮਣੇ ਆਇਆ। ਬੰਗਾਲ ਵਿੱਚ ਜ਼ਿਆਦਾਤਰ ਗੁਪਤ ਸੰਗਠਨ ਕੰਮ ਕਰ ਰਹੇ ਸਨ। ਸਵਦੇਸ਼ੀ ਮੁਹਿੰਮ ਚਲਾਉਣ ਲਈ ਔਰਤਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੀ ਹਿਮਾਇਤ ਪ੍ਰਾਪਤ ਹੋਈ। ਇਸ ਮੁਹਿੰਮ ਵਿੱਚ ਜ਼ਿਆਦਾਤਰ ਵਿਦੇਸ਼ੀ ਕੱਪੜੇ ਦਾ ਬਾਈਕਾਟ ਅਤੇ ਸ਼ਰਾਬ ਦੀਆਂ ਦੁਕਾਨਾਂ ਮੂਹਰੇ ਧਰਨੇ ਦੇਣਾ ਸ਼ਾਮਲ ਸੀ। ਬੰਗਾਲ ਵਿੱਚ ਭਾਰਤ ਮਾਤਾ ਦੇ ਸੰਕਲਪ ਦੁਆਲੇ ਇਕ ਰਾਸ਼ਟਰਵਾਦੀ ਪੰਥ ਦਾ ਉਭਾਰ ਸ਼ੁਰੂ ਹੋ ਗਿਆ। 1882 ਵਿੱਚ ਬੰਕਿਮ ਚੰਦਰ ਚਟੋਪਾਧਿਆਏ (1838-1894) ਨੇ 'ਅਨੰਦਮੱਠ' ਲਿਖਿਆ ਜਿਸ ਵਿੱਚ ਮਾਤਭੂਮੀ ਲਈ ਜਾਨਾਂ ਵਾਰਨ ਵਾਲੇ ਕ੍ਰਾਂਤੀਕਾਰੀਆਂ ਦਾ ਵਰਣਨ ਕੀਤਾ ਗਿਆ। ਉਸ ਦਾ ਪ੍ਰਸਿੱਧ ਗੀਤ 'ਬੰਦੇ ਮਾਤਰਮ' ਬਸਤੀਵਾਦ ਵਿਰੋਧੀ ਭਾਰਤੀਆਂ ਅਤੇ ਸੰਗਠਨਾਂ ਲਈ ਆਉਣ ਵਾਲੇ ਸਮੇਂ ਦਾ ਗੀਤ ਬਣ ਗਿਆ।

ਔਰਤਾਂ ਦੀ ਭਾਗੀਦਾਰੀ ਦੇ ਦੂਸਰੇ ਦੌਰ ਵਿੱਚ ਸਵੈ-ਸ਼ਾਸਨ ਅਤੇ ਸੰਵਿਧਾਨਵਾਦ ਦਾ ਵਿਚਾਰ ਜ਼ੋਰ ਫੜ ਗਿਆ। ਪੱਛਮੀ ਦੇਸ਼ਾਂ ਦੀਆਂ ਕੁੱਝ ਔਰਤਾਂ ਵਲੋਂ ਇਸ ਵਿੱਚ ਅਹਿਮ ਭੂਮਿਕਾ ਨਿਭਾਈ ਗਈ। ਅੱਧੀ ਆਇਰਸ਼ ਤੇ ਅੱਧੀ ਅੰਗਰੇਜ਼ ਐਨੀ ਬੇਸੰਟ (1847-1933) 1917 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦੀ ਪਹਿਲੀ ਔਰਤ ਪ੍ਰਧਾਨ ਬਣੀ। ਬ੍ਰਹਮਵਿੱਦਿਆ ਵਿਸ਼ਵਾਸੀ ਅਤੇ ਸਮਾਜਵਾਦੀ ਬੇਸੰਟ ਲੰਡਨ ਦੀ ਸਿਖਲਾਈ ਯਾਫਤਾ ਪ੍ਰਚਾਰਕ ਸੀ। ਆਇਰਸ਼ ਮਾਡਲ ਉਤੇ ਆਧਾਰਤ ਉਨ੍ਹਾਂ ਵਲੋਂ ਸਵੈ-ਸ਼ਾਸਨ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਉਨ੍ਹਾਂ ਦੀ ਸਹਿਯੋਗੀ ਮਾਰਗ੍ਰੇਟ ਕਜ਼ਨਜ਼ (1878-1954) ਜੋ ਆਇਰਸ਼ ਅੰਦੋਲਨਕਾਰੀ ਸੀ, ਵਲੋਂ ਔਰਤਾਂ ਦੇ ਵੋਟ ਦੇ ਹੱਕਾਂ ਬਾਰੇ ਬਿੱਲ ਦਾ ਖਰੜਾ ਤਿਆਰ ਕੀਤਾ ਗਿਆ ਅਤੇ ਭਾਰਤੀ

ਔਰਤਾਂ ਦੀ ਸਭਾ ਦੀ ਸ਼ੁਰੂਆਤ ਕੀਤੀ ਗਈ। ਸਰੋਜਿਨੀ ਨਾਇਡੂ (1879-1949) 1917 ਦੇ ਆਸ ਪਾਸ ਪ੍ਰਮੁੱਖ ਰਾਸ਼ਟਰਵਾਦੀ ਵਜੋਂ ਸਾਹਮਣੇ ਆਈ। 1925 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦੀ ਪ੍ਰਧਾਨ ਬਣਨ ਵਾਲੀ ਉਹ ਦੂਸਰੀ ਔਰਤ ਸੀ। ਸਰੋਜਿਨੀ ਨਾਇਡੂ ਭਾਰਤੀ ਰਾਸ਼ਟਰੀ ਅੰਦੋਲਨ ਵਿੱਚ ਬੰਗਾਲ ਦੀ ਵੰਡ ਖ਼ਿਲਾਫ 1905 ਵਿੱਚ ਹੋਏ ਰੋਸ ਪ੍ਰਦਰਸ਼ਨਾਂ ਦੌਰਾਨ ਸ਼ਾਮਲ ਹੋਈ। 1915-1918 ਦਰਮਿਆਨ ਉਨ੍ਹਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਦੀ ਯਾਤਰਾ ਕਰਕੇ ਔਰਤਾਂ ਦੇ ਸ਼ਕਤੀਕਰਨ ਅਤੇ ਰਾਸ਼ਟਰਵਾਦ ਬਾਰੇ ਭਾਸ਼ਣ ਦਿੱਤੇ। ਉਹ ਔਰਤਾਂ ਬਾਰੇ ਭਾਰਤੀ ਸਭਾ ਦੀ ਸਥਾਪਨਾ ਨਾਲ ਵੀ ਨੇੜਿਉਂ ਜੁੜੀ ਹੋਈ ਸੀ ਅਤੇ ਔਰਤਾਂ ਦੇ ਵੋਟ ਦੇਣ ਦੇ ਹੱਕਾਂ ਬਾਰੇ ਲੰਡਨ ਜਾਣ ਵਾਲੇ ਦਲਾਂ ਵਿੱਚ ਸ਼ਾਮਲ ਹੋਈ। ਤੀਜੇ ਦੌਰ ਵਿੱਚ ਪਹਿਲੇ ਵਿਸ਼ਵ ਯੁੱਧ ਦੇ ਅੰਤ ਅਤੇ 1919 ਦੇ ਜਲਿਆਂਵਾਲਾ ਬਾਗ ਕਤਲੇਆਮ ਨੇ ਦੇਸ਼ ਦਾ ਮੂਡ ਬਦਲ ਕੇ ਆਜ਼ਾਦੀ ਦੇ ਸਵਾਲ ਤੇ ਦੇਸ਼ ਦੇ ਸਾਰੇ ਲੋਕਾਂ ਨੂੰ ਇਕਜੁੱਟ ਕਰ ਦਿੱਤਾ। 1919 ਦੇ ਸ਼ੁਰੂ ਵਿੱਚ ਬਰਤਾਨਵੀ ਹਾਕਮਾਂ ਵਲੋਂ ਰੌਲਟ ਐਕਟ ਪਾਸ ਕਰਕੇ ਜਨਤਕ ਸਭਾਵਾਂ/ਇਕੱਠਾਂ/ਰੋਸ ਮੁਜ਼ਾਹਰਿਆਂ ਉਤੇ ਪਾਬੰਦੀ ਲਾ ਕੇ ਮਨੁੱਖੀ ਹੱਕਾਂ ਨੂੰ ਮਨਸੂਖ ਕਰ ਦਿੱਤਾ ਗਿਆ। 13 ਅਪ੍ਰੈਲ ਨੂੰ ਜਦੋਂ ਮਹਾਤਮਾ ਗਾਂਧੀ ਨੇ ਸ਼ਾਂਤਮਈ ਸੱਤਿਆਗ੍ਰਹਿ ਅਤੇ ਨਾਮਿਲਵਰਤਨ ਲਈ ਸੱਦਾ ਦਿੱਤਾ ਤਾਂ ਅੰਮ੍ਰਿਤਸਰ (ਪੰਜਾਬ) ਦੇ ਲੋਕ ਸ਼ਾਂਤਮਈ ਪ੍ਰਦਰਸ਼ਨ ਲਈ ਵੱਡੀ ਗਿਣਤੀ ਵਿੱਚ ਇਕੱਤਰ ਹੋ ਗਏ। ਸ਼ਾਂਤਮਈ ਪ੍ਰਦਰਸ਼ਨਕਾਰੀ, ਜਿਨ੍ਹਾਂ ਦੀ ਸੰਖਿਆ 1000 ਤੋਂ ਥੋੜ੍ਹੀ ਵੱਧ ਸੀ, ਨੂੰ ਗੋਲੀਆਂ ਦੀ ਵਾਛੜ ਵਿੱਚ ਕਤਲ ਕਰ ਦਿੱਤਾ ਗਿਆ। ਬਸਤੀਵਾਦੀ ਹਿੰਸਾ ਦੀ ਇਸ ਘਟਨਾ ਨੇ 1920-22 ਵਿੱਚ ਅਸਹਿਯੋਗ ਅੰਦੋਲਨ ਦੇ ਅਗਲੇ ਪੜਾਅ ਦੀ ਬੁਨਿਆਦ ਰੱਖ ਦਿੱਤੀ। ਇਸ ਪ੍ਰੋਗਰਾਮ ਦਾ ਕੇਂਦਰ ਬਿੰਦੂ ਅਦਾਲਤਾਂ ਅਤੇ ਸਕੂਲਾਂ ਦਾ ਬਾਈਕਾਟ ਕਰਨਾ ਸੀ ਜੋ ਸਵਦੇਸ਼ੀ ਦੇ ਏਜੰਡੇ ਤੋਂ ਅਗਾਂਹ ਦੀ ਗੱਲ ਸੀ। ਔਰਤਾਂ ਦੀਆਂ ਖੁਦਮੁਖਤਿਆਰ ਸਭਾਵਾਂ ਜਿਵੇਂ ਕਿ ਰਾਸ਼ਟਰੀ ਇਸਤਰੀ ਸੰਘ ਨੂੰ ਜ਼ਿਲ੍ਹਾ ਕਾਂਗਰਸ ਕਮੇਟੀਆਂ ਨਾਲ ਜੋੜ ਦਿੱਤਾ ਗਿਆ। ਅਸਹਿਯੋਗ ਅੰਦੋਲਨ ਬੰਗਾਲ ਤੋਂ ਬਾਹਰ ਬਾਕੀ ਹਿੱਸਿਆਂ ਵਿੱਚ ਵੀ ਫੈਲ ਗਿਆ ਜਿਸ ਵਿੱਚ ਭਾਰਤ ਭਰ ਤੋਂ ਔਰਤਾਂ ਨੂੰ ਸ਼ਾਮਲ ਕੀਤਾ ਗਿਆ। ਇਹ ਅੰਦੋਲਨ ਹਿੰਦੂ-ਮੁਸਲਿਮ ਏਕਤਾ ਦਾ ਵੀ ਪ੍ਰਤੀਕ ਬਣ ਗਿਆ। ਅਹਿਮਦਾਬਾਦ ਵਿੱਚ ਮਾਲੀ ਭਰਾਵਾਂ ਦੀ ਮਾਤਾ ਬੀ.ਅੰਮਾ ਨੇ 6000 ਔਰਤਾਂ ਨੂੰ ਧਰਨਿਆਂ ਵਿੱਚ ਮਰਦਾਂ ਦਾ ਸਾਥ ਦੇਣ ਲਈ ਸੰਬੋਧਨ ਕੀਤਾ। ਮਹਾਤਮਾ ਗਾਂਧੀ ਨੇ ਵੀ ਸਮਾਜ ਦੇ ਕਮਜ਼ੋਰ ਤੇ ਹਾਸ਼ੀਏ ਉਤੇ ਰਹਿ ਰਹੇ ਵਰਗਾਂ ਦੀਆਂ ਔਰਤਾਂ ਨੂੰ ਅਪੀਲ ਕੀਤੀ। ਆਂਧਰਾ ਪ੍ਰਦੇਸ਼ ਵਿੱਚ ਉਤਸ਼ਾਹੀ ਸੁਹਣੀ ਦੁਰਗਾ ਬਾਈ ਨੇ ਮਹਾਤਮਾ ਗਾਂਧੀ ਦਾ ਭਾਸ਼ਣ ਸੁਣਨ ਲਈ ਇਕ ਹਜ਼ਾਰ ਤੋਂ ਵੱਧ ਦੇਵਦਾਸੀਆਂ ਨੂੰ ਇਕੱਤਰ ਕੀਤਾ (ਇਨ੍ਹਾਂ ਨੂੰ ਰਵਾਇਤੀ ਤੌਰ ਤੇ ਮੰਦਰਾਂ ਦੀਆਂ ਵੇਸਵਾਵਾਂ ਸਮਝਿਆ ਜਾਂਦਾ ਸੀ। ਇਸ ਦਲ ਵਲੋਂ ਗਹਿਣਿਆਂ ਦੇ ਰੂਪ ਵਿੱਚ, 20,000 ਰੁਪਏ ਦਾਨ ਵਜੋਂ ਇਕੱਠੇ ਕੀਤੇ ਗਏ। ਹਿੰਦੂ ਵਿਧਵਾਵਾਂ ਦੇ ਇਕ ਵੱਡੇ ਵਰਗ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਹ ਅਜਿਹਾ ਵਰਗ ਸੀ ਜਿਸ ਨੂੰ ਸੱਤਿਆਗ੍ਰਹਿ ਲਈ ਕਿਸੇ ਸਿਖਲਾਈ ਦੀ ਜ਼ਰੂਰਤ ਨਹੀਂ ਸੀ ਅਤੇ ਜੋ ਗਾਂਧੀ ਜੀ ਦੀਆਂ ਨਜ਼ਰਾਂ ਵਿੱਚ ਆਦਰਸ਼ ਆਜ਼ਾਦੀ ਘੁਲਾਟੀਆਂ ਦੀਆਂ ਪ੍ਰਤਿਨਿਧ ਸਨ। ਉਹ ਸਭ ਤੋਂ ਵੱਧ ਢੁੱਕਵੇਂ ਭਾਗੀਦਾਰ ਸਨ। ਇਕ ਵਿਧਵਾ ਦੇ ਨਿੱਜੀ ਤਿਆਗ ਨੂੰ ਰਾਜਨੀਤਕ ਵਿਚਾਰਧਾਰਾ ਵਿੱਚ ਬਦਲਿਆ ਜਾ ਸਕਦਾ ਹੈ ਭਾਵੇਂ ਕਿ ਗਾਂਧੀ ਜੀ ਸਿੱਖਿਆ ਵਿੱਚ ਔਰਤਾਂ ਦੀ ਸ਼ਮੂਲੀਅਤ ਨਹੀਂ ਕਰਵਾ ਸਕੇ, ਪਰ ਉਨ੍ਹਾਂ ਨੇ ਵਿਧਵਾਵਾਂ ਦੇ ਵਿਆਹ ਨੂੰ ਸਵੀਕਾਰ ਕੀਤਾ। ਇਹ ਰਾਜਸੀਕ੍ਰਿਤ ਅਤੇ ਆਦਰਸ਼ਕਾਰੀ ਹਿੰਦੂ ਵਿਧਵਾਪਨ ਹੀ ਹੈ ਜਿਸ ਨੂੰ ਗਾਂਧੀ ਜੀ ਨੇ ਸ਼ਾਂਤ ਪਰ ਨਿਰੰਤਰ ਸੰਘਰਸ਼ ਵਾਸਤੇ ਲੋਕ ਚੇਤਨਾ ਨੂੰ ਪ੍ਰੇਰਿਤ ਕਰਨ ਲਈ ਇਸਤੇਮਾਲ ਕੀਤਾ। ਇਸ ਕਰਕੇ ਇਹ ਅਟੱਲ ਸੀ ਕਿ ਬਸਤੀਵਾਦ ਤੋਂ ਬਾਅਦ ਵਾਲੇ ਭਾਰਤ ਵਿੱਚ ਇਕ ਸੰਘਰਸ਼ੀ ਵਿਧਵਾ ਮਾਂ ਇਸ ਦੇ ਬਸਤੀਵਾਦ ਵਿਰੋਧੀ ਭੂਤਕਾਲ ਅਤੇ ਖ਼ੁਸ਼ਹਾਲ ਭਵਿੱਖ ਕੌਮ ਦਾ ਪ੍ਰਤੀਕ ਬਣ ਗਈ (ਅਟਵਾਲ, 2016)।

ਗਾਂਧੀ ਜੀ ਨੇ ਇਨ੍ਹਾਂ ਵਿਧਵਾਵਾਂ ਦੇ ਤਿਆਗ ਦੀ ਭਾਵਨਾ ਦਾ ਮਹਿਮਾ ਮੰਡਨ ਕੀਤਾ ਕਿਉਂਕਿ ਉਨ੍ਹਾਂ ਨੇ ਆਉਣ ਵਾਲੇ ਸਾਲਾਂ ਵਿੱਚ ਬ੍ਰਹਮਚਰਜ ਦੀ ਸਹੁੰ ਲੈਣ ਉਪਰੰਤ ਆਪਣੀ ਲਿੰਗਕਤਾ ਨੂੰ ਅਧਿਆਤਮਕ ਸ਼ਕਤੀ ਵਿੱਚ ਬਦਲ ਲਿਆ। ਰਾਸ਼ਟਰੀ ਅੰਦੋਲਨ ਦੇ ਅਗਲੇ ਪੜਾਅ ਵਿੱਚ ਵੱਡੇ ਪੱਧਰ ਉਤੇ ਔਰਤਾਂ ਦੀ ਭਾਗੀਦਾਰੀ ਹੋਈ। 1920ਵਿਆਂ ਤੋਂ ਬਾਅਦ ਦੇ ਰਾਜਨੀਤਕ ਤੌਰ ਤੇ ਉਥਲ-ਪੁਥਲ ਵਾਲੇ ਵਾਤਾਵਰਨ ਵਿੱਚ 'ਮਦਰ ਇੰਡੀਆ' ਨਾਮਕ ਕਿਤਾਬ ਇਕ ਅਮਰੀਕੀ ਨਾਗਰਿਕ ਕੈਥਰੀਨ ਮੇਉ ਵਲੋਂ ਛਪਾਈ ਗਈ ਜਿਸ ਨੇ ਦੋ ਸਾਲਾਂ ਲਈ ਭਾਰਤ ਦਾ ਦੌਰਾ ਕੀਤਾ ਸੀ। ਉਨ੍ਹਾਂ ਨੇ ਹਿੰਦੂ ਮਰਦਾਂ ਅਤੇ ਪਰਿਵਾਰ ਵਿੱਚ ਔਰਤਾਂ ਦੀ ਗੁਲਾਮਾਂ ਵਰਗੀ ਹਾਲਤ ਤੇ ਗਹਿਰੀ ਆਲੋਚਨਾ ਨੂੰ ਕਲਮਬੱਧ ਕੀਤਾ ਸੀ। ਇਹ ਕਿਤਾਬ ਭਵਿੱਖ ਦੀ 'ਵਿਸ਼ਵ ਜਨ ਘਟਨਾ' ਬਣਨ ਲਈ ਤਿਆਰ ਸੀ (ਮ੍ਰਿਣਾਲਿਨੀ ਸਿਨਹਾ, 2006)। ਇਨ੍ਹਾਂ ਘਟਨਾਵਾਂ ਵਿੱਚੋਂ ਸਭ ਤੋਂ ਅਹਿਮ ਗੱਲ ਇਹ ਸੀ ਕਿ 19ਵੀਂ ਸਦੀ ਤੋਂ 'ਹਿੰਦੂ ਪਰਿਵਾਰ' ਜਨਤਕ ਪੜਤਾਲ ਲਈ ਖੋਲ੍ਹ ਦਿੱਤੇ ਗਏ। ਕੌਮਪ੍ਰਸਤਾਂ ਅਤੇ ਸੁਧਾਰਕਾਂ ਦੀ ਅਗਵਾਈ ਵਾਲੀਆਂ ਰਾਸ਼ਟਰੀ ਮੁਹਿੰਮਾਂ ਨੂੰ ਪਰਿਵਾਰਾਂ ਉਤੇ ਧਿਆਨ ਕੇਂਦਰਿਤ ਕਰਨ ਅਤੇ ਘਰੇਲੂ ਵਾਤਾਵਰਨ ਨੂੰ ਹਿੰਸਾ ਮੁਕਤ ਬਣਾਉਣ ਲਈ ਮਜਬੂਰ ਕਰ ਦਿੱਤਾ ਗਿਆ। ਇਸ ਕਿਤਾਬ ਬਾਰੇ ਦੇਸ਼ ਭਰ ਵਿੱਚੋਂ ਅਸਹਿਮਤੀ ਦੇ ਹੁੰਗਾਰੇ ਆਏ। ਇਸ ਨੇ ਭਾਰਤੀ ਮਰਦਾਂ ਅਤੇ ਔਰਤਾਂ ਨੂੰ ਰਾਸ਼ਟਰੀ ਸਵੈਮਾਣ ਲਈ ਇਕਜੁੱਟ ਕਰ ਦਿੱਤਾ। 1930ਵਿਆਂ ਦੀ ਇਕ ਹੋਰ ਪ੍ਰਮੁੱਖ ਘਟਨਾ ਸਿਵਲ ਨਾਫ਼ੁਰਮਾਨੀ ਅੰਦੋਲਨ ਦਾ ਅਰੰਭ ਹੋਣਾ ਸੀ। ਇਹ ਮੁੱਖ ਤੌਰ ਤੇ ਸਥਾਨਕ ਪੱਧਰ ਉਤੇ ਉਤਪਾਦਨ ਕੀਤੇ ਜਾਂਦੇ ਲੂਣ ਉਤੇ ਕਰ ਲਾਉਣ ਖਿਲਾਫ ਸੀ। ਇਸ ਵਿੱਚ 24 ਦਿਨ ਲੰਬਾ ਮਾਰਚ ਸ਼ਾਮਲ ਸੀ ਜੋ ਸਾਬਰਮਤੀ ਦਰਿਆ ਦੇ ਕਿਨਾਰੇ ਸ਼ੁਰੂ ਹੋਇਆ। ਔਰਤ ਵਲੰਟੀਅਰ ਹੁਣ ਮਾਰਚਾਂ ਅਤੇ ਬਾਈਕਾਟ ਦੀ ਅਗਵਾਈ ਕਰਨ ਅਤੇ ਪ੍ਰਭਾਤਫੇਰੀਆਂ (ਵੱਡੇ ਤੜਕੇ ਦੇਸ਼ ਭਗਤੀ ਦੇ ਤਰਾਨੇ ਗਾਉਣ) ਲਈ ਸਰੀਰਕ ਤੌਰ ਤੇ ਪੂਰੀ ਤਰ੍ਹਾਂ ਸਿੱਖਿਅਤ ਸਨ।

ਔਰਤਾਂ ਨੇ ਆਪਣੀਆਂ ਸਭਾਵਾਂ ਦੇ ਅੰਦਰ ਦੇਸ਼ ਭਗਤ ਸਮੂਹ ਬਣਾ ਲਏ। ਇਨ੍ਹਾਂ ਨੂੰ ਦੇਸ਼ ਸੇਵਿਕਾ ਸੰਘ ਆਖਿਆ ਜਾਂਦਾ ਸੀ। ਔਰਤਾਂ ਨੇ ਸ਼ਾਤਮਈ ਤਰੀਕੇ ਨਾਲ ਵਿਰੋਧ ਕਰਦਿਆਂ ਗ੍ਰਿਫ਼ਤਾਰੀਆਂ ਦਿੱਤੀਆਂ ਅਤੇ ਸ਼ਾਂਤਮਈ ਮਾਰਚਾਂ ਦੀ ਅਗਵਾਈ ਕੀਤੀ ਪਰ ਕੁੱਝ ਔਰਤਾਂ ਕ੍ਰਾਂਤੀਕਾਰੀ ਸਮੂਹਾਂ ਵਿੱਚ ਸ਼ਾਮਲ ਹੋ ਗਈਆਂ ਜਾਂ ਉਨ੍ਹਾਂ ਵਲੋਂ ਬਰਤਾਨਵੀ ਅਫ਼ਸਰਾਂ ਦੀ ਹੱਤਿਆ ਕਰਨ ਲਈ ਕ੍ਰਾਂਤੀਕਾਰੀਆਂ ਦੀ ਮਦਦ ਕੀਤੀ ਗਈ।

1930ਵਿਆਂ ਵਿੱਚ ਜੇਲ੍ਹਾਂ ਭਰਨ ਵਾਲੀਆਂ ਨਾਮੀ ਔਰਤਾਂ ਵਿੱਚ ਸਰੋਜਨੀ ਨਾਇਡੂ, ਮੁਥੁਲਕਸ਼ਮੀ

ਰੈੱਡੀ, ਮਾਰਗ੍ਰੇਟ ਕਜ਼ਨਜ਼ ਅਤੇ ਕਮਲਾ ਦੇਵੀ ਚੱਟੋਪਾਧਿਆਏ ਦੇ ਨਾਮ ਮਹੱਤਵਪੂਰਨ ਹਨ। ਉਦਾਰਵਾਦੀ ਘਰਾਂ ਤੇ ਰੂੜੀਵਾਦੀ ਪਰਿਵਾਰਾਂ, ਸ਼ਹਿਰੀ ਕੇਂਦਰਾਂ ਅਤੇ ਦਿਹਾਤੀ ਜ਼ਿਲ੍ਹਿਆਂ ਤੋਂ ਅਣਵਿਆਹੀਆਂ ਤੇ ਵਿਆਹੀਆਂ, ਨੌਜਵਾਨ ਅਤੇ ਬਿਰਧ, ਸਾਰੀਆਂ ਔਰਤਾਂ ਅੱਗੇ ਆਈਆਂ ਅਤੇ ਬਸਤੀਵਾਦੀ ਸ਼ਾਸਨ ਦੇ ਖਿਲਾਫ ਸੰਘਰਸ਼ ਵਿੱਚ ਭਾਗ ਲਿਆ (ਫੌਰਬਜ਼, 2005)।

ਮਰਦਾਂ ਦੇ ਗ੍ਰਿਫਤਾਰ ਹੋਣ ਤੇ ਔਰਤਾਂ ਦੀਆਂ ਸਭਾਵਾਂ ਨੇ ਸਿਵਲ ਨਾਫੁਰਮਾਨੀ ਅਤੇ ਬੈਠਕਾਂ ਆਯੋਜਿਤ ਕਰਨ ਦਾ ਕੰਮ ਆਪਣੇ ਹੱਥਾਂ ਵਿੱਚ ਲੈ ਲਿਆ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਚਰਖਾ ਕੱਤ ਕੇ ਅਤੇ ਅੰਨ-ਜਲ ਤਿਆਗ ਕਰਕੇ ਗਾਂਧੀ ਜੀ ਦੇ ਉਸਾਰੂ ਪ੍ਰੋਗਰਾਮ ਨੂੰ ਜਾਰੀ ਰੱਖਿਆ ਗਿਆ। 1930ਵਿਆਂ ਨਾਲ ਸੰਬੰਧਿਤ ਔਰਤਾਂ ਦੀਆਂ ਅਨੇਕ ਸਾਖੀਆਂ ਅਤੇ ਯਾਦਾਂ ਹਨ। ਉਨ੍ਹਾਂ ਵਿੱਚੋਂ ਕੁੱਝ ਨੂੰ ਸੇਵਿਕਾ ਜਾਂ ਸਕਾਊਟ ਆਖਿਆ ਜਾਂਦਾ ਸੀ। ਉਦਾਹਰਣ ਵਜੋਂ, 1930ਵਿਆਂ ਦੇ ਲਾਗੇ ਲਖਨਊ ਵਿੱਚ ਕਾਂਗਰਸ ਨੂੰ ਸਰਕਾਰ ਵਲੋਂ ਗ਼ੈਰ-ਕਾਨੂੰਨੀ ਐਲਾਨ ਦਿੱਤਾ ਗਿਆ। ਮਸ਼ਹੂਰ ਨਾਵਲਕਾਰ ਪ੍ਰੇਮਚੰਦ ਦੀ ਪਤਨੀ ਸ਼ਿਵਰਾਨੀ ਦੇਵੀ ਆਪਣੀਆਂ ਯਾਦਾਂ ਵਿੱਚ ਲਿਖਦੀ ਹੈ ਕਿ ਔਰਤਾਂ ਪੁਲਿਸ ਦੀਆਂ ਗੱਡੀਆਂ ਵਿੱਚ ਬਹਿ ਕੇ ਮਹਾਤਮਾ ਗਾਂਧੀ ਤੇ ਭਾਰਤ ਮਾਤਾ ਦੀ ਜੈ ਦੇ ਨਾਹਰੇ ਲਾਉਂਦੀਆਂ ਸਨ। ਉਹ ਸੱਤ ਸਨ ਜਿਨ੍ਹਾਂ ਵਿੱਚੋਂ ਇਕ ਇੰਸਪੈਕਟਰ ਅਤੇ ਬਾਕੀ ਸਿਪਾਹੀ ਸਨ। ਉਨ੍ਹਾਂ ਨੇ ਰਾਸ਼ਟਰੀ ਤਰਾਨਾ ਗਾਉਣਾ ਜਾਰੀ ਰੱਖਿਆ ... ਜਦੋਂ ਇੰਸਪੈਕਟਰ ਥੱਲੇ ਉਤਰ ਗਿਆ ਤਾਂ ਉਨ੍ਹਾਂ ਨੇ ਨਾਲ ਬੈਠੇ ਸਿਪਾਹੀਆਂ ਦੀਆਂ ਅੱਖਾਂ ਵਿੱਚ ਹੰਝੂ ਵੇਖੇ। ਸ਼ਿਵਰਾਨੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਇੰਸਪੈਕਟਰ ਵਲੋਂ 50 ਔਰਤਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਪਰ ਉਨ੍ਹਾਂ ਨੂੰ ਜੇਲ੍ਹ ਨਹੀਂ ਲਿਜਾਇਆ ਗਿਆ; ਉਨ੍ਹਾਂ ਨੂੰ ਸ਼ਹਿਰੋਂ ਬਾਹਰ ਇਕ ਅਣਜਾਣ ਥਾਂ ਉਤੇ ਉਤਾਰ ਦਿੱਤਾ ਗਿਆ। ਮਹਿਲਾ ਆਸ਼ਰਮ ਦੀ ਇਕ ਜਨ ਸਭਾ ਦੌਰਾਨ, ਜਿਥੇ 12000 ਤੋਂ ਵੱਧ ਲੋਕ ਇਕੱਤਰ ਸਨ, ਸ਼ਿਵਰਾਨੀ ਵਲੋਂ ਬਹੁਤ ਧੂੰਆਂਧਾਰ ਭਾਸ਼ਣ ਦਿੱਤਾ ਗਿਆ, ਇਹ ਜਾਣਦਿਆਂ ਹੋਇਆਂ ਵੀ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਨਵੰਬਰ 1931 ਵਿੱਚ ਇਕ ਵਾਰ ਫਿਰ ਸ਼ਿਵਰਾਨੀ ਨੂੰ ਉਸ ਦੀਆਂ ਸੱਤ ਸਾਥਣਾਂ ਸਮੇਤ ਵਿਦੇਸ਼ੀ ਕੱਪੜੇ ਖਿਲਾਫ ਧਰਨੇ ਦੇਣ ਲਈ ਗ੍ਰਿਫਤਾਰ ਕੀਤਾ ਗਿਆ (ਅਟਵਾਲ, 2007)। ਸ਼ਿਵਰਾਨੀ ਦੇਵੀ ਨੇ ਅਸਹਿਯੋਗ ਅੰਦੋਲਨ ਵਿੱਚ ਵੀ ਭਾਗ ਲਿਆ ਸੀ।

ਇਕ ਵਾਰ ਜਦੋਂ ਔਰਤਾਂ ਦੀ ਕੌਮਪ੍ਰਸਤੀ ਦੀ ਭਾਵਨਾ ਜਾਗ ਪਈ, ਉਨ੍ਹਾਂ ਵਲੋਂ ਰਾਜਸੀ ਆਜ਼ਾਦੀ ਹਾਸਲ ਕਰਨ ਲਈ ਵੱਖ-ਵੱਖ ਢੰਗ ਤਰੀਕਿਆਂ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਗਿਆ।

ਇਕ ਹੋਰ ਦੇਸ਼ ਭਗਤ ਸਭਾ-ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਵਿੱਚ ਦੁਰਗਾਵਤੀ ਦੇਵੀ ਜਾਂ ਦੁਰਗਾ ਭਾਬੀ (1907–1999) ਵਲੋਂ ਯੋਗਦਾਨ ਪਾਇਆ ਗਿਆ। ਉਹ ਤੇ ਉਨ੍ਹਾਂ ਦੇ ਪਤੀ ਭਗਵਤੀ ਚਰਨ ਵੋਹਰਾ ਐੱਚ ਐੱਸ ਆਰ ਏ ਦੇ ਮੈਂਬਰ ਸਨ। ਉਹ ਭਗਤ ਸਿੰਘ ਦੇ ਨਾਲ ਰੇਲ ਦੇ ਸਫਰ ਵਿੱਚ ਨਾਲ ਗਏ ਜਿਸ ਵਿੱਚ ਉਹ ਸਾਂਡਰਸ ਨੂੰ ਗੱਡੀ ਚੜ੍ਹਾ ਕੇ ਭੇਸ ਵਟਾ ਕੇ ਬਚ ਨਿਕਲੇ ਸਨ।

ਕ੍ਰਾਂਤੀਕਾਰੀ ਭਾਗੀਦਾਰੀ ਦੀ ਇਕ ਹੋਰ ਘਟਨਾ 1930ਵਿਆਂ ਵਿੱਚ ਮਈ 1931 ਵਿੱਚ ਚਿਟਾਗਾਂਗ ਅਸਲੇਖਾਨੇ ਉਤੇ ਧਾਵਾ ਬੋਲਣ ਦੀ ਹੈ। ਕਲਪਨਾ ਦੱਤ (1913–1995) ਇੰਡੀਅਨ ਰਿਪਬਲੀਕਨ ਆਰਮੀ ਦੀ ਛੱਤਾਗ੍ਰਾਮ ਸ਼ਾਖਾ ਵਿੱਚ ਸ਼ਾਮਲ ਹੋ ਗਈ ਜੋ ਸੂਰਿਆ ਸੇਨ ਦੀ ਅਗਵਾਈ ਵਾਲਾ ਹਥਿਆਰਬੰਦ ਸਮੂਹ ਸੀ। ਉਹ 1931 ਵਿੱਚ ਚਿਟਾਗਾਂਗ ਦੇ ਯੂਰਪੀਨ ਕਲੱਬ ਉਤੇ ਹਮਲਾ ਕਰਨ ਲਈ ਜ਼ਿੰਮੇਵਾਰ ਪ੍ਰੀਤੀਲਤਾ ਵਾਡੀਡਾਰ ਨਾਲ ਸ਼ਾਮਲ ਹੋ ਗਈ। ਹਮਲੇ ਤੋਂ ਇਕ ਹਫ਼ਤਾ ਪਹਿਲਾਂ ਉਸ ਨੂੰ ਇਲਾਕੇ ਦੇ ਨਿਰੀਖਣ ਸਮੇਂ ਗ੍ਰਿਫਤਾਰ ਕਰ ਲਿਆ ਗਿਆ। ਜ਼ਮਾਨਤ ਉਤੇ ਰਿਹਾਅ ਹੋਣ ਉਪਰੰਤ ਉਹ ਰੂਪੋਸ਼ ਹੋ ਗਈ। 17 ਫ਼ਰਵਰੀ 1993 ਨੂੰ ਪੁਲਿਸ ਨੇ ਉਨ੍ਹਾਂ ਦੀ ਲੁਕਣਗਾਹ ਨੂੰ ਘੇਰਾ ਪਾ ਲਿਆ ਅਤੇ ਸੂਰਿਆ ਸੇਨ ਨੂੰ ਗ੍ਰਿਫਤਾਰ ਕਰ ਲਿਆ ਪਰ ਕਲਪਨਾ ਬਚ ਨਿਕਲਣ ਵਿੱਚ ਕਾਮਯਾਬ ਰਹੀ। ਚਿਟਾਗਾਂਗ ਅਸਲਖਾਨਾ ਹਮਲਾ ਮਾਮਲੇ ਦੇ ਪੂਰਕ ਟ੍ਰਾਇਲ ਵਿੱਚ ਕਲਪਨਾ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਉਸ ਨੂੰ 1939 ਵਿੱਚ ਰਿਹਾਅ ਕਰ ਦਿੱਤਾ ਗਿਆ।

1930ਵਿਆਂ ਵਿੱਚ ਕਮਲਾਦੇਵੀ ਚੱਟੋਪਾਧਿਆਏ (1903–1988) ਗਾਂਧੀ ਅੰਦੋਲਨ ਦੇ ਪ੍ਰਮੁੱਖ ਨੇਤਾ ਵਜੋਂ ਉੱਭਰ ਕੇ ਸਾਹਮਣੇ ਆਏ, ਖ਼ਾਸ ਕਰਕੇ ਨਮਕ ਸੱਤਿਆਗ੍ਰਹਿ ਸਮੇਂ। ਬਾਅਦ ਵਿੱਚ ਆਜ਼ਾਦ ਭਾਰਤ ਵਿੱਚ ਵੀ ਉਨ੍ਹਾਂ ਦੀ ਦਿਲਚਸਪੀ ਹੱਥ ਕਲਾ, ਹੱਥ ਖੱਡੀ ਅਤੇ ਥੀਏਟਰ ਨੂੰ ਉੱਤਸ਼ਾਹਤ ਕਰਨ ਵਿੱਚ ਲਗਾਤਾਰ ਵਧਦੀ ਗਈ। ਕਮਲਾ ਦੇਵੀ ਕਾਂਗਰਸ ਦੇ ਫੈਸਲੇ ਲੈਣ ਦੇ ਮਾਮਲੇ ਵਿੱਚ ਕਦੀ ਵੀ ਪ੍ਰਮੁੱਖ ਭੂਮਿਕਾ ਵਿੱਚ ਨਹੀਂ ਰਹੀ ਕਿਉਂਕਿ ਉਹ ਮਹਾਤਮਾ ਗਾਂਧੀ, ਨਹਿਰੂ ਅਤੇ ਸਮਾਜਵਾਦੀਆਂ ਦੇ ਤਿਕੋਣੇ ਸੰਬੰਧਾਂ ਵਿੱਚ ਫਸੀ ਹੋਈ ਸੀ। 1955 ਵਿੱਚ ਭਾਰਤ ਸਰਕਾਰ ਵਲੋਂ ਉਸ ਨੂੰ ਪਦਮ ਭੂਸ਼ਣ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬਾਅਦ ਵਿੱਚ ਉਸ ਨੂੰ ਦੂਜਾ ਸਭ ਤੋਂ ਵੱਡਾ ਸਿਵਲੀਅਨ ਇਨਾਮ 1987 ਵਿੱਚ ਦਿੱਤਾ ਗਿਆ ਜੋ ਭਾਰਤੀ ਗਣਰਾਜ ਦੇ ਸਭ ਤੋਂ ਵੱਡੇ ਸਿਵਲੀਅਨ ਅਵਾਰਡਾਂ ਵਿੱਚ ਸ਼ੁਮਾਰ ਹੈ। 1966 ਵਿੱਚ ਉਨ੍ਹਾਂ ਨੂੰ ਸਮਾਜਕ ਅਗਵਾਈ ਲਈ ਰੈਮਨ ਮੈਗਾਸਾਸੇ ਅਵਾਰਡ ਵੀ ਪ੍ਰਾਪਤ ਹੋਇਆ। ਉਨ੍ਹਾਂ ਨੂੰ ਸੰਗੀਤ ਨਾਟਕ ਅਕੈਡਮੀ ਫੈਲੋਸ਼ਿਪ, ਰਤਨਾ ਸਦਸਯ, ਸੰਗੀਤ ਨਾਟਕ ਅਕੈਡਮੀ ਦਾ ਸਰਵੋਚ ਅਵਾਰਡ, ਭਾਰਤ ਦੀ ਨੈਸ਼ਨਲ ਅਕੈਡਮੀ ਆਫ ਮਿਊਜ਼ਿਕ, ਡਾਂਸ ਅਤੇ ਡਰਾਮਾ ਦੇ ਅਵਾਰਡ 1974 ਵਿੱਚ ਉਨ੍ਹਾਂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਪ੍ਰਦਾਨ ਕੀਤੇ ਗਏ। ਦੂਜੇ ਪਾਸੇ, ਸਰੋਜਿਨੀ ਨਾਇਡੂ ਦੀ ਰਾਜਸੀ ਪੁੱਛ ਪ੍ਰਤੀਤ ਵੱਧ ਸੀ। 1925 ਵਿੱਚ ਨਾਇਡੂ ਨੇ ਕਾਨ੍ਹਪੁਰ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦੇ ਸਾਲਾਨਾ ਸਮਾਗਮ ਦੀ ਪ੍ਰਧਾਨਗੀ ਕੀਤੀ। 1929 ਵਿੱਚ ਦੱਖਣੀ ਅਫ਼ਰੀਕਾ ਵਿਖੇ ਉਨ੍ਹਾਂ ਨੇ ਈਸਟ ਅਫਰੀਕਨ ਇੰਡੀਅਨ ਕਾਂਗਰਸ ਦੀ ਪ੍ਰਧਾਨਗੀ ਕੀਤੀ। ਬਰਤਾਨਵੀ ਸਰਕਾਰ ਵਲੋਂ ਭਾਰਤ ਵਿੱਚ ਪਲੇਗ ਦੀ ਮਹਾਂਮਾਰੀ ਫੈਲਣ ਸਮੇਂ ਉਨ੍ਹਾਂ ਵਲੋਂ ਕੀਤੇ ਕੰਮਾਂ ਲਈ ਉਨ੍ਹਾਂ ਨੂੰ ਕੈਸਰ-ਏ-ਹਿੰਦ ਤਗਮੇ ਨਾਲ ਸਨਮਾਨਿਤ ਕੀਤਾ ਗਿਆ।

1930 ਦੇ ਨਮਕ ਸੱਤਿਆਗ੍ਰਹਿ ਸਮੇਂ ਗੁਜਰਾਤ ਦੇ ਧਾਰਸਨਾ ਨਮਕ ਖੇਤਰ ਵਿੱਚ ਰੋਸ ਪ੍ਰਗਟ ਕਰਨ ਵਾਲੀਆਂ ਔਰਤਾਂ ਵਿੱਚ ਉਹ ਸ਼ਾਮਲ ਸਨ। ਧਾਰਸਨਾ ਵਿਖੇ ਬਰਤਾਨਵੀ ਕਮਾਂਡ ਦੀ ਅਗਵਾਈ ਵਿੱਚ ਸੱਤਿਆਗ੍ਰਹਿ ਕਰਨ ਵਾਲਿਆਂ ਦੀ ਸਿਪਾਹੀਆਂ ਵਲੋਂ ਕੁੱਟਮਾਰ ਕੀਤੀ ਗਈ। 1931 ਵਿੱਚ ਉਨ੍ਹਾਂ ਨੇ ਮਹਾਤਮਾ ਗਾਂਧੀ ਅਤੇ ਮਦਨ ਮੋਹਨ ਮਾਲਵੀਆ ਨਾਲ ਗੋਲਮੇਜ਼ ਕਾਨਫਰੰਸ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਸਿਵਲ ਨਾਫੁਰਮਾਨੀ

*ਬਾਕੀ ਸਫ਼ਾ 31 ਉੱਤੇ*

# ਸਤੀ ਤੋਂ ਮੈਰੀਕਾਮ ਤੱਕ : ਹੱਕ ਦੀ ਜੰਗ ਜਾਰੀ ਹੈ

ਗੀਤਾ ਲੂਥਰਾ

ਜਿਵੇਂ ਕਿ ਮਾਰਗ੍ਰੇਟ ਥੈਚਰ ਵਲੋਂ ਕਿਹਾ ਗਿਆ ਸੀ, "ਜੇ ਤੁਸੀ ਕੁੱਝ ਅਖਵਾਉਣਾ ਹੋਵੇ ਤਾਂ ਪੁਰਸ਼ ਨੂੰ ਕਹੋ, ਜੇ ਤੁਸੀਂ ਕੁੱਝ ਕਰਵਾਉਣਾ ਹੋਵੇ ਤਾਂ ਇਕ ਔਰਤ ਨੂੰ ਕਹੋ।" ਅੱਜਕੱਲ੍ਹ ਇਕ ਔਰਤ ਆਪਣੇ ਨਾਲ ਇਕ ਵਿਅਕਤੀ, ਜਿਉਂਦਾ ਜਾਗਦਾ ਇਨਸਾਨ ਦਾ ਵਿਵਹਾਰ ਹੁੰਦਾ ਦੇਖਣਾ ਲੋਚਦੀ ਹੈ ਅਤੇ ਇਹ ਬਿਲਕੁਲ ਵਾਜਬ ਵੀ ਹੈ ਕਿਉਂਕਿ ਇਕ ਔਰਤ ਆਪਣੇ ਪੁਰਸ਼ ਸਾਥੀਆਂ ਵਾਂਗ ਮਾਣ ਸਨਮਾਨ ਅਤੇ ਰੁਤਬੇ ਦੀ ਹੱਕਦਾਰ ਹੈ।

ਭਾਵੇਂ ਕਿ ਮਨੁੱਖੀ ਅਧਿਕਾਰਾਂ ਦਾ ਹਰੇਕ ਐਲਾਨਨਾਮਾ ਇਹ ਹੋਕਾ ਦਿੰਦਾ ਹੈ ਕਿ ਪੁਰਸ਼ ਅਤੇ ਔਰਤਾਂ ਜਨਮ ਸਮੇਂ ਤੋਂ ਹੀ ਬਰਾਬਰ ਹੱਕ ਰੱਖਦੇ ਹਨ ਅਤੇ ਅਜਿਹਾ ਭਾਰਤੀ ਸੰਵਿਧਾਨ ਦੇ ਆਰਟੀਕਲ 14 ਅਤੇ 15 ਵਿੱਚ ਵੀ ਦਰਜ ਕੀਤਾ ਗਿਆ ਹੈ ਪਰ ਇਹ ਸਚਾਈ ਤੋਂ ਕੋਹਾਂ ਦੂਰ ਹੈ। ਸਮਾਜ ਦੀਆਂ ਜੜ੍ਹਾਂ ਵਿੱਚ ਵਸਿਆ ਇਹ ਵਿਸ਼ਵਾਸ ਕਿ ਔਰਤਾਂ ਆਪਣੇ ਪੁਰਸ਼ ਸਾਥੀਆਂ ਨਾਲੋਂ ਘੱਟ ਮਾਣ ਸਨਮਾਨ ਦੀਆਂ ਹੱਕਦਾਰ ਹਨ, ਇਹ ਔਰਤਾਂ ਖਿਲਾਫ ਬੇਕਾਬੂ, ਨਿਰੰਤਰ ਅਤੇ ਜ਼ਿੱਦੀ ਹਿੰਸਾ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ ਜਿਸ ਨਾਲ ਔਰਤਾਂ ਨੂੰ ਸਿੱਖਿਆ, ਸਿਹਤ, ਰੋਜ਼ਗਾਰ, ਜਾਇਦਾਦ ਅਤੇ ਪ੍ਰਭਾਵ ਦੇ ਮਾਮਲੇ ਵਿੱਚ ਢੁੱਕਵਾਂ ਹਿੱਸਾ ਨਹੀਂ ਮਿਲਦਾ।

**ਨਿਰਭਰਤਾ ਸਮਝੌਤੇ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਕਿਸੇ ਵੀ ਪੀੜਤ ਵਲੋਂ ਹਿੰਸਾ ਜਾਂ ਬੇਇੱਜ਼ਤੀ ਅਤੇ ਉਤਪੀੜਨ ਦੇ ਖਿਲਾਫ ਆਵਾਜ਼ ਨਾ ਚੁੱਕਣ ਦਾ ਇਹ ਪ੍ਰਮੁੱਖ ਕਾਰਨ ਹੈ।**

ਔਰਤਾਂ ਦੇ ਸ਼ਕਤੀਕਰਨ ਦੇ ਸਵਾਲ ਨੂੰ ਦੋ ਸਰਲ ਜਿਹੇ ਸ਼ਬਦਾਂ ਵਿੱਚ ਬਿਆਨ ਕੀਤਾ ਜਾ ਸਕਦਾ ਹੈ : ਵਿੱਤੀ ਆਜ਼ਾਦੀ।

ਔਰਤਾਂ ਦੇ ਸ਼ਕਤੀਕਰਨ ਨੂੰ ਹਾਸਲ ਕਰਨ ਦਾ ਸਭ ਤੋਂ ਵੱਡਾ ਤੇ ਆਖਰੀ ਹਥਿਆਰ ਸ਼ਹਿਰਾਂ ਤੇ ਪਿੰਡਾਂ ਵਿੱਚ ਸਾਰੀਆਂ ਔਰਤਾਂ ਲਈ ਵਿੱਤੀ ਆਜ਼ਾਦੀ ਯਕੀਨੀ ਬਣਾਉਣਾ ਹੈ। ਵਿੱਤੀ ਆਜ਼ਾਦੀ ਵੀ ਅੱਗੇ ਜ਼ਿਆਦਾਤਰ ਸਿੱਖਿਆ ਅਤੇ ਕੁੜੀਆਂ ਤੇ ਦੂਜਾ ਕੰਮ ਵਾਲੇ ਸਥਾਨ ਤੇ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਉਤੇ ਨਿਰਭਰ ਹੈ। ਔਰਤਾਂ ਦੇ ਸ਼ਕਤੀਕਰਨ ਦੀ ਜੰਗ ਦੇ ਪਹਿਲੇ ਪੜਾਅ ਵਿੱਚ ਸਰਕਾਰ ਵਲੋਂ ਅਗਾਂਹਵਧੂ ਕਾਨੂੰਨੀ ਨੀਤੀਆਂ ਅਪਣਾ ਕੇ ਇਸ ਨੂੰ ਪੂਰਾ ਕਰਨ ਲਈ ਧੀਮੀਆਂ ਪਰ ਸੁਚੇਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਕੰਮ ਵਾਲੇ ਸਥਾਨ ਉਤੇ ਬਰਾਬਰ ਅਤੇ ਵਿਆਪਕ ਵਾਤਾਵਰਨ ਵਾਲੇ ਮੌਕੇ ਪ੍ਰਦਾਨ ਕਰਨ ਲਈ ਨਿਆਂਇਕ ਦਖ਼ਲ ਅਤੇ ਵਿਧਾਨਕ ਯਤਨ ਇਸ ਦਿਸ਼ਾ ਵੱਲ ਸਹੀ ਕਦਮ ਹਨ। ਬਰਾਬਰ ਉਜਰਤਾਂ ਬਾਰੇ ਐਕਟ, 1976; ਦਾਜ ਰੋਕੂ ਐਕਟ, 1961; ਅਨੈਤਿਕ ਸਰਗਰਮੀਆਂ (ਰੋਕਥਾਮ) ਐਕਟ, 1956; ਮਾਤਰੀ ਲਾਭ ਐਕਟ, 1961; ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਐਕਟ, 1971; ਸਤੀ (ਰੋਕਥਾਮ) ਬਾਰੇ ਆਯੋਗ ਐਕਟ, 1987; ਬਾਲ ਵਿਆਹ ਰੋਕੂ ਐਕਟ, 2006; ਗਰਭ ਧਾਰਣ ਤੋਂ ਪੂਰਵ ਅਤੇ ਜਨਮ ਤੋਂ ਪਹਿਲਾਂ ਲਿੰਗ ਨਿਰਧਾਰਨ ਤਕਨੀਕ (ਨਿਯਮਨ ਤੇ ਦੁਰਵਰਤੋਂ ਨੂੰ ਰੋਕਣ) ਬਾਰੇ ਐਕਟ, 1994; ਕੰਮ ਵਾਲੇ ਸਥਾਨ ਤੇ ਔਰਤਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਸੁਰੱਖਿਆ) ਐਕਟ, 2013; ਆਦਿ ਕੁੱਝ ਕਾਨੂੰਨ ਹਨ ਜੋ ਔਰਤਾਂ ਦੇ ਸ਼ਕਤੀਕਰਨ ਨੂੰ ਲਾਗੂ ਕਰਨ ਦੇ ਉਦੇਸ਼ ਨਾਲ ਪਾਸ ਕੀਤੇ ਗਏ ਹਨ।

ਅਗਾਂਹਵਧੂ ਕਾਨੂੰਨੀ ਕਾਰਜ ਬਾਰੇ ਇਨ੍ਹਾਂ ਸਰਗਰਮ ਤੇ ਅਗੇਤੇ ਕਦਮਾਂ ਨੇ ਯਕੀਨੀ ਬਣਾਇਆ ਹੈ ਕਿ ਔਰਤਾਂ ਕੋਲ ਸਮਾਜ ਦੀ ਕੰਮਕਾਜੀ ਵਸੋਂ ਬਣਨ ਅਤੇ ਆਜ਼ਾਦ ਹੋਣ ਲਈ ਯਤਨਸ਼ੀਲ ਹੋਣ ਦਾ ਇਹ ਵਧੀਆ ਮੌਕਾ ਹੈ। ਇਸ ਦਾ ਇਹ ਬਿਲਕੁੱਲ ਵੀ ਮਤਲਬ ਨਹੀਂ ਕਿ ਇਸ ਨਾਲ ਔਰਤਾਂ ਨੂੰ ਸਮਾਜ ਵਿੱਚ ਪ੍ਰਚੱਲਤ ਮਰਦ ਪ੍ਰਧਾਨਤਾ ਵਾਲੀ ਡੂੰਘੀਆਂ ਜੜ੍ਹਾਂ ਫੜੀ ਬੈਠੇ ਵਿਤਕਰੇਬਾਜ਼ੀ ਤੋਂ ਬਰਾਬਰੀ ਮਿਲ ਜਾਵੇਗੀ ਪਰ ਇਸ ਨਾਲ ਘੱਟੋ-ਘੱਟ ਉਹ ਆਪਣੇ ਆਪ ਨੂੰ ਉਸ ਹਿੰਸਾ ਤੋਂ ਪਰੇ ਰੱਖ ਸਕਦੀਆਂ ਹਨ ਜੋ ਗ਼ੈਰ ਬਰਾਬਰੀ ਦੀ ਭਾਵਨਾ ਤੋਂ ਪੈਦਾ ਹੁੰਦੀ ਹੈ।

"ਜੁਰਮ ਇਕ ਬਿਮਾਰ ਦਿਮਾਗ ਦੀ ਉਪਜ ਹੁੰਦਾ ਹੈ ਅਤੇ ਜੇਲ੍ਹਾਂ ਵਿੱਚ ਹਸਪਤਾਲ ਵਰਗਾ ਵਾਤਾਵਰਨ ਹੋਣਾ ਜ਼ਰੂਰੀ ਹੈ ਜਿਥੇ ਇਲਾਜ ਅਤੇ ਸਾਂਭ ਸੰਭਾਲ ਕੀਤੀ ਜਾ ਸਕੇ – ਅੱਖ ਬਦਲੇ ਅੱਖ ਲੈਣ ਦੀ ਭਾਵਨਾ ਸਾਰੀ ਦੁਨੀਆਂ ਨੂੰ ਅੰਨ੍ਹਾਂ ਕਰ ਦੇਵੇਗੀ" – ਮਹਾਤਮਾ ਗਾਂਧੀ।

ਬਲਾਤਕਾਰ ਦਾ ਜੁਰਮ ਇਕ ਔਰਤ ਦੇ ਮਾਨ ਸਨਮਾਨ ਅਤੇ ਸਰੀਰ ਦਾ ਜਿਨਸੀ ਸ਼ੋਸ਼ਣ ਹੈ ਜੋ ਮਰਦ ਵਲੋਂ ਆਪਣੇ ਤਾਕਤਵਰ ਰੁਤਬੇ ਦੀ ਦੁਰਵਰਤੋਂ ਕਰਨ ਦੀ ਇਕ ਹੋਰ ਮਿਸਾਲ ਹੈ। ਇਸ ਦੇ ਸੰਦਰਭ ਵਿੱਚ ਹੀ ਭਾਰਤ ਦੀ ਸੰਸਦ ਵਲੋਂ ਇਸ ਖੇਤਰ ਵਿੱਚ ਦੂਰਗਾਮੀ ਸੋਧਾਂ ਲਾਗੂ ਕੀਤੀਆਂ ਗਈਆਂ ਹਨ।

ਭਾਰਤ ਵਿੱਚ ਔਰਤਾਂ ਖਿਲਾਫ ਹੋ ਰਹੇ ਅਪਰਾਧਾਂ ਦੇ ਮੱਦੇਨਜ਼ਰ 2013 ਵਿੱਚ ਕ੍ਰਿਮੀਨਲ ਲਾਅ (ਸੋਧ) ਐਕਟ ਪਾਸ ਕੀਤਾ ਗਿਆ। ਇਸ ਭਾਰਤੀ ਕਾਨੂੰਨ ਨੂੰ 19 ਮਾਰਚ 2013 ਨੂੰ ਲੋਕ ਸਭਾ ਵਲੋਂ ਪਾਸ ਕੀਤਾ ਗਿਆ। ਰਾਜ ਸਭਾ ਵਲੋਂ ਇਸ ਐਕਟ ਉਤੇ 21 ਮਾਰਚ, 2013 ਨੂੰ ਮੋਹਰ

ਲਾਈ ਗਈ ਜੋ ਜਿਨਸੀ ਅਪਰਾਧਾਂ ਨਾਲ ਸੰਬੰਧਿਤ ਇੰਡੀਅਨ ਪੀਨਲ ਕੋਡ 1860, ਇੰਡੀਅਨ ਐਵੀਡੈਂਸ ਐਕਟ 1872 ਅਤੇ ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ, 1973 ਵਿੱਚ ਸੋਧ ਕਰਨ ਦੀ ਆਗਿਆ ਦਿੰਦਾ ਹੈ।

1983 ਵਿੱਚ ਇਕ ਸੋਧ ਕੀਤੀ ਗਈ ਅਤੇ 5.376 (2) ਮਤਲਬ ਹਿਰਾਸਤ ਵਿੱਚ ਬਲਾਤਕਾਰ, 5.376 (ਏ) ਮਤਲਬ ਵਿਆਹੁਤਾ ਨਾਲ ਬਲਾਤਕਾਰ ਅਤੇ 5.376 (ਬੀ ਤੇ ਡੀ) ਮਤਲਬ ਸੰਭੋਗ ਜੋ ਬਲਾਤਕਾਰ ਨਾ ਹੋਵੇ, ਨੂੰ ਇੰਡੀਅਨ ਪੀਨਲ ਕੋਡ ਵਿੱਚ ਸ਼ਾਮਲ ਕੀਤਾ ਗਿਆ।

## ਅਦਾਲਤੀ ਦਖ਼ਲ ਰਾਹੀਂ ਸਮਾਜ ਵਿੱਚ ਆਏ ਬਦਲਾਅ

ਇਕ ਸਮਾਂ ਅਜਿਹਾ ਸੀ ਜਦੋਂ ਭਾਰਤੀ ਨਿਆਂ ਪ੍ਰਣਾਲੀ ਬਲਾਤਕਾਰ ਦੇ ਇਕ ਖੁੱਲ੍ਹੇ ਤੇ ਸਪੱਸ਼ਟ ਮਾਮਲੇ ਦੇ ਤੱਥਾਂ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣ ਤੋਂ ਅਸਮਰਥ ਸੀ: ਮੋਹੰਮਦ ਹਬੀਬ ਬਨਾਮ ਸਰਕਾਰ, 1989, (ਆਰ ਆਈ ਐੱਲ ਜੇ 137 ਦੇ ਮਾਮਲੇ ਵਿੱਚ, ਦਿੱਲੀ ਹਾਈਕੋਰਟ ਵਲੋਂ ਇਕ ਬਲਾਤਕਾਰੀ ਨੂੰ ਸਿਰਫ ਇਸ ਕਰਕੇ ਬਰੀ ਕਰ ਦਿੱਤਾ ਕਿ ਉਸ ਦੇ ਲਿੰਗ ਉਤੇ ਸੱਟ ਕੋਈ ਨਿਸ਼ਾਨ ਨਹੀਂ ਸਨ – ਜਿਸ ਨੂੰ ਅਦਾਲਤ ਨੇ ਕੋਈ ਵਿਰੋਧ ਨਾ ਹੋਣ ਦਾ ਸੰਕੇਤ ਸਮਝ ਲਿਆ। ਸਭ ਤੋਂ ਵੱਧ ਮਹੱਤਵਪੂਰਨ ਤੱਥ ਜਿਵੇਂ ਕਿ ਪੀੜਤ ਦੀ ਉਮਰ (7 ਸਾਲ), ਉਸ ਦੀ ਝਿੱਲੀ ਫਟ ਚੁੱਕੀ ਸੀ ਅਤੇ ਉਸ ਦੇ ਸਰੀਰ ਉਤੇ ਕੱਟਣ ਦੇ ਨਿਸ਼ਾਨਾਂ ਨੂੰ ਹਾਈਕੋਰਟ ਵਲੋਂ ਨਹੀਂ ਵਿਚਾਰਿਆ ਗਿਆ। ਇਥੋਂ ਤੱਕ ਕਿ ਪ੍ਰਤੱਖਦਰਸ਼ੀ ਜਿਨ੍ਹਾਂ ਨੇ ਇਸ ਘਿਣਾਉਣੇ ਕਾਰੇ ਨੂੰ ਅੱਖੀਂ ਵੇਖਿਆ ਸੀ, ਵੀ ਹਾਈਕੋਰਟ ਦੇ ਫੈਸਲੇ ਨੂੰ ਪ੍ਰਭਾਵਿਤ ਨਹੀਂ ਕਰ ਸਕੇ। ਪੀੜਤ ਨੂੰ ਇਕ ਸਾਥੀ ਵਜੋਂ ਦੇਖੇ ਜਾਣ ਦੀ ਕਾਨੂੰਨੀ ਸਥਿਤੀ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਸਨ।

ਇਕ ਹੋਰ ਘਿਨਾਉਣਾ ਅਤੇ ਕਲਾਸਿਕ ਅਦਾਲਤੀ ਫੈਸਲਾ ਜਿਸ ਦਾ ਜ਼ਿਕਰ ਬਹੁਤ ਨਿਰਾਸ਼ਾ ਨਾਲ ਕੀਤਾ ਜਾਂਦਾ ਹੈ ਅਤੇ ਜੋ ਬਲਾਤਕਾਰ ਦੇ ਮਾਮਲਿਆਂ ਵਿੱਚ ਅਤੇ ਔਰਤਾ ਖਿਲਾਫ ਦੂਜੇ ਅਪਰਾਧਾਂ ਦੇ ਮਾਮਲੇ ਵਿੱਚ ਸਮਾਜ ਦੀ ਪੱਖਪਾਤੀ ਸੋਚ ਨੂੰ ਦਰਸਾਉਂਦਾ ਹੈ, ਉਹ ਹੈ ਰਾਜਸਥਾਨ ਸਰਕਾਰ ਬਨਾਮ ਸ਼੍ਰੀਮਤੀ ਭੰਵਰੀ ਦੇਵੀ ਦਾ ਮਾਮਲਾ ਜਿਸ ਵਿੱਚ ਇਕ ਜੱਜ ਵਲੋਂ ਟਿੱਪਣੀ ਕੀਤੀ ਗਈ ਕਿ ਪੀੜਤ ਨਾਲ ਬਲਾਤਕਾਰ ਨਹੀਂ ਹੋਇਆ ਕਿਉਂਕਿ ਉਹ ਦਲਿਤ ਸਮਾਜ ਤੋਂ ਸੀ ਜਦ ਕਿ ਦੋਸ਼ੀ ਉੱਚ ਜਾਤੀ ਦਾ ਸੀ ਜੋ ਦਲਿਤ ਔਰਤ ਨਾਲ ਜਿਨਸੀ ਸੰਬੰਧ ਨਹੀਂ ਬਣਾ ਸਕਦਾ।

ਭੰਵਰੀ ਦੇਵੀ ਮਾਮਲੇ ਦੇ ਕਾਲੇ ਸਮਿਆਂ ਤੋਂ ਲੈ ਕੇ ਬਦਲਦੇ ਸਮੇਂ ਅਤੇ ਪੱਛਮੀ ਪ੍ਰਭਾਵ ਕਰਕੇ ਹੋਏ ਵਿਕਾਸ ਕਾਰਨ ਭਾਰਤੀ ਨਿਆਂਪਾਲਿਕਾ ਫੈਸਲਿਆਂ ਦੀ ਇਕ ਲੜੀ ਰਾਹੀਂ ਹੌਲੀ-ਹੌਲੀ ਜ਼ਿਆਦਾ ਵਿਹਾਰਕ ਯੁੱਗ ਵੱਲ ਮੁੜਦੀ ਗਈ ਜਿਸ ਵਿੱਚ ਭਰਵਾਦਾ ਭੋਗਿਨਭਾਈ ਹਿਰਜੀਭਾਈ ਬਨਾਮ ਗੁਜਰਾਤ ਸਰਕਾਰ ਏ ਆਈ ਆਰ 1983 ਐੱਸ ਸੀ 753 ਦਾ ਮਾਮਲਾ ਸ਼ਾਮਲ ਹੈ ਜਿਸ ਵਿੱਚ ਔਰਤਾਂ ਖਿਲਾਫ ਜੁਰਮਾਂ ਨੂੰ ਵਗਰੀਕ੍ਰਿਤ ਕਰਨ ਅਤੇ ਉਨ੍ਹਾਂ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ।

ਨਿਆਂਇਕ ਸਰਗਰਮੀ ਦੇ ਇਕ ਉੱਭਰਵੀਂ ਕਾਰਵਾਈ ਵਿੱਚ ਸੁਪਰੀਮ ਕੋਰਟ ਵਲੋਂ ਵਿਸ਼ਾਖਾ ਅਤੇ ਦੂਜੇ ਬਨਾਮ ਰਾਜਸਥਾਨ ਸਰਕਾਰ (ਜੇ ਟੀ 1997(7) ਐੱਸ ਸੀ 384) ਮਾਮਲੇ ਵਿੱਚ ਫੈਸਲਾ ਸੁਣਾਇਆ ਗਿਆ। ਫੈਸਲਾ ਜੇ ਐੱਸ ਵਰਮਾ ਵਲੋਂ ਸੁਣਾਇਆ ਗਿਆ। ਮੁੱਖ ਜੱਜ ਜਸਟਿਸ ਸੁਜਾਤਾ ਮਨੋਹਰ ਅਤੇ ਜਸਟਿਸ ਬੀ ਐੱਨ ਕਿਰਪਾਲ ਵਲੋਂ, ਇਕ ਗ਼ੈਰ ਸਰਕਾਰੀ ਸੰਸਥਾ ਵਲੋਂ ਦਾਇਰ ਕੀਤੀ ਗਈ 'ਵਿਸ਼ਾਖਾ' ਨਾਮ ਦੀ ਦਰਖਾਸਤ ਵਿੱਚ ਫੈਸਲਾ ਸੁਣਾਇਆ ਗਿਆ। ਇਹ ਸੰਸਥਾ ਜਨਹਿਤ ਪਟੀਸ਼ਨ ਰਾਹੀਂ ਲਿੰਗਕ ਬਰਾਬਰੀ ਅਤੇ ਭਾਰਤੀ ਸੰਵਿਧਾਨ ਦੇ ਆਰਟੀਕਲ 21 ਅਧੀਨ ਔਰਤਾਂ ਦੇ ਬੁਨਿਆਦੀ ਹੱਕਾਂ ਨੂੰ ਲਾਗੂ ਕਰਨ ਲਈ ਕੰਮ ਕਰਦੀ ਹੈ। 1997 ਵਿੱਚ ਵਿਸ਼ਾਖਾ ਬਨਾਮ ਰਾਜਸਥਾਨ ਸਰਕਾਰ ਤੇ ਦੂਜੇ (ਜੇ ਟੀ 1997(7) ਐੱਸ ਸੀ 384) ਅਜਿਹਾ ਪਹਿਲੀ ਵਾਰ ਹੋਇਆ ਜਿਨਸੀ ਤੌਰ ਤੇ ਪਰੇਸ਼ਾਨ ਕਰਨ ਨੂੰ ਸਪੱਸ਼ਟਤਾ ਨਾਲ ਅਤੇ ਕਾਨੂੰਨੀ ਤਰੀਕੇ ਨਾਲ ਮਾੜੇ ਜਿਨਸੀ ਇਸ਼ਾਰੇ ਜਾਂ ਵਿਵਹਾਰ (ਸਿੱਧਾ ਜਾਂ ਅਸਿੱਧਾ) ਵਜੋਂ ਵਰਣਨ ਕੀਤਾ ਗਿਆ :

1. ਜਿਨਸੀ ਰੰਗਤ ਵਾਲੀਆਂ ਟਿੱਪਣੀਆਂ।
2. ਸਰੀਰਕ ਤੌਰ ਤੇ ਛੂਹਣਾ ਤੇ ਇਸ਼ਾਰੇ।
3. ਅਸ਼ਲੀਲ ਚਿੱਤਰ/ਫ਼ਿਲਮ ਦਿਖਾਉਣੀ।
4. ਜਿਨਸੀ ਸੰਬੰਧਾਂ ਦੀ ਮੰਗ ਕਰਨੀ।
5. ਕੋਈ ਸਰੀਰਕ, ਜ਼ੁਬਾਨੀ ਵਿਵਹਾਰ ਜਿਹਾ ਮਾੜਾ ਆਚਰਣ ਜੋ ਜਿਨਸੀ ਕਿਸਮ ਦਾ ਹੋਵੇ।

ਇਸ ਇਤਿਹਾਸਕ ਮਾਮਲੇ ਵਿੱਚ ਹੀ ਜਿਨਸੀ ਤੌਰ ਤੇ ਪਰੇਸ਼ਾਨ ਕਰਨ ਨੂੰ ਵੱਖਰੇ ਤੌਰ ਤੇ ਕਾਨੂੰਨੀ ਵਿਵਹਾਰ ਵਜੋਂ ਮੰਨਿਆ ਗਿਆ। ਜਿਨਸੀ ਤੌਰ ਤੇ ਪਰੇਸ਼ਾਨ ਕਰਨ ਵਿੱਚ ਅਹਿਮ ਪੱਖ ਮਾੜਾ ਵਿਵਹਾਰ ਹੈ ਜਿਸ ਨਾਲ ਅਜਿਹੇ ਕਾਰਜ ਦਾ ਪੀੜਤ ਉਤੇ ਪੈਣ ਵਾਲਾ ਅਸਰ ਜ਼ਿਆਦਾ ਪ੍ਰਸੰਗਿਕ ਬਣ ਜਾਂਦਾ ਹੈ ਬਜਾਇ ਕਿ ਗੁਨਾਹ ਕਰਨ ਵਾਲੇ ਦੇ ਇਰਾਦੇ ਦੇ – ਜਿਸ 'ਤੇ ਵਿਚਾਰ ਕੀਤਾ ਜਾਵੇਗਾ।

## ਪਰ ਔਰਤਾਂ ਨੂੰ ਹਾਲੇ ਵੀ ਤਾਕਤ ਨਹੀਂ ਸੀ ਮਿਲੀ

ਇਸ ਝੂਠੀ ਮਿਥ ਨੂੰ ਮੋੜਨ ਲਈ ਨਿਰਭੈਆ (ਸਰਕਾਰ ਬਨਾਮ ਰਾਮ ਸਿੰਘ ਤੇ ਦੂਸਰੇ, 2013) ਮਾਮਲੇ ਨੂੰ ਵਾਪਰਨਾ ਪਿਆ ਜਿਸ ਮਿਥ ਅਧੀਨ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਾਡਾ ਸਮਾਜ ਅਜਿਹੇ ਸਮੇਂ ਵੱਲ ਜਾ ਰਿਹਾ ਹੈ ਜਿਥੇ ਔਰਤਾਂ ਨੂੰ ਸਿਰਫ ਮਰਦਾਂ ਨੂੰ ਖ਼ੁਸ਼ ਕਰਨ ਦੀ ਵਸਤੂ ਨਹੀਂ ਸਮਝਿਆ ਜਾਂਦਾ। ਨਿਰਭੈਆ ਮਾਮਲੇ ਨੇ ਸਾਡੀ ਹੋਂਦ ਨੂੰ ਹੀ ਝੰਜੋੜ ਕੇ ਰੱਖ ਦਿੱਤਾ। ਇੰਨਾ ਭਿਆਨਕ ਤੇ ਘਿਨਾਉਣਾ ਜੁਰਮ ਜੋ ਆਪਣੀਆਂ ਮਾਵਾਂ, ਪਤਨੀਆਂ, ਭੈਣਾਂ ਅਤੇ ਧੀਆਂ ਲਈ ਬਰਾਬਰੀ ਦਾ ਸੰਕਲਪ ਰੱਖਣ ਵਾਲੇ ਹਰੇਕ ਨਾਗਰਿਕ ਦੇ ਮੂੰਹ ਉਤੇ ਇਕ ਥੱਪੜ ਸੀ। ਇਸ ਅਪਰਾਧ ਨੂੰ ਅੰਜਾਮ ਦੇਣ ਵਾਲੇ ਅਪਰਾਧੀਆਂ ਦਾ ਮੰਨਣਾ ਸੀ ਕਿ ਰਾਤ 9 ਵਜੇ ਤੋਂ ਬਾਅਦ ਘਰੋਂ ਬਾਹਰ ਰਹਿਣ ਵਾਲੀ ਹਰੇਕ ਪੀੜਤ ਆਪਣੇ ਨਾਲ ਬਲਾਤਕਾਰ ਹੋਣ ਦਾ ਸੱਦਾ ਦਿੰਦੀ ਹੈ। ਨਿਰਭੈਆ ਸਿਰਫ ਜਨੂੰਨੀ ਅਪਰਾਧ ਨਹੀਂ ਸੀ, ਇਹ ਉਨ੍ਹਾਂ ਮਰਦਾਂ ਤੇ ਔਰਤਾਂ ਖਿਲਾਫ ਅਪਰਾਧ ਸੀ ਜੋ ਬਦਲਾਅ ਵਿੱਚ ਯਕੀਨ ਰੱਖਦੇ ਹਨ, ਇਹ ਇਕ ਲੋਹੇ ਦੀ ਰਾਡ ਸੀ ਜਿਸ ਨੇ ਸਰਕਾਰ ਨੂੰ ਟੱਕਰ ਮਾਰੀ ਜਿਸ ਨਾਲ ਸਰਕਾਰੀ ਤੰਤਰ ਔਰਤਾਂ ਦੀ ਸੁਰੱਖਿਆ ਤੇ ਉਨ੍ਹਾਂ ਦੇ ਹੱਕਾਂ ਸੰਬੰਧੀ ਕਾਨੂੰਨਾਂ ਵਿਚਲੀਆਂ ਕਮਜ਼ੋਰੀਆਂ/ਚੋਰ ਮੋਰੀਆਂ ਨੂੰ ਮਹਿਸੂਸ ਕਰਨ ਲਈ ਮਜਬੂਰ ਹੋਇਆ। ਇਸ ਮਾਮਲੇ ਦਾ ਪੁਲਿਸ ਵਲੋਂ ਕੀਤੀ ਜਾਂਦੀ ਜਾਂਚ ਪੜਤਾਲ ਦੇ ਢੰਗ ਤਰੀਕਿਆਂ ਉਤੇ ਵੱਡਾ ਅਸਰ ਪਿਆ। ਪੁਲਿਸ ਵਲੋਂ ਪਹਿਲੀ ਵਾਰ ਜਾਂਚ ਦੇ ਵਿਗਿਆਨਕ ਤਰੀਕੇ ਇਸਤੇਮਾਲ ਕੀਤੇ ਗਏ ਜਿਵੇਂ ਡੀ ਐੱਨ ਏ ਦੇ ਸੈਂਪਲ ਲੈਣਾ, ਦੰਦਾਂ ਦੀ ਜਾਂਚ, ਹਥੇਲੀਆਂ ਦਾ ਪ੍ਰਿੰਟ ਲੈਣਾ ਜਿਸ ਕਰਕੇ ਆਧੁਨਿਕ, ਵਿਆਪਕ

ਅਤੇ ਨਤੀਜੇ ਉਤੇ ਪਹੁੰਚਣ ਵਾਲੀ ਜਾਂਚ ਪੜਤਾਲ ਸੰਭਵ ਹੋ ਸਕੀ।

ਸੈਕਸ਼ਨ 166ਏ ਇਸ ਵਿੱਚ ਜੋੜ ਦਿੱਤਾ ਗਿਆ ਜੋ – 1) ਡੀ ਐੱਨ ਏ ਸਬੂਤ ਨੂੰ ਜਿਣਸੀ ਕਾਰਾ ਕਰਨ ਵਾਲਿਆਂ ਦੀ ਸ਼ਨਾਖ਼ਤ ਕਰਕੇ ਸਜ਼ਾ ਦੁਆਉਣ ਵਿੱਚ ਮਦਦ ਕਰਦਾ ਹੈ ;

2) ਜਿਸ ਬੱਸ ਵਿੱਚ ਪੀੜਤ ਨਾਲ ਜਬਰਜਨਾਹ ਕੀਤਾ ਗਿਆ ਸੀ, ਉਸ ਨੂੰ ਘਟਨਾ ਤੋਂ ਬਾਅਦ ਧੋ ਦਿੱਤਾ ਗਿਆ ਤਾਂ ਕਿ ਸਬੂਤ ਨਸ਼ਟ ਕੀਤੇ ਜਾ ਸਕਣ ਅਤੇ ਦੋਸ਼ੀ ਫੜੇ ਨਾ ਜਾਣ। ਪਰ ਪੁਲਿਸ ਵਲੋਂ ਬੱਸ ਦੇ ਫਰਸ਼ ਨੂੰ ਪਾੜ ਕੇ ਉਸ ਵਿੱਚੋਂ ਖ਼ੂਨ, ਵੀਰਜ ਅਤੇ ਵਾਲਾਂ ਆਦਿ ਦੇ ਨਮੂਨੇ ਲੱਭੇ ਗਏ ਜਿਨ੍ਹਾਂ ਕਰਕੇ ਮੁਕੱਦਮੇ ਦੌਰਾਨ ਬਹੁਤ ਮਦਦ ਮਿਲੀ।

ਡੀ ਐੱਨ ਏ ਸੈਂਪਲਾਂ ਤੋਂ ਇਲਾਵਾ ਜੋ ਬਲਾਤਕਾਰ ਦੇ ਮਾਮਲਿਆਂ ਵਿੱਚ ਆਮ ਕਰਕੇ ਸਬੂਤ ਵਜੋਂ ਵਰਤੇ ਜਾਂਦੇ ਹਨ, ਪੁਲਿਸ ਵਲੋਂ ਦੋਸ਼ੀਆਂ ਦਾ ਦੰਦਾਂ ਦਾ ਟੈਸਟ ਵੀ ਕਰਵਾਇਆ ਗਿਆ। ਦੰਦਾਂ ਦੇ ਟੈਸਟ ਵਿੱਚ ਇਨ੍ਹਾਂ ਦੀ ਬਣਤਰ, ਵਿਕਾਸ ਅਤੇ ਨੁਕਸਾਂ ਦੇ ਨਿਸ਼ਾਨਾਂ ਨੂੰ ਦੋਸ਼ੀਆਂ ਦੇ ਦੰਦਾਂ ਨਾਲ ਮਿਲਾਉਣ ਲਈ ਕੀਤਾ ਗਿਆ ਅਤੇ ਨਤੀਜੇ ਨੂੰ ਘਟਨਾ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦੀ ਪਛਾਣ ਪੁਖਤਾ ਕਰਨ ਲਈ ਵਰਤਿਆ ਗਿਆ।

3) ਦੂਸਰੇ ਵਿਗਿਆਨਕ ਸਾਧਨਾਂ ਤੋਂ ਇਲਾਵਾ ਦੋਸ਼ੀਆਂ ਦੀਆਂ ਹਥੇਲੀਆਂ ਦੇ ਪ੍ਰਿੰਟ ਵੀ ਲਏ ਗਏ। ਚੰਗੀ ਕਿਸਮਤ ਨੂੰ ਸੜਕ ਦੇ ਸਾਹਮਣੇ ਮੌਜੂਦ ਹੋਟਲਾਂ ਦੇ ਸੀ.ਸੀ.ਟੀ.ਵੀ. ਕੈਮਰਿਆਂ ਵਲੋਂ ਸੜਕ ਤੋਂ ਲੰਘਦੀ ਬੱਸ ਦੇ ਦ੍ਰਿਸ਼ ਕੈਮਰੇ ਵਿੱਚ ਕੈਦ ਕਰ ਲਏ ਗਏ, ਜਦੋਂ ਰਾਤ ਦੇ ਸਮੇਂ ਉਥੇ ਬਹੁਤ ਇੱਕਾ-ਦੁੱਕਾ ਆਵਾਜਾਈ ਹੀ ਸੀ।

ਲਿੰਗ ਨਿਰਧਾਰਣ ਦੀ ਪ੍ਰਥਾ ਦਾ ਹੱਲ ਕਰਨ ਲਈ ਭਾਰਤ ਸਰਕਾਰ ਵਲੋਂ 1994 ਵਿੱਚ ਜਨਮ ਤੋਂ ਪਹਿਲਾਂ ਜਾਂਚ ਤਕਨੀਕਾਂ (ਨਿਰਧਾਰਨ ਅਤੇ ਦੁਰਵਰਤੋਂ ਦੀ ਰੋਕਥਾਮ) ਬਾਰੇ ਐਕਟ ਪਾਸ ਕੀਤਾ ਗਿਆ ਜਿਸ ਨੂੰ ਬਾਅਦ ਵਿੱਚ ਸੋਧ ਕੇ ਗਰਭ ਧਾਰਣ ਤੋਂ ਪਹਿਲਾਂ ਜਨਮ ਤੋਂ ਪਹਿਲਾਂ ਜਾਂਚ ਤਕਨੀਕਾਂ (ਲਿੰਗ ਚੋਣ ਕਰਨ ਉਤੇ ਰੋਕ) ਸੋਧ ਐਕਟ, 2003 ਦਾ ਨਾਮ ਦਿੱਤਾ ਗਿਆ। ਇਹ ਐਕਟ ਜਨਮ ਤੋਂ ਪਹਿਲਾਂ ਕੀਤੀ ਜਾਣ ਵਾਲੀ ਜਾਂਚ ਨੂੰ ਜਨਮ ਸੰਬੰਧੀ ਕੁੱਝ ਚੋਣਵੇਂ ਹਾਲਾਤ ਦੀ ਸੂਚੀ ਤੱਕ ਸੀਮਤ ਕਰ ਦਿੱਤਾ ਗਿਆ ਜੋ ਇਨ੍ਹਾਂ ਤਕਨੀਕਾਂ ਨੂੰ ਭਰੂਣ ਦੇ ਲਿੰਗ ਦੀ ਜਾਂਚ ਕਰਨ ਤੋਂ ਵਰਜਦੀਆਂ ਹਨ। ਪਰ ਇਨ੍ਹਾਂ ਨਿਯਮਾਂ ਨੂੰ ਸਖਤੀ ਨਾਲ ਲਾਗੂ ਨਹੀਂ ਕੀਤਾ ਗਿਆ। ਇਸ ਐਕਟ ਦਾ ਬੁਨਿਆਦੀ ਮੰਤਵ ਤਿੰਨ ਪੱਧਰੀ ਹੈ ਜਿਸ ਦਾ ਕੇਂਦਰ ਬਿੰਦੂ ਲਿੰਗ ਅਨੁਪਾਤ ਨੂੰ ਹੋਰ ਡਿੱਗਣ ਤੋਂ ਰੋਕਣਾ ਹੈ:

- ਜਨਮ ਤੋਂ ਪਹਿਲਾਂ ਦੀਆਂ ਜਾਂਚ ਤਕਨੀਕਾਂ ਦਾ ਕਾਨੂੰਨੀ ਇਸਤੇਮਾਲ ਕਰਨ ਸੰਬੰਧੀ ਨਿਯਮ ਜਿਵੇਂ ਕਿ ਐਕਟ ਵਿੱਚ ਦਰਜ ਹੈ।
- ਗਰਭ ਧਾਰਣ ਤੋਂ ਪੂਰਵ ਜਾਂਚ ਤਕਨੀਕਾਂ (ਪੀ ਸੀ ਡੀ ਟੀ) ਦੀ ਦੁਰਵਰਤੋਂ 'ਤੇ ਮੁਕੰਮਲ ਪਾਬੰਦੀ ਅਤੇ ਜਨਮ ਤੋਂ ਪੂਰਵ ਜਾਂਚ ਤਕਨੀਕਾਂ (ਪੀ ਐੱਨ ਡੀ ਟੀ) ਰਾਹੀਂ ਲਿੰਗ ਦੀ ਚੋਣ/ਨਿਰਧਾਰਣ ਉਤੇ ਮੁਕੰਮਲ ਪਾਬੰਦੀ।

ਜਨਮ ਤੋਂ ਪਹਿਲਾਂ ਲਿੰਗ ਨਿਰਧਾਰਣ ਕਰਨ ਵਾਲੇ ਟੈਸਟਾਂ ਅਤੇ ਬੱਚਿਆਂ ਦਰਮਿਆਨ ਘਟ ਰਹੇ ਲਿੰਗ ਅਨੁਪਾਤ ਵਿਚਲੇ ਸੰਬੰਧ ਨੂੰ ਨਜ਼ਰ ਹੇਠ ਕਰਦਿਆਂ 2002 ਵਿੱਚ ਸੁਪਰੀਮ ਕੋਰਟ ਵਲੋਂ ਜਨਮ ਤੋਂ ਪਹਿਲਾਂ ਜਾਂਚ ਤਕਨੀਕਾਂ (ਨਿਯਮਨ ਅਤੇ ਦੁਰਵਰਤੋਂ ਦੀ ਰੋਕਥਾਮ) ਬਾਰੇ 1994 ਦੇ ਐਕਟ ਨੂੰ ਲਾਗੂ ਕਰਨ ਵਿੱਚ ਅਸਫਲ ਰਹਿਣ ਉਤੇ ਕੇਂਦਰ ਤੇ ਰਾਜ ਸਰਕਾਰਾਂ ਦੀ ਜੰਮ ਕੇ ਖਿਚਾਈ ਕੀਤੀ।

## ਜਸਟਿਸ ਵਰਮਾ ਕਮੇਟੀ ਦੀ ਰਿਪੋਰਟ ਅਤੇ ਇਸ ਦੇ ਪ੍ਰਭਾਵ

630 ਸਫ਼ਿਆਂ ਦੀ ਰਿਪੋਰਟ ਵਿੱਚ ਜਸਟਿਸ ਵਰਮਾ ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਵਿੱਚੋਂ 10 ਮੁੱਖ ਸਿਫਾਰਸ਼ਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

### *ਨੰਗੇਜਵਾਦ, ਰਾਹ ਰੋਕਣ ਅਤੇ ਜਾਣ ਬੁੱਝ ਕੇ ਛੂਹਣ ਨੂੰ ਜੁਰਮ ਬਣਾਇਆ ਜਾਵੇ*

ਨੰਗੇਜਵਾਦ ਨੂੰ ਜੁਰਮ ਐਲਾਨਿਆ ਜਾਵੇ ਜਿਸ ਲਈ ਵੱਧ ਤੋਂ ਵੱਧ ਤਿੰਨ ਸਾਲ ਦੀ ਜੇਲ੍ਹ ਦੀ ਵਿਵਸਥਾ ਹੋਵੇ – ਰਾਹ ਰੋਕਣ ਨੂੰ ਜੁਰਮ ਐਲਾਨ ਕੇ ਇਸ ਲਈ ਵੱਧ ਤੋਂ ਵੱਧ ਤਿੰਨ ਸਾਲਾਂ ਦੀ ਜੇਲ੍ਹ ਦਾ ਪ੍ਰਾਵਧਾਨ ਕੀਤਾ ਜਾਵੇ – ਜਾਣ ਬੁੱਝ ਕੇ ਛੂਹਣ, ਅਭੱਦਰ ਭਾਸ਼ਾ ਜਾਂ ਇਸ਼ਾਰਿਆਂ ਦੇ ਇਸਤੇਮਾਲ ਨੂੰ ਜਿਣਸੀ ਹਮਲੇ ਦੇ ਜੁਰਮ ਵਜੋਂ ਲਿਆ ਜਾਵੇ।

### *ਬਲਾਤਕਾਰ ਕਾਨੂੰਨਾਂ ਵਿੱਚ ਸੋਧ ਕੀਤੀ ਜਾਵੇ*

ਨਾਬਾਲਗ ਨਾਲ ਜਬਰਜਨਾਹ ਦੀ ਘੱਟੋ-ਘੱਟ ਸਜ਼ਾ 10 ਸਾਲ ਹੋਣੀ ਚਾਹੀਦੀ ਹੈ – ਸਮੂਹਿਕ ਬਲਾਤਕਾਰ ਦੀ ਭਾਰਤੀ ਪੀਨਲ ਕੋਡ ਵਿੱਚ ਵਿਆਖਿਆ ਹੋਣੀ ਚਾਹੀਦੀ ਹੈ ਅਤੇ ਇਸ ਲਈ ਘੱਟੋ-ਘੱਟ 20 ਸਾਲ ਦੀ ਸਜ਼ਾ ਹੋਣੀ ਚਾਹੀਦੀ ਹੈ – ਬਲਾਤਕਾਰ ਕਾਰਨ ਹੋਈ ਮੌਤ ਲਈ ਘੱਟੋ-ਘੱਟ 20 ਸਾਲ ਦੀ ਜੇਲ੍ਹ ਹੋਣੀ ਚਾਹੀਦੀ ਹੈ – ਵਿਆਹੁਤਾ ਨਾਲ ਬਲਾਤਕਾਰ ਨੂੰ ਦੰਡਯੋਗ ਅਪਰਾਧ ਬਣਾਉਣਾ ਚਾਹੀਦਾ ਹੈ।

### *ਝਗੜੇ ਵਾਲੇ ਖੇਤਰਾਂ ਵਿੱਚ ਸੁਰੱਖਿਆ ਕਾਨੂੰਨਾਂ ਦੀ ਸਮੀਖਿਆ*

ਭਾਰਤ ਦੇ ਝਗੜੇ ਵਾਲੇ ਇਲਾਕਿਆਂ ਜਿਵੇਂ ਕਸ਼ਮੀਰ ਅਤੇ ਉੱਤਰ-ਪੂਰਬ ਵਿੱਚ ਸਲਾਮਤੀ ਦਸਤਿਆਂ ਵਲੋਂ ਕੀਤੇ ਜਾਂਦੇ ਜਿਣਸੀ ਅਪਰਾਧਾਂ ਦੀਆਂ ਰਿਪੋਰਟਾਂ ਕਾਰਨ, ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਏ ਐੱਫ ਐੱਸ ਪੀ ਏ) – ਇਕ ਵਿਵਾਦਿਤ ਕਾਨੂੰਨ ਜੋ ਸਲਾਮਤੀ ਦਸਤਿਆਂ ਨੂੰ ਬੇਪਨਾਹ ਤਾਕਤ ਅਤੇ ਸੁਰੱਖਿਆ ਦਿੰਦਾ ਹੈ – ਦੀ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ – ਸੁਰੱਖਿਆ ਦਸਤਿਆਂ ਨੂੰ ਫੌਜੀ ਕਾਨੂੰਨ ਦੀ ਬਜਾਇ ਸਾਧਾਰਨ ਅਪਰਾਧ ਕਾਨੂੰਨ ਦੇ ਦਾਇਰੇ ਹੇਠ ਲਿਆਉਣਾ ਚਾਹੀਦਾ ਹੈ – ਝਗੜੇ ਵਾਲੇ ਸਾਰੇ ਖੇਤਰਾਂ ਵਿੱਚ ਔਰਤਾਂ ਦੀ ਸਲਾਮਤੀ ਲਈ ਸਪੈਸ਼ਲ ਕਮਿਸ਼ਨਰਾਂ ਦੀ ਤਾਇਨਾਤੀ ਕਰਨੀ ਚਾਹੀਦੀ ਹੈ। ਅਜਿਹੇ ਕਮਿਸ਼ਨਰਾਂ ਕੋਲ ਹਥਿਆਰਬੰਦ ਫੌਜੀਆਂ ਵਲੋਂ ਔਰਤਾਂ ਖਿਲਾਫ ਜਿਣਸੀ ਹਿੰਸਾ ਦੇ ਸਾਰੇ ਮਾਮਲਿਆਂ ਦੀ ਨਿਗਰਾਨੀ ਕਰਨ ਅਤੇ ਕਾਰਵਾਈ ਕਰਨ ਦੀਆਂ ਤਾਕਤਾਂ ਹੋਣਗੀਆਂ– ''ਕਮਾਂਡ ਦੀ ਜ਼ਿੰਮੇਵਾਰੀ ਦੀ ਉਲੰਘਣਾ" – ਲਾਗੂ ਕਰਨੀ ਪਵੇਗੀ – ਜਿਸ ਅਧੀਨ ਸੁਰੱਖਿਆ ਦਸਤਿਆਂ ਜਾਂ ਪੁਲਿਸ ਦਾ ਇਕ ਸੀਨੀਅਰ ਅਫ਼ਸਰ ਉਸ ਦੇ ਮਾਤਹਿਤਾਂ ਵਲੋਂ ਕੀਤੇ ਜਾਣ ਵਾਲੇ ਜਬਰਜਨਾਹ ਦੀ ਸੂਰਤ ਵਿੱਚ ਘੱਟੋ-ਘੱਟ ਸੱਤ ਸਾਲਾਂ ਦੀ ਜੇਲ੍ਹ ਦਾ ਹੱਕਦਾਰ ਹੋਵੇਗਾ।

### *ਪਿੰਡਾਂ ਦੀਆਂ ਗ਼ੈਰ ਕਾਨੂੰਨੀ ਪਿਤਾ ਪੁਰਖੀ ਸਭਾਵਾਂ ਦੀ ਨਿਗਰਾਨੀ*

ਖਾਪ ਪੰਚਾਇਤਾਂ ਦੇ ਨਾਮ ਨਾਲ ਜਾਣੀਆਂ

ਜਾਂਦੀਆਂ ਗ਼ੈਰ ਕਾਨੂੰਨੀ ਪਿੰਡ ਸਭਾਵਾਂ ਦੀ ਨਿਗਰਾਨੀ ਕਦਮ ਚੁੱਕਣੇ ਜੋ 'ਅਣਖ ਲਈ ਕਤਲ' ਦੇ ਤਥਾਕਥਿਤ ਫ਼ਰਮਾਨ ਜਾਰੀ ਕਰਦੀਆਂ ਹਨ ਅਤੇ ਕੁੜੀਆਂ ਤੇ ਔਰਤਾਂ ਵਲੋਂ ਮੋਬਾਇਲ ਫ਼ੋਨ ਦਾ ਇਸਤੇਮਾਲ ਕਰਨ, ਪੱਛਮੀ ਪਹਿਰਾਵਾ ਪਾਉਣ ਜਾਂ ਇਕੱਲੇ ਬਾਹਰ ਜਾਣ ਉਤੇ ਪਾਬੰਦੀ ਲਾਉਣ ਵਰਗੇ ਤਾਨਾਸ਼ਾਹੀ ਹੁਕਮ ਸੁਣਾਉਂਦੀਆਂ ਹਨ।

### *ਜਬਰਜਨਾਹ ਪੀੜਤਾਂ ਦੀ ਡਾਕਟਰੀ ਜਾਂਚ ਦੀ ਸਮੀਖਿਆ*

ਡਾਕਟਰੀ ਤੇ ਕਾਨੂੰਨੀ ਦਿਸ਼ਾ ਨਿਰਦੇਸ਼ ਤੈਅ ਕਰਨੇ ਕਿ ਇਕ ਜਬਰਜਨਾਹ ਪੀੜਤ ਦੀ ਡਾਕਟਰੀ ਜਾਂਚ ਕਿਵੇਂ ਕੀਤੀ ਜਾਵੇ – ਵੇਲਾ ਵਿਹਾਅ ਚੁੱਕੀ "ਦੋ ਉਂਗਲਾਂ" ਵਾਲੀ ਟੈਸਟ ਵਿਧੀ ਨੂੰ ਖਤਮ ਕਰਨਾ ਜੋ ਯੋਨੀ ਦੇ ਢਿੱਲੇਪਨ ਦੀ ਜਾਂਚ ਕਰਕੇ ਇਹ ਪਤਾ ਲਾਉਣ ਲਈ ਵਰਤੀ ਜਾਂਦੀ ਹੈ ਕਿ ਕਿਤੇ ਪੀੜਤ ਸੰਭੋਗ ਦੀ ਆਦੀ ਤਾਂ ਨਹੀਂ"।

### *ਪੁਲਿਸ ਸੁਧਾਰ*

ਜ਼ਿਲ੍ਹਾ ਪੱਧਰ ਉਤੇ ਪੁਲਿਸ ਅਫ਼ਸਰਾਂ ਖਿਲਾਫ ਮਿਲੀਆਂ ਸ਼ਿਕਾਇਤਾਂ ਦੀ ਜਾਂਚ ਲਈ ਪੁਲਿਸ ਸ਼ਿਕਾਇਤ ਅਥਾਰਟੀ ਦਾ ਗਠਨ ਕਰਨਾ ਕਿਉਂਕਿ ਲਿੰਗਕ ਅਪਰਾਧਾਂ ਦੀਆਂ ਸ਼ਿਕਾਇਤਾਂ ਆਮ ਕਰਕੇ ਦਰਜ ਹੀ ਨਹੀਂ ਕਰਵਾਈਆਂ ਜਾਂਦੀਆਂ। ਸ਼ਿਕਾਇਤ ਦਰਜ ਨਾ ਕਰਨ ਅਤੇ ਜਾਂਚ ਬੰਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਇਸ ਨਾਲ ਪੁਲਿਸ ਦੀ ਜਵਾਬਦੇਹੀ ਵਧੇਗੀ – ਸਾਰੇ ਪੁਲਿਸ ਥਾਣਿਆਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲੱਗੇ ਹੋਣ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਸ਼ਿਕਾਇਤ ਸੁਣਨ, ਦਰਜ ਕਰਨ ਸੰਬੰਧੀ ਢੁੱਕਵੀਂ ਪ੍ਰਕਿਰਿਆ ਦਾ ਪਾਲਣ ਕੀਤਾ ਜਾ ਰਿਹਾ ਹੈ। ਪੁਲਿਸ ਨੂੰ ਢੁੱਕਵੇਂ ਤਕਨੀਕੀ ਯੰਤਰ ਅਤੇ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਕਿ ਜਿਨਸੀ ਅਪਰਾਧ ਦੇ ਮਾਮਲਿਆਂ ਵਿੱਚ ਉੱਚ ਪੱਧਰੀ ਫੌਰੈਂਸਿਕ ਜਾਂਚ ਸੰਭਵ ਬਣਾਈ ਜਾ ਸਕੇ – ਲਿੰਗ ਅਪਰਾਧਾਂ ਨੂੰ ਅਮਨ ਕਾਨੂੰਨ ਤੋਂ ਵੱਖ ਕੀਤਾ ਜਾਵੇ ਤਾਂ ਕਿ ਤੇਜ਼ੀ ਨਾਲ, ਬੇਹਤਰ ਮੁਹਾਰਤ ਅਤੇ ਜਨਤਾ ਨਾਲ ਤਾਲਮੇਲ ਵਾਲੀ ਜਾਂਚ ਸੰਭਵ ਹੋ ਸਕੇ – ਗਸ਼ਤ ਦੌਰਾਨ ਅਤੇ ਪੁਲਿਸ ਥਾਣਿਆਂ ਵਿੱਚ ਔਰਤ ਪੁਲਿਸ ਕਰਮੀਆਂ ਦੀ ਨਫਰੀ ਵਧਾਈ ਜਾਵੇ ਤਾਂ ਕਿ ਜਿਨਸੀ ਅਪਰਾਧਾਂ ਦੀ ਸ਼ਿਕਾਇਤ ਦਰਜ ਕਰਵਾਉਣ ਸਮੇਂ ਔਰਤਾਂ ਨੂੰ ਦਿੱਕਤ ਨਾ ਹੋਵੇ।

### *ਚੋਣ ਸੁਧਾਰ*

ਉਹ ਕਾਨੂੰਨਘਾੜੇ ਜਿਨ੍ਹਾਂ ਉਤੇ ਅਦਾਲਤਾਂ ਵਿੱਚ ਜਿਨਸੀ ਅਪਰਾਧ, ਦਾਜ ਸੰਬੰਧੀ ਅਪਰਾਧ ਵਰਗੇ ਗੰਭੀਰ ਮੁਕੱਦਮੇ ਚੱਲ ਰਹੇ ਹਨ, ਉਨ੍ਹਾਂ ਨੂੰ ਚੋਣ ਲੜਨ ਦੇ ਅਯੋਗ ਠਹਿਰਾ ਦੇਣਾ ਚਾਹੀਦਾ ਹੈ – ਮੌਜੂਦਾ ਸੰਸਦ ਮੈਂਬਰ ਜਿਨ੍ਹਾਂ ਖਿਲਾਫ ਜਬਰਜਨਾਹ ਅਤੇ ਦੂਜੀ ਕਿਸਮ ਦੇ ਅਪਰਾਧਿਕ ਮਾਮਲੇ ਦਰਜ ਹੋਣ, ਨੂੰ ਆਪਣੇ ਆਪ ਆਪਣੀਆਂ ਸੀਟਾਂ ਖਾਲੀ ਕਰ ਦੇਣੀਆਂ ਚਾਹੀਦੀਆਂ ਹਨ – ਰਾਜਨੀਤਕ ਪਾਰਟੀਆਂ ਲਈ ਆਚਰਣ ਸੰਹਿਤਾ ਹੋਣੀ ਚਾਹੀਦੀ ਹੈ ਜਿਸ ਵਿੱਚ ਦਾਨ ਪ੍ਰਾਪਤ ਕਰਨ ਵਿੱਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ ਅਤੇ ਇਹ ਖੁਲਾਸਾ ਹੋਣਾ ਚਾਹੀਦਾ ਹੈ ਕਿ ਕੀ ਪਾਰਟੀਆਂ ਨੇ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਚੋਣ ਲੜਨ ਦੀ ਆਗਿਆ ਦਿੱਤੀ ਹੈ।

### *ਸਿੱਖਿਆ ਰਾਹੀਂ ਲਿੰਗਕ ਜਾਗਰੂਕਤਾ*

ਭਾਰਤ ਦੇ ਸਕੂਲਾਂ ਵਿੱਚ ਰਸਮੀ ਪਾਠਕ੍ਰਮ ਅੰਦਰ ਵੱਡੇ ਸੁਧਾਰ ਕਰਨ ਦੀ ਲੋੜ ਹੈ ਅਤੇ ਸੈਕਸ ਸਿੱਖਿਆ ਨੂੰ ਪਾਠਕ੍ਰਮ ਦਾ ਅਨਿੱਖੜਵਾਂ ਅੰਗ ਬਣਾਇਆ ਜਾਣਾ ਚਾਹੀਦਾ ਹੈ।

### *ਹੱਕਾਂ ਸੰਬੰਧੀ ਬਿੱਲ*

ਭਾਰਤ ਨੂੰ ਦੱਖਣੀ ਅਫਰੀਕਾ ਅਤੇ ਨਿਊਜ਼ੀਲੈਂਡ ਦੀ ਤਰਜ਼ ਉਤੇ ਔਰਤਾਂ ਲਈ 'ਹੱਕਾਂ ਦਾ ਬਿੱਲ' ਸਥਾਪਤ ਕਰਨਾ ਚਾਹੀਦਾ ਹੈ – ਇਸ ਬਿੱਲ ਵਿੱਚ ਔਰਤਾਂ ਦੇ ਹੱਕਾਂ ਦੀ ਵਿਆਖਿਆ ਹੋਵੇਗੀ ਜਿਨ੍ਹਾਂ ਵਿੱਚ ਜੀਵਨ, ਸੁਰੱਖਿਆ, ਸਰੀਰਕ ਪਵਿੱਤਰਤਾ, ਲੋਕਤੰਤਰਿਕ ਸ਼ਹਿਰੀ ਅਤੇ ਬਰਾਬਰੀ ਦੇ ਹੱਕ ਸ਼ਾਮਲ ਹਨ।

### *ਮਨੁੱਖੀ ਤਸਕਰੀ*

ਇੰਡੀਅਨ ਪੀਨਲ ਕੋਡ ਵਿੱਚ ਮਨੁੱਖੀ ਤਸਕਰੀ ਦੇ ਜੁਰਮ ਦੀ ਵਿਆਖਿਆ ਕੀਤੀ ਜਾਏ – ਤਸਕਰੀ ਦੰਡਯੋਗ ਅਪਰਾਧ ਹੋਣਾ ਚਾਹੀਦਾ ਹੈ ਜਿਸ ਲਈ ਘੱਟੋ-ਘੱਟ ਸਜ਼ਾ ਸੱਤ ਸਾਲ ਹੋਣੀ ਚਾਹੀਦੀ ਹੈ ਜਿਸ ਨੂੰ ਉਮਰ ਕੈਦ ਤੱਕ ਵਧਾਇਆ ਜਾ ਸਕਦਾ ਹੈ – ਤਸਕਰੀ ਕਰਕੇ ਲਿਆਂਦੇ ਕਿਸੇ ਵਿਅਕਤੀ ਨੂੰ ਨੌਕਰੀ ਉਤੇ ਰੱਖਣਾ, ਮਿਸਾਲ ਦੇ ਤੌਰ ਤੇ ਘਰੇਲੂ ਨੌਕਰ ਰੱਖਣ ਲਈ ਤਿੰਨ ਸਾਲ ਤੋਂ ਘੱਟ ਦੀ ਸਜ਼ਾ ਨਹੀਂ ਹੋਣੀ ਚਾਹੀਦੀ।

## ਵਿਵਾਹਿਕ ਜਬਰਜਨਾਹ

ਬਲਾਤਕਾਰ ਸਮਾਜ ਵਿਰੁੱਧ ਅਪਰਾਧ ਹੈ ਅਤੇ ਅਪਰਾਧੀ ਤੇ ਪੀੜਤ ਵਿਚਾਲੇ ਸੰਬੰਧ ਤੋਂ ਆਜ਼ਾਦ ਹੈ। ਜੇ ਬੰਦ ਦਰਵਾਜ਼ਿਆਂ ਪਿੱਛੇ ਪਤੀ-ਪਤਨੀ ਦਰਮਿਆਨ ਗੁਨਾਹ ਹੁੰਦਾ ਹੈ ਤਾਂ ਸਮਾਜ ਇਸ ਨੂੰ ਜਾਇਜ਼ ਨਹੀਂ ਠਹਿਰਾ ਸਕਦਾ। ਅਪਰਾਧ ਅਪਰਾਧ ਹੁੰਦਾ ਹੈ। ਜੇ ਪਤਨੀ ਸ਼ਰਮ ਅਤੇ ਪਰਿਵਾਰਕ ਦਬਾਅ ਦੇ ਚਲਦਿਆਂ ਸਬਰ ਦਾ ਕੌੜਾ ਘੁੱਟ ਭਰ ਲੈਂਦੀ ਹੈ ਤਾਂ ਇਸ ਕਾਰਵਾਈ ਦਾ ਅਪਰਾਧੀਪਨ ਘੱਟ ਨਹੀਂ ਹੋ ਜਾਂਦਾ।

ਔਰਤਾਂ ਦਾ ਸ਼ਕਤੀਕਰਨ ਕਹਿਣਾ ਸੌਖਾ ਪਰ ਕਰਨਾ ਔਖਾ ਹੈ। ਆਪਣੀ ਸਰੀਰਕ ਤ੍ਰਿਪਤੀ ਲਈ ਆਪਣੇ ਆਪ ਨੂੰ ਦੂਜੇ ਉਤੇ ਲੱਦਣ ਨੂੰ ਪ੍ਰਵਾਨ ਕਰਨਾ ਭਾਰਤ ਵਿੱਚ ਅਪਰਾਧਕ ਜੁਰਮ ਨਹੀਂ ਹੈ ਭਾਵੇਂ ਕਿ ਇਸ ਬਾਰੇ ਬਹੁਤ ਚਰਚਾ ਹੋ ਚੁੱਕੀ ਹੈ। ਪਰ ਘਰੇਲੂ ਹਿੰਸਾ ਬਾਰੇ ਐਕਟ ਵਿੱਚ ਔਰਤਾਂ ਦੀ ਸੁਰੱਖਿਆ ਬਾਰੇ ਇਹ ਸ਼ਹਿਰੀ ਹਕੂਕ ਦਾ ਘਾਣ ਹੈ। ਇਹ ਐਕਟ ਔਰਤਾਂ ਵਲੋਂ ਸਹੇ ਜਾਂਦੇ ਅਮਾਨਵੀ ਅੱਤਿਆਚਾਰ ਨੂੰ ਨੱਥ ਪਾਉਣ ਲਈ ਬਣਾਇਆ ਗਿਆ ਹੈ। ਘਰੇਲੂ ਹਿੰਸਾ ਐਕਟ ਅਧੀਨ ਔਰਤਾਂ ਦੀ ਸਲਾਮਤੀ ਲਈ ਇਹ ਅਗਾਂਹਵਧੂ ਕਦਮ ਜਾਗਰੂਕਤਾ ਫੈਲਾਉਣ, ਇਸ ਭੈੜੀ ਪ੍ਰਥਾ ਉਤੇ ਕਾਬੂ ਪਾਉਣ ਅਤੇ ਔਰਤਾਂ ਨੂੰ ਅਰਾਮ ਤੇ ਆਤਮ ਵਿਸ਼ਵਾਸ ਦੀ ਭਾਵਨਾ ਪ੍ਰਦਾਨ ਕਰਨ ਵਿੱਚ ਸਹਾਈ ਹੋਵੇਗਾ ਕਿ ਪਤਨੀ ਸਰੀਰਕ ਲੋੜਾਂ/ਵਿਆਹੁਤਾ ਜ਼ਿੰਦਗੀ ਦੇ ਸਰੀਰਕ ਪੱਖਾਂ ਦੀ ਸੰਤੁਸ਼ਟੀ ਦਾ ਸਿਰਫ ਸਾਧਨ ਮਾਤਰ ਹੀ ਨਹੀਂ ਹੈ, ਧਮਕੀ ਨਾਲ ਵੀ, ਹਮੇਸ਼ਾ ਰਜ਼ਾਮੰਦੀ, ਇੱਛਾ ਦਾ ਪ੍ਰਗਟਾਵਾ ਦੋਵਾਂ ਸਾਥੀਆਂ ਵਲੋਂ ਹੋਣਾ ਚਾਹੀਦਾ ਹੈ। ਇਹ ਪਤਨੀ ਨੂੰ ਦੱਸਦਾ ਹੈ ਕਿ ਉਸ ਕੋਲ ਵਿਕਲਪ ਹੈ। ਵਿਆਹੁਤਾ ਬਲਾਤਕਾਰ ਦਾ ਅਰਥ ਇਕ ਆਦਮੀ ਵਲੋਂ ਆਪਣੀ ਪਤਨੀ ਨਾਲ ਧੱਕੇ, ਧਮਕੀ, ਸਰੀਰਕ ਹਿੰਸਾ ਜਾਂ ਜਦੋਂ ਉਹ ਰਾਜ਼ੀ ਨਾ ਹੋਵੇ, ਸਮੇਂ ਕੀਤਾ ਜਾਣ ਵਾਲਾ ਅਣਚਾਹਿਆ ਸੰਭੋਗ ਹੈ। ਵਿਆਹੁਤਾ ਬਲਾਤਕਾਰ ਤਾਕਤ ਦੀ ਵਰਤੋਂ ਹੈ, ਜ਼ਖ਼ਮੀ, ਅੱਤਿਆਚਾਰੀ ਜਾਂ ਜਨੂੰਨੀ ਜਬਰਜਨਾਹ। ਇਹ ਪਤੀ ਵਲੋਂ ਪਤਨੀ ਦੀ ਇੱਛਾ ਵਿਰੁੱਧ ਕੀਤਾ ਜਾਣ ਵਾਲਾ ਹਿੰਸਕ ਕਾਰਾ ਹੈ ਜਿਸ ਵਿੱਚ ਉਸ ਨੂੰ ਸਰੀਰਕ ਤੇ ਜਿਨਸੀ ਤੌਰ ਤੇ ਸ਼ਿਕਾਰ ਬਣਾਇਆ ਜਾਂਦਾ ਹੈ। ਮੌਜੂਦਾ ਸਮੇਂ ਦੇ ਅਧਿਐਨ ਸੰਕੇਤ ਕਰਦੇ ਹਨ ਕਿ 10 ਤੋਂ 14

ਪ੍ਰਤਿਸ਼ਤ ਵਿਆਹੁਤਾ ਔਰਤਾਂ ਨਾਲ ਉਨ੍ਹਾਂ ਦੇ ਆਪਣੇ ਪਤੀਆਂ ਵਲੋਂ ਬਲਾਤਕਾਰ ਕੀਤਾ ਜਾਂਦਾ ਹੈ : ਬੁਰੀ ਤਰ੍ਹਾਂ ਜ਼ਖ਼ਮੀ ਤੇ ਝੰਬੀਆਂ ਔਰਤਾਂ ਦੇ ਕਲਿਨੀਕਲ ਨਮੂਨਿਆਂ ਵਿੱਚ ਵਿਆਹੁਤਾ ਬਲਾਤਕਾਰ ਦੇ ਮਾਮਲੇ ਇਕ ਤਿਹਾਈ ਤੋਂ ਵਧ ਕੇ 1/2 ਹੋ ਗਏ। ਕੁੱਲ ਮਾਮਲਿਆਂ ਵਿੱਚ 25 ਪ੍ਰਤਿਸ਼ਤ ਬਲਾਤਕਾਰ ਦੇ ਮਾਮਲੇ ਆਪਣੇ ਪਤੀ ਵਲੋਂ ਪਤਨੀ ਨਾਲ ਬਲਾਤਕਾਰ ਕਰਨ ਦੇ ਹੁੰਦੇ ਹਨ। ਵਿਆਹੁਤਾ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀਆਂ ਉਹ ਔਰਤਾਂ ਜ਼ਿਆਦਾ ਨਿਸ਼ਾਨਾ ਬਣਦੀਆਂ ਹਨ ਜੋ ਘਰੋਂ ਭੱਜਣ ਦਾ ਯਤਨ ਕਰਦੀਆਂ ਹਨ।

ਘਰੇਲੂ ਹਿੰਸਾ ਐਕਟ ਦੁਆਰਾ ਔਰਤਾਂ ਦੀ ਸੁਰੱਖਿਆ – "ਕਬਜ਼ਾਧਾਰੀ, ਪੀੜਾ ਪਹੁੰਚਾਉਣ ਵਾਲੇ ਅਤੇ ਹੇਰਫੇਰ ਕਰਨ ਵਾਲੇ ਲੋਕ ਕਦੇ ਵੀ ਆਪਣੇ ਆਪ ਨੂੰ ਸਵਾਲ ਨਹੀਂ ਕਰਦੇ। ਉਹ ਆਪਣੇ ਆਪ ਨੂੰ ਕਦੇ ਨਹੀਂ ਪੁੱਛਦੇ ਕਿ ਉਹ ਆਪ ਸਮੱਸਿਆ ਹਨ। ਉਹ ਹਮੇਸ਼ਾ ਆਖਦੇ ਹਨ ਕਿ ਸਮੱਸਿਆ ਦਾ ਕਾਰਨ ਕੋਈ ਹੋਰ ਹੈ।"

ਅਗਿਆਤ ਦੁਸ਼ਮਣ ਨਾਲ ਲੜਨਾ ਸੌਖਾ ਹੈ ਬਜਾਇ ਕਿ ਪਰਿਚਿਤ ਦੋਸਤ ਨਾਲ। ਔਰਤ ਨੂੰ ਸਹੁਰੇ ਘਰ ਦਰਪੇਸ਼ ਸੰਘਰਸ਼ ਕੋਈ ਨਵਾਂ ਨਹੀਂ। ਔਰਤ ਸਿਰਫ ਮਾਨਸਿਕ ਸਦਮੇ ਵਿਚੋਂ ਹੀ ਨਹੀਂ ਲੰਘਦੀ ਸਗੋਂ ਉਸ ਨੂੰ ਸਰੀਰਕ ਤੇ ਭਾਵਨਾਤਮਕ ਸਦਮੇ ਵੀ ਝੱਲਣੇ ਪੈਂਦੇ ਹਨ। ਕਿਰਨਜੀਤ ਆਹਲੂਵਾਲੀਆ (1989) ਦਾ ਰੇਗੀਨਾ ਬਨਾਮ ਕਿਰਨਜੀਤ ਆਹਲੂਵਾਲੀਆ (1993) 96 ਸੀ ਆਰ। ਐਪਲ.ਆਰ. 133 ਦਾ ਸੰਘਰਸ਼ ਜਿਸ ਨੇ 10 ਸਾਲਾਂ ਦੇ ਸਰੀਰਕ, ਮਾਨਸਿਕ ਅਤੇ ਜਿਣਸੀ ਉਤਪੀੜਨ ਤੋਂ ਤੰਗ ਆ ਕੇ ਆਪਣੇ ਪਤੀ ਨੂੰ ਅੱਗ ਲਾ ਕੇ ਸਾੜ ਦਿੱਤਾ ਗਿਆ ਸੀ, ਇਹ ਫ਼ਿਲਮ "ਪ੍ਰੋਵੋਕਡ" ਵਿੱਚ ਚਿਤਰਿਤ ਕੀਤਾ ਗਿਆ ਹੈ ਜਿਸ ਨੇ ਘਰੇਲੂ ਹਿੰਸਾ ਬਾਰੇ ਜਾਗਰੂਕਤਾ ਵਧਾਈ ਹੈ ਅਤੇ ਝੰਬੀਆਂ ਹੋਈਆਂ ਔਰਤਾਂ ਦੇ ਮਾਮਲੇ ਵਿੱਚ ਸ਼ਬਦ 'ਉਕਸਾਹਟ' ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਘਰੇਲੂ ਹਿੰਸਾ ਤੋਂ ਔਰਤਾਂ ਦੀ ਸੁਰੱਖਿਆ ਬਾਰੇ ਐਕਟ ਵਲੋਂ ਸਭ ਤੋਂ ਮਹੱਤਵਪੂਰਨ ਬਦਲਾਅ ਇਹ ਹੈ ਕਿ ਇਸ ਵਲੋਂ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿਣ ਵਾਲੀਆਂ ਔਰਤਾਂ ਨੂੰ ਵੀ ਵਿਆਹੁਤਾ ਔਰਤਾਂ ਵਾਂਗ ਗੁਜ਼ਾਰਾ ਭੱਤਾ, ਮੁਆਵਜ਼ਾ, ਸੁਰੱਖਿਆ, ਰਿਹਾਇਸ਼ ਦਾ ਹੱਕ ਅਤੇ ਦੂਸਰੀਆਂ ਸਹੂਲਤਾਂ ਦੀਆਂ ਹੱਕਦਾਰ ਬਣਾ ਦਿੱਤਾ।

ਇਹ ਐਕਟ ਅਕਤੂਬਰ, 2006 ਨੂੰ ਲਾਗੂ ਹੋ ਗਿਆ। ਇਹ ਕਾਨੂੰਨ ਦੇ ਆਮ ਸਿਧਾਂਤਾਂ ਵਿੱਚੋਂ ਹੀ ਬਣਾਇਆ ਗਿਆ ਅਤੇ ਭਾਰਤ ਦੀਆਂ ਕਦਰਾਂ-ਕੀਮਤਾਂ ਨੂੰ ਧਿਆਨ ਵਿੱਚ ਰੱਖਣ ਦੀ ਕੋਈ ਕਾਨੂੰਨੀ ਸੁਰੱਖਿਆ ਨਹੀਂ ਸੀ। ਇਹ ਵਿਧਾਨ ਕਾਨੂੰਨ ਦੇ ਆਮ ਸਿਧਾਂਤਾਂ ਵਿੱਚੋਂ ਬਣਾਇਆ ਗਿਆ ਸੀ। ਇਸ ਐਕਟ ਦੇ ਲਗੂ ਹੋਣ ਤੋਂ ਪਹਿਲਾਂ ਔਰਤਾਂ ਲਈ ਸਹੁਰੇ ਘਰ ਵਿੱਚ ਸੁਰੱਖਿਆ ਦੇਣ ਲਈ ਕੋਈ ਕਾਨੂੰਨੀ ਪ੍ਰਾਵਧਾਨ ਨਹੀਂ ਸੀ। ਇਹ ਐਕਟ ਉਨ੍ਹਾਂ ਔਰਤਾਂ ਨੂੰ ਇਕੋ ਹੀ ਖਿੜਕੀ ਤੋਂ ਸ਼ਕਤੀਕਰਨ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ ਸਰੀਰਕ, ਮੌਖਿਕ, ਜਿਣਸੀ ਜਾਂ ਆਰਥਿਕ ਉਤਪੀੜਨ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਐਕਟ ਉਤੇ ਅਮਲ ਉਨ੍ਹਾਂ ਔਰਤਾਂ ਨੂੰ ਵੀ ਸੁਰੱਖਿਆ ਪ੍ਰਦਾਨ ਕਰਨਾ ਹੈ ਜੋ ਆਪਣੇ ਸਾਥੀਆਂ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੀਆਂ ਹਨ, ਭਾਵੇਂ ਕਿ ਉਹ ਵਿਆਹੀਆਂ ਨਹੀਂ ਹੋਈਆਂ। ਇੰਦਰਾ ਸਰਮਾ ਬਨਾਮ ਵੀ.ਕੇ. ਵੀ. ਸਰਮਾ ਦੀ 26 ਨਵੰਬਰ, 2013, ਐੱਸ ਟੀ ਪੀ ਐੱਲ (ਵੈੱਬ) 944 ਐੱਸ ਸੀ ਅਤੇ ਡੀ. ਵੇਲੂਸਵਾਮੀ ਬਨਾਮ ਡੀ ਪਟਾਚਾਇਮਾਲ (2010) 10 ਐੱਸ ਸੀ ਸੀ 469 ਦੇ ਦੋ ਫੈਸਲਿਆਂ ਵਿੱਚ ਇਸ ਧਾਰਨਾ ਦੀ ਵਿਆਖਿਆ ਕੀਤੀ ਗਈ ਹੈ ਅਤੇ ਉਨ੍ਹਾਂ ਔਰਤਾਂ ਨੂੰ ਵੀ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ ਜੋ ਵਿਆਹ ਵਾਂਗ ਲਿਵ-ਇਨ-ਰਿਲੇਸ਼ਨਸ਼ਿਪ ਵਿੱਚ ਰਹਿੰਦੀਆਂ ਹਨ ਜਿਵੇਂ ਕਿ ਦਾਸੀ ਵਜੋਂ ਵੱਖਰਾ ਕੀਤਾ ਗਿਆ ਹੈ।

ਔਰਤਾਂ ਦੀ ਘਰੇਲੂ ਹਿੰਸਾ ਤੋਂ ਸੁਰੱਖਿਆ ਬਾਰੇ ਐਕਟ ਦੇ ਸੈਕਸ਼ਨ 17 ਵਿੱਚ ਸਹੁਰੇ ਘਰ ਦੀ ਪਰਿਭਾਸ਼ਾ ਨੂੰ ਵੀ ਢਿੱਲੇ ਤਰੀਕੇ ਨਾਲ ਬਿਆਨ ਕੀਤਾ ਗਿਆ ਜਿਸ ਵਿੱਚ ਇਕ ਆਰਜ਼ੀ ਰਿਹਾਇਸ਼/ਫੇਰੇ ਨੂੰ ਵੀ ਸਹੁਰੇ ਘਰ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਸੀ। ਇਸ ਧਾਰਨਾਂ ਨੂੰ ਕੱਸਿਆ ਗਿਆ ਤੇ ਦਿੱਲੀ ਹਾਈਕੋਰਟ ਨੇ ਤਿੰਨ ਇਤਿਹਾਸਕ ਫੈਸਲਿਆਂ ਵਿੱਚ, ਜਿਨ੍ਹਾਂ ਵਿੱਚੋਂ ਮੈਂ ਸੁਮਿਤਾ ਦੀਦੀ ਸੰਧੂ (2007) 96 ਡੀ ਆਰ ਜੇ 697, ਇਵਨੀਤ ਵੀ. ਕਵਿਤਾ ਚੌਧਰੀ (2012) 130 ਡੀ ਆਰ ਜੇ 83 (ਡੀ ਈ ਐੱਲ) ਅਤੇ ਬਰੁਨ ਨਾਹਰ ਬਨਾਮ ਪਾਰੁਲ ਨਾਹਰ 2013 (2) ਏ ਡੀ (ਦਿੱਲੀ) 517 ਦੀ ਵਕੀਲ ਨੇ ਕਿਹਾ, "ਲੋਕਾਂ ਨੂੰ ਪਿਆਰ ਕਰਨ ਲਈ ਬਣਾਇਆ ਗਿਆ ਸੀ। ਚੀਜ਼ਾਂ ਵਸਤਾਂ ਨੂੰ ਵਰਤੋਂ ਕਰਨ ਲਈ ਬਣਾਇਆ ਗਿਆ ਸੀ। ਦੁਨੀਆਂ ਵਿੱਚ ਅਫਰਾ-ਤਫਰੀ ਦਾ ਕਾਰਨ ਇਹ ਹੈ ਕਿ ਚੀਜ਼ਾਂ ਨੂੰ ਪਿਆਰ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।"

ਔਰਤਾਂ ਤੇ ਬੱਚਿਆਂ ਦੀ ਤਸਕਰੀ – ਘਰੇਲੂ ਵਸਤਾਂ ਦੀ ਤਰ੍ਹਾਂ ਅੱਜਕੱਲ੍ਹ ਔਰਤਾਂ ਦੀ ਖਰੀਦੋ ਫਰੋਖ਼ਤ ਹੋ ਰਹੀ ਹੈ। ਆਦਮੀ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਦਾ ਕੋਈ ਅੰਤ ਨਹੀਂ। ਭਾਰਤ, ਨੇਪਾਲ ਅਤੇ ਬੰਗਲਾਦੇਸ਼ ਤੋਂ ਤਸਕਰੀ ਕਰਕੇ ਲਿਆਂਦੀਆਂ ਔਰਤਾਂ ਦੀ ਮੰਜ਼ਲ ਹੈ ਜਿਨ੍ਹਾਂ ਨੂੰ ਵਪਾਰਕ ਪੱਧਰ ਉਤੇ ਜਿਣਸੀ ਸ਼ੋਸ਼ਣ ਲਈ ਤਸਕਰੀ ਕਰਕੇ ਲਿਆਇਆ ਜਾਂਦਾ ਹੈ। ਨੇਪਾਲੀ ਬੱਚਿਆਂ ਨੂੰ ਭਾਰਤ ਅੰਦਰ ਸਰਕਸ ਸ਼ੋਆਂ ਵਿੱਚ ਜਬਰੀ ਮਜਦੂਰੀ ਕਰਨ ਲਈ ਵੀ ਤਸਕਰੀ ਕਰਕੇ ਲਿਆਇਆ ਜਾਂਦਾ ਹੈ। ਭਾਰਤੀ ਔਰਤਾਂ ਨੂੰ ਵੀ ਮੱਧ ਪੂਰਬ ਵਿੱਚ ਵਪਾਰਕ ਪੱਧਰ ਉਤੇ ਜਿਣਸੀ ਸ਼ੋਸ਼ਣ ਲਈ ਤਸਕਰੀ ਕਰਕੇ ਭੇਜਿਆ ਜਾਂਦਾ ਹੈ। ਭਾਰਤੀ ਪਰਵਾਸੀ ਜੋ ਆਪਣੀ ਇੱਛਾ ਨਾਲ ਹਰੇਕ ਸਾਲ ਮੱਧ ਪੂਰਬ ਤੇ ਯੂਰਪ ਵਿੱਚ ਘਰੇਲੂ ਨੌਕਰਾਂ ਅਤੇ ਘੱਟ ਹੁਨਰਮੰਦ ਮਜ਼ਦੂਰਾਂ ਵਜੋਂ ਕੰਮ ਕਰਨ ਲਈ ਜਾਂਦੇ ਹਨ, ਉਹ ਵੀ ਆਖਰ ਨੂੰ ਮਨੁੱਖੀ ਤਸਕਰੀ ਦੇ ਉਦਯੋਗ ਦਾ ਸ਼ਿਕਾਰ ਬਣ ਜਾਂਦੇ ਹਨ।

ਆਰਟੀਕਲ 23 ਮਨੁੱਖਾਂ ਦੀ ਤਸਕਰੀ ਅਤੇ ਜਬਰੀ ਮਜਦੂਰੀ ਦੀ ਮਨਾਹੀ ਕਰਦਾ ਹੈ। ਭਾਰਤ ਵਿੱਚ ਮਾਨਵ ਤਸਕਰੀ ਲੰਮੇ ਸਮੇਂ ਤੋਂ ਵੇਸਵਾਗਿਰੀ ਅਤੇ ਮਨੁੱਖਾਂ ਦੀ ਖਰੀਦ ਵੇਚ ਦੇ ਰੂਪ ਵਿੱਚ ਪ੍ਰਫੁੱਲਤ ਰਹੀ ਹੈ। ਦੁਨੀਆਂ ਦੀ ਲਗਭਗ 80 ਪ੍ਰਤਿਸ਼ਤ ਤਸਕਰੀ ਜਿਣਸੀ ਸ਼ੋਸ਼ਣ ਲਈ ਕੀਤੀ ਜਾਂਦੀ ਹੈ, ਹਰੇਕ ਸਾਲ ਅਨੁਮਾਨਤ 1.2 ਮਿਲੀਅਨ ਬੱਚੇ ਜਿਣਸੀ ਗੁਲਾਮੀ ਲਈ ਵੇਚੇ ਤੇ ਖਰੀਦੇ ਜਾਂਦੇ ਹਨ ਅਤੇ ਭਾਰਤ ਏਸ਼ੀਆ, ਸਗੋਂ ਕਈਆਂ ਦੇ ਕਹਿਣ ਮੁਤਾਬਕ ਪੂਰੀ ਦੁਨੀਆਂ ਲਈ ਇਸ ਦਾ ਧੁਰਾ ਹੈ।

ਕਾਨੂੰਨ ਆਪਣੀਆਂ ਜਿਣਸੀ ਸੇਵਾਵਾਂ 'ਵੇਸਵਾਗਮਨੀ' ਵਜੋਂ ਦੇਣ ਦੀ ਪ੍ਰਥਾ ਬਾਰੇ ਗੱਲ ਨਹੀਂ ਕਰਦਾ। ਸੋ ਵਰਤਮਾਨ ਸਮੇਂ ਤੱਕ ਇਹ ਐਕਟ ਵੇਸਵਾਗਮਨੀ ਨੂੰ ਆਪਣੇ ਆਪ ਵਿੱਚ ਜੁਰਮ ਨਹੀਂ ਮੰਨਦਾ ਪਰ ਇਹ ਤੀਜੀ ਧਿਰ ਵਲੋਂ ਵੇਸਵਾਗਮਨੀ ਵਿੱਚ ਸਹਾਇਤਾ ਕਰਕੇ ਜਿਵੇਂ ਚਕਲਾਘਰ, ਕਮਾਈ ਤੋਂ ਗੁਜ਼ਾਰਾ ਕਰਨ ਵਾਲਿਆਂ ਅਤੇ ਵੇਸਵਾਵਾਂ ਦਾ ਪ੍ਰਬੰਧ ਕਰਨ ਵਾਲਿਆਂ ਨੂੰ

ਸਜ਼ਾ ਦੇਣ ਦੀ ਗੱਲ ਕਰਦਾ ਹੈ। ਸਕਰਾਰ ਵਲੋਂ ਇਸ ਲਗਾਤਾਰ ਵਧ ਰਹੀ ਬੁਰਾਈ ਨੂੰ ਨੱਥ ਪਾਉਣ ਲਈ ਕਾਨੂੰਨਾਂ ਵਿੱਚ ਸੋਧ ਕਰਨ ਲਈ ਸਰਗਰਮ ਕਦਮ ਚੁੱਕੇ ਗਏ ਹਨ।

ਇੰਡੀਅਨ ਪੀਨਲ ਕੋਡ (ਆਈ ਪੀ ਸੀ) ਦੇ ਸੈਕਸ਼ਨ 370 ਦੀ ਥਾਂ ਉਤੇ ਜ਼ਿਆਦਾ ਸਖਤ ਪ੍ਰਾਵਧਾਨ ਕੀਤੇ ਗਏ ਹਨ ਜਿਵੇਂ ਕਿ : 2013 ਵਿੱਚ ਅਪਰਾਧਿਕ ਕਾਨੂੰਨ ਵਿੱਚ ਹਾਲੀਆ ਸੋਧ ਪਿੱਛੋਂ 370 ਅਤੇ 370 ਏ ਜੋ ਵਿਅਕਤੀਆਂ ਦੀ ਸ਼ੋਸ਼ਣ ਲਈ ਤਸਕਰੀ ਨਾਲ ਨਜਿੱਠਦੇ ਹਨ। ਜੇ ਕੋਈ ਵਿਅਕਤੀ (ਏ) ਭਰਤੀ (ਬੀ) ਏਧਰ-ਉਧਰ ਭੇਜਣ (ਸੀ) ਰੰਢ-ਤੁਪ (ਡੀ) ਤਬਾਦਲਾ ਕਰਦਾ ਹੈ ਜਾਂ (ਈ) ਧਮਕੀ, ਤਾਕਤ, ਮਜਬੂਰ ਕਰਕੇ ਜਾਂ ਅਗਵਾ ਕਰਕੇ, ਜਾਂ ਜਾਲਸਾਜ਼ੀ, ਧੋਖਾ, ਸੱਤਾ ਦਾ ਦੁਰਉਪਯੋਗ, ਸ਼ੋਸ਼ਣ ਲਈ ਮਜ਼ਬੂਰ ਕਰਨਾ ਜਿਵੇ ਵੇਸਵਾਗਮਨੀ, ਗੁਲਾਮੀ, ਜਬਰੀ ਅੰਗ ਕੱਢਣ ਜਿਹੇ ਕਾਰੇ ਕਰਦਾ ਹੈ ਤਾਂ ਉਸ ਨੂੰ ਘੱਟੋ-ਘੱਟ ਸੱਤ ਸਾਲ ਤੋਂ ਲੈ ਕੇ ਬਾਕੀ ਬਚਦੇ ਜੀਵਨ ਤੱਕ ਸਜ਼ਾ ਦਿੱਤੀ ਜਾ ਸਕਦੀ ਹੈ। ਇਹ ਤਸਕਰੀ ਕੀਤੇ ਗਏ ਵਿਅਕਤੀਆਂ ਦੀ ਸੰਖਿਆ ਅਤੇ ਵਰਗ ਉਤੇ ਨਿਰਭਰ ਕਰਦਾ ਹੈ। ਤਸਕਰੀ ਕਰਕੇ ਲਿਆਂਦੇ ਵਿਅਕਤੀ ਨੂੰ ਰੋਜ਼ਗਾਰ ਦੇਣ ਲਈ ਵੀ ਸਜ਼ਾ ਦਾ ਪ੍ਰਾਵਧਾਨ ਹੈ।

## ਉੱਤਰਾਧਿਕਾਰੀ ਕਾਨੂੰਨਾਂ ਵਿੱਚ ਸੋਧਾਂ

ਹਿੰਦੂ ਉੱਤਰਾਧਿਕਾਰੀ (ਸੋਧ) ਐਕਟ, 2005 ਤੋਂ ਪਹਿਲਾਂ ਐੱਚ ਐੱਸ ਏ ਸੈਕਸ਼ਨ 6 ਮੁਤਾਬਕ ਇਕ ਐੱਚ ਯੂ ਐੱਫ ਵਿੱਚ ਬਿਨਾਂ ਵਸੀਅਤ ਕੀਤੇ ਮਰਨ ਵਾਲੇ ਹਿੰਦੂ ਪੁਰਸ਼ ਦੀ ਸਹਿਭਾਗੀ ਜਾਇਦਾਦ ਵਿੱਚ ਹਿੱਸੇਦਾਰੀ ਉਸ ਦੇ ਪੁੱਤਰਾਂ ਵਿੱਚ ਵੰਡੀ ਜਾਂਦੀ ਸੀ (ਜਿਨ੍ਹਾਂ ਨੂੰ ਸਹਿਭਾਗੀ ਵਜੋਂ ਵੀ ਜਾਣਿਆ ਜਾਂਦਾ ਹੈ), ਉਸ ਦੀਆਂ ਧੀਆਂ ਦਰਮਿਆਨ ਇਹ ਨਹੀਂ ਸੀ ਵੰਡੀ ਜਾਂਦੀ। 9 ਸਤੰਬਰ 2005 ਨੂੰ ਐੱਚ ਐੱਸ ਏ ਦੇ ਸੈਕਸ਼ਨ 6 ਵਿੱਚ ਹਿੰਦੂ ਉਤਰਾਧਿਕਾਰੀ (ਸੋਧ) ਐਕਟ, 2005 ਵਲੋਂ ਸੋਧ ਕੀਤੀ ਗਈ ਜਿਸ ਵਿੱਚ ਹਿੰਦੂ ਮਿਤਾਕਸ਼ਰਾ ਸਹਿਭਾਗੀ ਜਾਇਦਾਦ ਵਿੱਚ ਪੁੱਤਰਾਂ ਵਾਂਗ ਧੀਆਂ ਨੂੰ ਬਰਾਬਰ ਦੇ ਹੱਕ ਪ੍ਰਦਾਨ ਕਰਕੇ ਇਸ ਵਿਤਕਰੇ ਨੂੰ ਦੂਰ ਕਰ ਦਿੱਤਾ ਗਿਆ। ਇਹ ਸੋਧ ਹੋਣ ਤੋਂ ਬਾਅਦ ਸਹਿਭਾਗੀ ਦੀ ਪੁੱਤਰੀ (ਮਤਲਬ ਉਸ ਦਾ ਪਿਤਾ) ਜਨਮ ਤੋਂ ਹੀ (1) ਪੁੱਤਰ ਵਾਂਗ ਸਹਿਭਾਗੀ ਬਣ ਜਾਵੇਗੀ, (2) ਪੁੱਤਰ ਵਾਂਗ ਹੀ ਸਹਿਭਾਗੀ ਜਾਇਦਾਦ ਦੀ ਹੱਕਦਾਰ ਹੋਵੇਗੀ, (3) ਪੁੱਤਰ ਵਾਂਗ ਹੀ ਸਹਿਭਾਗੀ ਦੇਣਦਾਰੀਆਂ ਲਈ ਜ਼ਿੰਮੇਵਾਰ ਹੋਵੇਗੀ ਅਤੇ, (4) ਪੁੱਤਰ ਵਾਂਗ ਹੀ, ਹਿੰਦੂ ਉਤਰਾਧਿਕਾਰੀ (ਸੋਧ) ਐਕਟ, 2005 ਲਾਗੂ ਹੋਣ ਉਪਰੰਤ ਆਪਣੇ ਪਿਤਾ, ਦਾਦੇ ਜਾਂ ਪੜਦਾਦੇ ਵਲੋਂ ਲਏ ਗਏ ਕਰਜ਼ੇ ਦੀ ਅਦਾਇਗੀ ਲਈ ਜ਼ਿੰਮੇਵਾਰ ਹੋਵੇਗੀ।

ਹਿੰਦੂ ਉਤਰਾਧਿਕਰੀ (ਸੋਧ) ਐਕਟ, 2005 ਵਲੋਂ ਔਰਤਾਂ ਦੇ ਰੁਤਬੇ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ ਗਏ, ਜਿਸ ਨਾਲ ਧੀਆਂ ਭਾਵੇਂ ਉਹ ਵਿਆਹੁਤਾ ਹੋਣ ਜਾਂ ਕੁਆਰੀਆਂ, ਉਹ ਸਹਿਭਾਗੀ ਹਨ ਅਤੇ ਸਾਂਝੇ ਪਰਿਵਾਰ ਦੀਆਂ ਜਾਇਦਾਦਾਂ ਵਿੱਚ ਬਰਾਬਰ ਦੇ ਹਿੱਸੇ ਦੀਆਂ ਹੱਕਦਾਰ ਹਨ। ਪਤਨੀ ਅਤੇ ਧੀ ਆਪਣੇ ਹਿੱਸੇ ਦੀ ਵੰਡ ਦੀ ਮੰਗ ਵੀ ਕਰ ਸਕਦੀਆਂ ਹਨ। ਇਹ ਸੋਧ ਖੇਤੀਬਾੜੀ ਵਾਲੀ ਜਾਇਦਾਦ ਉਤੇ ਵੀ ਲਾਗੂ ਹੈ। ਸੋਧਿਆ ਐਕਟ 9.9.2005 ਤੋਂ ਲਾਗੂ ਹੈ। ਪਰ ਇਸ ਦਾ ਵੰਡ ਵਰਗੇ ਲੈਣ-ਦੇਣ, ਜੋ ਕਿ ਢੁੱਕਵੇਂ ਤਰੀਕੇ ਨਾਲ ਰਜਿਸਟਰ ਵੰਡ ਦਸਤਾਵੇਜ਼ ਜਾਂ 20.12.2004 ਤੋਂ ਪਹਿਲਾਂ ਅਦਾਲਤ ਦੇ ਹੁਕਮਾਂ ਨਾਲ ਕੀਤਾ ਗਿਆ, ਉਸ ਉਤੇ ਇਸ ਸੋਧ ਦਾ ਕੋਈ ਅਸਰ ਨਹੀਂ ਪਵੇਗਾ।

## ਮੁਸਲਮਾਨ ਔਰਤਾਂ ਲਈ ਕਾਨੂੰਨ

ਮੋਹੰਮਦ ਅਹਿਮਦ ਖ਼ਾਨ ਬਨਾਮ ਸ਼ਾਹ ਬਾਨੋ ਬੇਗਮ ਅਤੇ ਦੂਜੇ (1985 ਐੱਸ ਸੀ ਆਰ (3) 844) 1985 ਏ ਆਈ ਆਰ 945 ਦਾ ਮਾਮਲਾ ਮੁਸਲਮਾਨ ਔਰਤਾਂ ਵਲੋਂ ਨਿਆਂ ਦੀ ਭਾਲ ਅਤੇ ਪਰਸਨਲ ਕਾਰਨ ਤੇ ਰਾਜਨੀਤਕ ਲੜਾਈ ਦੀ ਸ਼ੁਰੂਆਤ ਲਈ ਇਕ ਮੀਲ ਪੱਥਰ ਸਾਬਤ ਹੋਇਆ। 60 ਸਾਲਾਂ ਦੀ ਔਰਤ, ਉਸ ਨੂੰ ਤਲਾਕ ਦੇ ਚੁੱਕੇ ਪਤੀ ਤੋਂ ਗੁਜ਼ਾਰਾ ਭੱਤਾ ਹਾਸਲ ਕਰਨ ਲਈ ਅਦਾਲਤ ਚਲੀ ਗਈ। ਅਦਾਲਤ ਵਲੋਂ ਔਰਤ ਦੇ ਹੱਕ ਵਿੱਚ ਫੈਸਲਾ ਦਿੱਤਾ ਗਿਆ। ਸ਼ਾਹ ਬਾਨੋ ਸੀ ਆਰ ਪੀ ਸੀ ਦੇ ਸੈਕਸ਼ਨ 125 ਤਹਿਤ ਆਪਣੇ ਸਾਬਕਾ ਪਤੀ ਤੋਂ ਗੁਜ਼ਾਰਾ ਭੱਤਾ ਲੈਣ ਦੀ ਹੱਕਦਾਰ ਸੀ (ਜਿਸ ਦੀ ਉਪਰਲੀ ਸੀਮਾ 500 ਰੁਪਏ ਪ੍ਰਤਿ ਮਹੀਨਾ ਸੀ) ਜੋ ਕਿ ਕਿਸੇ ਵੀ ਦੂਜੀ ਭਾਰਤੀ ਔਰਤ ਨੂੰ ਮਿਲਦਾ ਹੈ। ਕਿਸੇ ਵਿਧਵਾ ਮੁਸਲਮਾਨ ਔਰਤ ਨੂੰ ਸੈਕਸ਼ਨ 125 ਅਧੀਨ ਗੁਜ਼ਾਰਾ ਭੱਤਾ ਦੇਣ ਦਾ ਇਹ ਪਹਿਲਾ ਅਦਾਲਤੀ ਫੈਸਲਾ ਨਹੀਂ ਸੀ। ਪਰ ਗਾਲੜੀ ਰੂੜੀਵਾਦੀਆਂ ਵਲੋਂ ਇਸ ਫੈਸਲੇ ਨੂੰ ਇਸਲਾਮ ਉਤੇ ਹਮਲਾ ਸਮਝਿਆ ਗਿਆ।

ਕੇਰਲ, ਮਹਾਰਾਸ਼ਟਰ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ ਵਰਗੇ ਰਾਜਾਂ ਵਿੱਚ ਦਿੱਤੇ ਗਏ ਅਦਾਲਤੀ ਫੈਸਲਿਆਂ ਦਾ ਹਵਾਲਾ ਦਿੰਦਿਆਂ ਜਿਥੇ ਅਦਾਲਤਾਂ ਵਲੋਂ ਗੁਜ਼ਾਰੇ ਭੱਤੇ ਲਈ ਰਕਮ ਦੇਣ ਦਾ ਹੁਕਮ ਦਿੱਤਾ ਗਿਆ, ਅਤੇ 'ਵਾਜਬ ਅਤੇ ਉਚਿਤ ਪ੍ਰਾਵਧਾਨਾਂ' ਤਹਿਤ ਇਕਮੁਸ਼ਤ ਅਦਾਇਗੀ ਕਰਨ ਦਾ ਹੁਕਮ ਦਿੱਤਾ ਗਿਆ ਜੋ ਮੁਸਲਮਾਨ ਔਰਤਾਂ ਨੂੰ ਪਹਿਲਾਂ ਕਦੇ ਨਹੀਂ ਮਿਲਿਆ, ਸੁਪਰੀਮ ਕੋਰਟ ਦੇ ਪੂਰੇ ਸੰਵਿਧਾਨ ਬੈਂਚ ਨੇ 2001 ਵਿੱਚ ਛੇਨੀਅਲ ਲਤੀਫੀ ਮਾਮਲੇ ਬਾਰੇ ਫੈਸਲਾ ਦਿੰਦਿਆਂ, ਅਸਲ ਵਿੱਚ ਮੁਸਲਮਾਨ ਔਰਤਾਂ ਨੂੰ ਤਲਾਕ ਤੋਂ ਬਾਅਦ ਵੀ ਗੁਜ਼ਾਰਾ ਭੱਤਾ ਪ੍ਰਾਪਤ ਕਰਨ ਦਾ ਹੱਕ ਦਿੱਤਾ ਗਿਆ। ਅਜਿਹਾ ਸੈਕਸ਼ਨ 125 ਸੀ ਆਰ ਪੀ ਸੀ ਵਿੱਚ ਇਕ ਪੂਰਵ ਸੋਧ ਨੂੰ ਪੁਨਰ ਪਰਿਭਾਸ਼ਿਤ ਕਰਕੇ ਕੀਤਾ ਗਿਆ ਜੋ ਤਲਾਕ ਐਕਟ ਵਿੱਚ ਮੁਸਲਮਾਨ ਔਰਤਾਂ ਦੇ ਗੁਜ਼ਾਰੇ ਭੱਤੇ ਦੇ ਹੱਕ ਨੂੰ ਸੀਮਤ ਕਰਦੀ ਸੀ। ਭਾਵੇਂ ਕਿ ਹਿੰਦੂ ਗੋਦ ਲੈਣ ਅਤੇ ਗੁਜ਼ਾਰਾ ਭੱਤਾ ਐਕਟ ਅਤੇ ਸੀ ਆਰ ਪੀ ਸੀ ਦੇ ਸੈਕਸ਼ਨ 125 ਵਾਂਗ ਔਰਤਾਂ ਨੂੰ ਗੁਜ਼ਾਰਾ ਭੱਤਾ ਦੇਣ ਵਾਲੇ ਪ੍ਰਾਵਧਾਨਾਂ ਵਾਂਗ, ਇਸ ਐਕਟ ਵਿੱਚ ਅੰਤਰਮ ਗੁਜ਼ਾਰਾ ਭੱਤਾ ਦੇਣ ਦਾ ਕੋਈ ਪ੍ਰਾਵਧਾਨ ਨਹੀਂ ਸੀ ਪਰ ਇਹ ਅਮਲ ਵਿੱਚ ਸ਼ਾਮਲ ਕੀਤੇ ਗਏ ਤਾਂ ਕਿ ਮਾਮਲੇ ਦਾ ਆਖਰੀ ਫੈਸਲਾ ਆਉਣ ਤੱਕ ਔਰਤਾਂ ਨੂੰ ਅੰਤਰਮ ਗੁਜ਼ਾਰਾ ਭੱਤਾ ਦੇਣ ਲਈ ਰਾਹਤ ਮਿਲ ਸਕੇ। ਇਕ ਦੇਸ਼ ਵਿੱਚ ਅਨੇਕ ਕਾਨੂੰਨ ਦੇ ਅਨੇਕ ਅਮਲ ਹੋਣ ਕਰਕੇ ਜਿਥੇ ਵੱਖ-ਵੱਖ ਧਰਮਾਂ ਦੇ ਗੁਜ਼ਾਰਾ ਭੱਤਾ, ਜਾਇਦਾਦ ਦੇ ਹੱਕ, ਤਲਾਕ ਦੇ ਹੱਕ ਅਤੇ ਬੱਚਿਆਂ ਨੂੰ ਰੱਖਣ ਦੇ ਵੱਖ-ਵੱਖ ਪਰਸਨਲ ਕਾਨੂੰਨ ਹਨ, ਨੇ ਯੂਨੀਫਾਰਮ ਸਿਵਲ ਕੋਡ ਦੀ ਮੰਗ ਨੂੰ ਜ਼ੋਰ ਦਿੱਤਾ ਹੈ। ਸੁਪਰੀਮ ਕੋਰਟ ਵਲੋਂ ਸ਼੍ਰੀਮਤੀ ਸਰਲਾ ਮੁਦਗਿਲ, ਪ੍ਰਧਾਨ ਬਨਾਮ ਭਾਰਤ ਸਰਕਾਰ ਅਤੇ ਦੂਜੇ ਦੇ 10 ਮਈ, 1995, 1995 ਏ ਆਈ ਆਰ 1531, 1995 ਐੱਸ ਸੀ ਸੀ(3) 635 ਮਾਮਲੇ ਵਿੱਚ ਇਸ ਬਾਰੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਹਰੇਕ ਭਾਰਤੀ ਲਈ, ਉਸ ਦੀ ਧਾਰਮਿਕ ਪਛਾਣ ਨੂੰ ਵੱਖ ਰੱਖ ਕੇ, ਯੂਨੀਫਾਰਮ ਜਾਂ ਕਾਮਨ ਸਿਵਲ ਕੋਡ ਦੀ ਇੱਛਾ ਰੱਖਣ ਦੀਆਂ ਕਾਨੂੰਨੀ ਖੂਬੀਆਂ ਉਤੇ ਕੋਈ ਸਵਾਲ ਨਹੀਂ ਉਠਾਇਆ ਜਾ ਸਕਦਾ। ਅਸਲ ਵਿੱਚ, ਸਰਕਾਰ ਨੂੰ ਦਿੱਤਾ

ਇਹ ਆਦੇਸ਼ ਭਾਰਤ ਦੇ ਸੰਵਿਧਾਨ (ਆਰਟੀਕਲ 44) ਵਿੱਚ ਦਰਜ ਹੈ। ਅਤੇ ਇਹ ਨਿਰਦੇਸ਼ ਭਾਰਤ ਦੇ ਸੰਵਿਧਾਨ ਦੇ ਆਰਟੀਕਲ 25 ਨਾਲ ਟਕਰਾਉਂਦਾ ਨਹੀਂ ਜੋ ਧਾਰਮਿਕ ਆਜ਼ਾਦੀ ਦੀ ਜ਼ਾਮਨੀ ਦਿੰਦਾ ਹੈ ਕਿਉਂਕਿ ਇਸ ਆਰਟੀਕਲ ਦੀ ਮਦ ਨੰਬਰ 2 ਧਰਮ ਨੂੰ ਧਰਮ ਨਿਰਪੱਖ ਕਾਨੂੰਨਾਂ ਨਾਲੋਂ ਵੱਖ ਕਰਦੀ ਹੈ ਜੋ ਕੁੱਝ ਪਿਛਾਂਹ-ਖਿੱਚੂ ਧਾਰਮਿਕ ਪ੍ਰਥਾਵਾਂ ਨੂੰ ਪਾਸੇ ਕਰਦੇ ਹਨ। ਇਸ ਵਿੱਚ ਸਪੱਸ਼ਟ ਤੌਰ ਤੇ ਬਿਆਨ ਕੀਤਾ ਗਿਆ ਹੈ ਕਿ ਧਾਰਮਿਕ ਆਜ਼ਾਦੀ ਸਰਕਾਰ ਨੂੰ ਕੋਈ ਅਜਿਹਾ ਕਾਨੂੰਨ ਬਣਾਉਣ ਤੋਂ ਨਹੀਂ ਰੋਕਦੀ ਜੋ 'ਸਮਾਜਕ ਨਿਆਂ ਅਤੇ ਸੁਧਾਰ' ਪ੍ਰਦਾਨ ਕਰਦਾ ਹੋਵੇ। ਅਤੇ ਫਿਰ ਸਾਡੇ ਕੋਲ ਸੰਵਿਧਾਨ ਦਾ ਆਰਟੀਕਲ 14 ਹੈ ਜਿਸ ਅਧੀਨ ਹਰੇਕ ਭਾਰਤੀ ਨੂੰ ਬਰਾਬਰ ਦੇ ਹੱਕ ਪ੍ਰਾਪਤ ਹਨ; ਕਿਸੇ ਨੂੰ ਬਰਾਬਰੀ ਦੇ ਸਿਧਾਂਤ ਹੇਠ ਜਾਤ ਅਤੇ ਨਸਲ ਦੇ ਨਾਮ ਉਤੇ ਵਿਤਕਰੇ ਦਾ ਸ਼ਿਕਾਰ ਨਹੀਂ ਬਣਾਇਆ ਜਾ ਸਕਦਾ।

ਪਰ, ਜਿਥੋਂ ਤੱਕ ਮੁਸਲਮਾਨ ਔਰਤਾਂ ਦੇ ਸ਼ਕਤੀਕਰਨ ਦਾ ਸਵਾਲ ਹੈ, ਭਾਰਤ ਵਿੱਚ ਕਾਨੂੰਨਾਂ ਦਾ ਵਿਕਾਸ ਲਗਭਗ ਖੜੋਤ ਦਾ ਸ਼ਿਕਾਰ ਹੈ ਜੇ ਅਸੀਂ ਇਸ ਦੀ ਤੁਲਨਾ ਮੌਜੂਦਾ ਵਿਸ਼ਵ ਦਰ ਨਾਲ ਕਰੀਏ। ਇਹ ਨਿਹਾਇਤ ਜ਼ਰੂਰੀ ਹੈ ਕਿ ਜਦੋਂ ਕਾਨੂੰਨ ਲਾਗੂ ਕਰਨੇ ਹੋਣ ਤਾਂ ਧਰਮ ਦੇ ਪੱਤੇ ਨੂੰ ਔਰਤਾਂ ਦੇ ਹੱਕਾਂ ਤੋਂ ਪਰੇ ਰੱਖਿਆ ਜਾਵੇ। ਜ਼ਿਆਦਾ ਵਿਕਸਤ ਅਤੇ ਅਗਾਂਹਵਧੂ ਸਮਾਜ ਹੋਣ ਕਰਕੇ ਵਿਤਕਰੇ ਦੇ ਸ਼ਿਕਾਰ ਲੋਕਾਂ ਦੇ ਮਾਮਲੇ ਚੁੱਕਣਾ ਸਾਡੀ ਜ਼ਿੰਮੇਵਾਰੀ ਹੈ ਅਤੇ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਧਾਰਮਿਕ ਪ੍ਰਥਾਵਾਂ ਉਤੇ ਸਵਾਲ ਚੁੱਕਣ ਦੀ ਸਾਡੀ ਅਸਮਰੱਥਤਾ ਕਾਰਨ ਮੁਸਲਮਾਨ ਔਰਤਾਂ ਵਿਤਕਰੇਬਾਜ਼ੀ ਖਿਲਾਫ ਇਸ ਜੰਗ ਵਿੱਚ ਪਿੱਛੇ ਨਾ ਰਹਿ ਜਾਣ। ਯੂਨੀਫਾਰਮ ਸਿਵਲ ਕੋਡ ਹਰੇਕ ਪ੍ਰਮੁੱਖ ਧਾਰਮਿਕ ਫਿਰਕੇ ਦੇ ਧਾਰਮਿਕ ਗ੍ਰੰਥਾਂ ਅਤੇ ਰੀਤੀ ਰਿਵਾਜ਼ਾਂ ਉਤੇ ਅਧਾਰਤ ਪਰਸਨਲ ਲਾਅ ਨੂੰ ਬਦਲਣ ਦਾ ਇਕ ਪ੍ਰਸਤਾਵ ਹੈ ਜਿਸ ਵਿੱਚ ਹਰੇਕ ਸ਼ਹਿਰੀ ਉਤੇ ਇਕੋ ਜਿਹੇ ਕਾਨੂੰਨ ਲਾਗੂ ਹੋਣਗੇ। ਇਹ ਕਾਨੂੰਨ ਜਨਤਕ ਕਾਨੂੰਨਾਂ ਤੋਂ ਵੱਖਰੇ ਹਨ ਅਤੇ ਇਸ ਦੇ ਦਾਇਰੇ ਵਿੱਚ ਵਿਆਹ, ਤਲਾਕ, ਵਿਰਾਸਤੀ, ਗੋਦ ਲੈਣ ਅਤੇ ਗੁਜ਼ਾਰਾ ਭੱਤਾ ਆਦਿ ਆਉਂਦੇ ਹਨ।

## ਵਿਆਹ ਕਾਨੂੰਨ (ਸੋਧ) ਬਿੱਲ 2010

''ਬੇਟੀ ਬੇਟੀ ਹੋਤੀ ਹੈ, ਬਹੂ ਕਭੀ ਬੇਟੀ ਨਹੀਂ ਬਨ ਸਕਤੀ।" ਵਿਆਹ ਪਤੀ ਪਤਨੀ ਦਰਮਿਆਨ ਇਕ ਪਵਿੱਤਰ ਸੰਬੰਧ ਹੁੰਦਾ ਹੈ ਅਤੇ ਦੋਵੇਂ ਹੀ ਇਸ ਤੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੇ ਬਰਾਬਰੀ ਦੇ ਹੱਕਦਾਰ ਹਨ। ਜੀਵਨ ਸਾਥੀਆਂ ਦੇ ਵੱਖ ਹੋਣ ਨਾਲ ਜਾਇਦਾਦ ਦੇ ਸਾਰੇ ਅਧਿਕਾਰ ਪਤੀ ਨੂੰ ਨਹੀਂ ਮਿਲਦੇ; ਪਤਨੀ ਜਾਇਦਾਦ ਵਿੱਚ ਬਰਾਬਰ ਦੀ ਹਿੱਸੇਦਾਰ ਹੈ।

'ਵਿਆਹ ਕਾਨੂੰਨ (ਸੋਧ) ਬਿੱਲ, 2010 ਵਜਾਰਤ ਵਲੋਂ ਪਾਸ ਕੀਤਾ ਗਿਆ ਸੀ ਜੋ ਚਰਚਾ ਲਈ ਰਾਜ ਸਭਾ ਵਿੱਚ ਲੰਬਿਤ ਹੈ। ਔਰਤਾਂ ਦੇ ਹੱਕਾਂ ਬਾਰੇ ਕਈ ਵੱਡੇ ਬਦਲਾਅ ਕਰਨ ਦੇ ਸੁਝਾਅ ਦਿੱਤੇ ਗਏ ਹਨ ਕਿ ਤਲਾਕ ਤੋਂ ਬਾਅਦ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਵੇ। ''ਤਲਾਕ ਕਾਨੂੰਨ, 2012" ਮੁਤਾਬਕ ਪਤੀ ਦੀਆਂ ਸਾਰੀਆਂ ਰਿਹਾਇਸ਼ੀ ਜਾਇਦਾਦਾਂ ਵਿੱਚ ਪਤਨੀ 50 ਪ੍ਰਤਿਸ਼ਤ ਦੀ ਹੱਕਦਾਰ ਹੋਵੇਗੀ ਅਤੇ ਦੂਜੀਆਂ ਜਾਇਦਾਦਾਂ ਵਿੱਚ ਉਸ ਦੀ ਹਿੱਸੇਦਾਰੀ ਬਾਰੇ ਅਦਾਲਤ ਵਲੋਂ ਫੈਸਲਾ ਕੀਤਾ ਜਾਵੇਗਾ।"

ਸੋਧ ਨਾਲ ਸੰਬੰਧਿਤ ਇਕ ਮਹੱਤਵਪੂਰਨ ਮੁੱਦਾ ਹੇਠ ਦਿੱਤੇ ਅਨੁਸਾਰ ਹੈ : ਇਸ ਦਾ ਲਾਗੂ ਹੋਣਾ ਹਾਲੇ ਬਾਕੀ ਹੈ, ਅਸਲ ਵਿੱਚ ਇਕ ਦੁਰਭਾਗ ਵਾਲਾ ਪੱਖ ਇਹ ਹੈ ਕਿ ਆਜ਼ਾਦੀ ਪ੍ਰਾਪਤੀ ਤੋਂ ਲੈ ਕੇ ਸੰਸਦ ਵਿੱਚ ਔਰਤਾਂ ਦੀ ਪ੍ਰਤਿਸ਼ਤ ਪ੍ਰਤਿਨਿਧਤਾ ਤੇਜ਼ੀ ਨਾਲ ਥੱਲੇ ਜਾ ਰਹੀ ਹੈ। ਆਸ ਦੀ ਇਕ ਨਿੱਕੀ ਜਿਹੀ ਕਿਰਨ ਇਹ ਹੈ ਕਿ ਪੰਚਾਇਤੀ ਚੋਣਾਂ ਵਿੱਚ ਔਰਤਾਂ ਲਈ ਰਾਖਵਾਂਕਰਨ ਸ਼ੁਰੂ ਕੀਤਾ ਗਿਆ ਹੈ। ਦਿਹਾਤੀ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਸ਼੍ਰੀ ਬੀਰੇਂਦਰ ਸਿੰਘ ਨੇ ਆਖਿਆ ਹੈ ਕਿ ਸਰਕਾਰ ਯੂ ਪੀ ਏ ਵਜਾਰਤ ਵਲੋਂ ਪਾਸ ਕੀਤੀ ਇਕ ਸੰਵਿਧਾਨਕ ਸੋਧ ਨੂੰ ਪਾਰਲੀਮੈਂਟ ਦੇ ਬਜਟ ਸੈਸ਼ਨ ਵਿੱਚ ਪੇਸ਼ ਕਰੇਗੀ ਜਿਸ ਨਾਲ ਪੰਚਾਇਤਾਂ ਵਿੱਚ ਔਰਤਾਂ ਲਈ ਰਾਖਵਾਂਕਰਨ 33 ਪ੍ਰਤਿਸ਼ਤ ਤੋਂ ਵਧ ਕੇ 50 ਪ੍ਰਤਿਸ਼ਤ ਹੋ ਜਾਵੇਗਾ। ਫੈਸਲੇ ਲੈਣ ਵਾਲੇ ਅਹੁਦਿਆਂ ਵਿੱਚ ਔਰਤਾਂ ਦੀ ਵਧੇਰੇ ਪ੍ਰਤਿਨਿਧਤਾ ਵੱਲ ਇਹ ਇਕ ਛੋਟਾ ਪਰ ਮਹੱਤਵਪੂਰਨ ਕਦਮ ਹੈ।

## ਪੁਨਰ ਸੁਰਜੀਤ ਨਾ ਹੋਣ ਵਾਲੇ ਟੁੱਟ ਚੁੱਕੇ ਵਿਆਹਾਂ ਨੂੰ ਮਾਨਤਾ

ਚੰਦਰਲੇਖਾ ਤ੍ਰਿਵੇਦੀ ਬਨਾਮ ਐਸ ਪੀ ਤ੍ਰਿਵੇਦੀ (1993) ਡੀ ਐੱਮ ਸੀ 271 ਐੱਸ ਸੀ, ਜੇ ਟੀ 1993 (4) ਐੱਸ ਸੀ 644 ਮਾਮਲੇ ਵਿੱਚ ਸੁਪਰੀਮ ਕੋਰਟ ਵਲੋਂ ਸ਼ਬਦ 'ਪੁਨਰ-ਸੁਰਜੀਤ ਨਾ ਹੋਣ ਵਾਲੇ ਟੁੱਟ ਚੁੱਕੇ ਵਿਆਹ' ਨਹੀਂ ਵਰਤਿਆ ਗਿਆ ਪਰ ਇਸ ਵਿਆਹ ਦੀ ਵਿਆਖਿਆ ਕਰਦਿਆਂ ਇਸ ਨੂੰ 'ਖਤਮ' ਆਖਿਆ ਹੈ। ਨੌਂ ਸਾਲਾਂ ਦੇ ਵਿਆਹੁਤਾ ਜੀਵਨ ਤੋਂ ਬਾਅਦ ਪਤੀ ਵਲੋਂ ਇਸ ਅਧਾਰ ਉਤੇ ਤਲਾਕ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਕਿ ਉਸ ਦੀ ਪਤਨੀ ਉਸ ਉਤੇ ਜ਼ੁਲਮ ਕਰਦੀ ਹੈ ਅਤੇ ਉਸ ਦੀ ਪਤਨੀ ਦੇ ਨੌਜਵਾਨ ਲੜਕਿਆਂ ਨਾਲ ਨੇੜਲੇ ਸੰਬੰਧ ਹਨ। ਪਤਨੀ ਵਲੋਂ ਵੀ ਪਤੀ ਖਿਲਾਫ ਇਹੋ ਜਿਹੇ ਹੀ ਇਲਜ਼ਾਮ ਲਾਏ ਗਏ। ਜਦੋਂ ਹਾਈ ਕੋਰਟ ਵਲੋਂ ਤਲਾਕ ਦਾ ਫੈਸਲਾ ਸੁਣਾਇਆ ਗਿਆ ਉਸ ਵੇਲੇ ਉਨ੍ਹਾਂ ਦੀ ਇਕਲੌਤੀ ਧੀ ਪਹਿਲਾਂ ਹੀ ਵਿਆਹੀ ਜਾ ਚੁੱਕੀ ਸੀ। ਅਪੀਲ ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਮਹਿਸੂਸ ਕੀਤਾ ਕਿ ਆਰੋਪਾਂ ਤੇ ਪ੍ਰਤਿ ਆਰੋਪਾਂ ਉਤੇ ਫੈਸਲਾ ਕਰਨਾ ਬੇਕਾਰ ਹੋਵੇਗਾ ਕਿਉਂਕਿ ਵਿਆਹ ਪਹਿਲਾਂ ਹੀ ਖਤਮ ਹੋ ਚੁੱਕਾ ਹੈ।

ਵਿਆਹ ਸੋਧ ਐਕਟ, 2010 ਦੇ ਸੈਕਸ਼ਨ 13 ਸੀ, ਡੀ, ਈ ਭਾਰਤ ਦੇ ਸੰਵਿਧਾਨ ਦੇ ਆਰਟੀਕਲ 14,15,21 ਅਤੇ 25 ਦੀ ਉਲੰਘਣਾ ਨਹੀਂ ਕਰਦੇ। ''ਕਾਨੂੰਨ ਅਜਿਹੀ ਔਰਤ ਨੂੰ ਵਿਆਹ ਬੰਧਨ ਵਿੱਚ ਬੱਝੇ ਰਹਿਣ ਲਈ ਮਜਬੂਰ ਨਹੀਂ ਕਰ ਸਕਦਾ ਜੋ ਭਾਵਨਾਤਮਕ ਤੇ ਦਿਮਾਗੀ ਤੌਰ ਤੇ ਆਪਣੇ ਪਤੀ ਨਾਲੋਂ ਟੁੱਟ ਚੁੱਕੀ ਹੋਵੇ ਅਤੇ ਜਦੋਂ ਇਹ ਸਥਾਪਤ ਹੋ ਗਿਆ ਹੋਵੇ ਕਿ ਵਿਆਹ ਖਤਮ ਹੋ ਚੁੱਕਾ ਹੈ। ਪਤਨੀ ਲਈ ਇਹ ਮਜਬੂਰੀ ਕਿ ਉਹ ਤਲਾਕ ਦੀ ਅਰਜ਼ੀ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਪਤੀ ਦੀ ਸਹਿਮਤੀ ਲਵੇ, ਇਹ ਲਿੰਗਕ ਨਿਆਂ ਦੇ ਸਿਧਾਂਤਾਂ ਅਤੇ ਸੰਵਿਧਾਨ ਦੇ ਆਰਟੀਕਲ 14 ਅਤੇ 21 ਦੀ ਉਲੰਘਣਾ ਹੈ।" ਇਹ ਦੇਖਿਆ ਗਿਆ ਕਿ ਜਿਹੜੀਆਂ ਧਿਰਾਂ ਨੇ ਆਪਸੀ ਸਹਿਮਤੀ ਨਾਲ ਤਲਾਕ ਲੈਣ ਲਈ ਅਰਜ਼ੀਆਂ ਦਿੱਤੀਆਂ ਹੋਣ ਤਾਂ ਕਿਸੇ ਇਕ ਧਿਰ ਵਲੋਂ ਅਦਾਲਤੀ ਕਾਰਵਾਈ ਤੋਂ ਆਪਣੇ ਆਪ ਨੂੰ ਗ਼ੈਰ ਹਾਜ਼ਰ ਰੱਖਣ ਨਾਲ ਦੂਜੀ ਧਿਰ ਨੂੰ ਨੁਕਸਾਨ ਹੁੰਦਾ ਹੈ ਅਤੇ ਤਲਾਕ ਦੀ ਕਾਰਵਾਈ ਨਾਮੁਕੰਮਲ ਰਹਿੰਦੀ ਹੈ।

## ਔਰਤਾਂ ਦੇ ਰਾਖਵਾਂਕਰਨ ਬਾਰੇ ਬਿੱਲ, ਸੰਵਿਧਾਨ (108ਵੀਂ ਸੋਧ) ਬਿੱਲ, 2008

ਔਰਤਾਂ ਦੇ ਰਾਖਵੇਂਕਰਨ ਬਾਰੇ ਬਿੱਲ ਦੀ

18 ਸਾਲਾਂ ਦੀ ਯਾਤਰਾ ਨਾਟਕੀ ਅਤੇ ਸੰਸਦ ਵਿੱਚ ਅੜਿੱਕਿਆਂ ਨਾਲ ਭਰਪੂਰ ਸੀ, ਜਦੋਂ ਤੱਕ ਇਤਿਹਾਸਕ ਕਦਮ ਚੁੱਕਦਿਆਂ 2010 ਵਿੱਚ ਪਹਿਲੇ ਵਿਧਾਨਕ ਅੜਿੱਕੇ ਨੂੰ ਪਾਰ ਕਰਕੇ ਇਸ ਨੂੰ ਪਾਸ ਨਹੀਂ ਕਰ ਦਿੱਤਾ ਗਿਆ। ਔਰਤਾਂ ਦੇ ਰਾਖਵੇਂਕਰਨ ਬਾਰੇ ਬਿੱਲ ਵਜੋਂ ਜਾਣੇ ਜਾਂਦੇ ਬਿੱਲ ਵਿੱਚ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਇਕ ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦੀ ਮੰਗ ਕੀਤੀ ਗਈ ਹੈ। ਯੂ ਪੀ ਏ-1 ਸਰਕਾਰ ਵਲੋਂ ਮਈ 2008 ਵਿੱਚ ਪੇਸ਼ ਕੀਤਾ ਇਹ ਬਿੱਲ ਇਹ ਪ੍ਰਾਵਧਾਨ ਵੀ ਕਰਦਾ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਲਈ ਰਾਖਵੀਆਂ ਕੁੱਲ ਸੀਟਾਂ ਵਿੱਚੋਂ ਇਕ ਤਿਹਾਈ ਸੀਟਾਂ ਇਨ੍ਹਾਂ ਸਮੂਹਾਂ ਦੀਆਂ ਔਰਤਾਂ ਲਈ ਰਾਖਵੀਆਂ ਕੀਤੀਆਂ ਜਾਣ। ਇਹੋ ਜਿਹੇ ਬਿੱਲ 90ਵਿਆਂ ਦੇ ਅਖੀਰ ਵਿੱਚ ਤਿੰਨ ਵਾਰ ਪਹਿਲਾਂ ਵੀ ਪੇਸ਼ ਕੀਤੇ ਗਏ ਸਨ ਪਰ ਸੰਬੰਧਿਤ ਲੋਕ ਸਭਾ ਭੰਗ ਹੋਣ ਨਾਲ ਇਹ ਖਤਮ ਹੋ ਗਏ।

- ਸੰਵਿਧਾਨਕ (108ਵੀਂ ਸੋਧ) ਬਿੱਲ, 2008 ਲੋਕ ਸਭਾ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਅੰਦਰ ਇਕ ਤਿਹਾਈ ਸੀਟਾਂ ਔਰਤਾਂ ਵਾਸਤੇ ਰਾਖਵੀਆਂ ਕਰਨ ਦੀ ਗੱਲ ਕਰਦਾ ਹੈ। ਰਾਖਵੀਆਂ ਸੀਟਾਂ ਦੀ ਵੰਡ ਸੰਸਦ ਵਲੋਂ ਬਣਾਈ ਕਮੇਟੀ ਵਲੋਂ ਨਿਰਧਾਰਤ ਕੀਤੀ ਜਾਵੇਗੀ।

- ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਅੰਦਰ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਲਈ ਰਾਖਵੀਆਂ ਕੁੱਲ ਸੀਟਾਂ ਵਿੱਚੋਂ ਇਕ ਤਿਹਾਈ ਇਨ੍ਹਾਂ ਸਮੂਹਾਂ ਦੀਆਂ ਔਰਤਾਂ ਲਈ ਰਾਖਵੀਆਂ ਕੀਤੀਆਂ ਜਾਣਗੀਆਂ।

- ਰਾਖਵੀਆਂ ਸੀਟਾਂ ਬਦਲਵੇਂ ਅਧਾਰ ਉਤੇ ਰਾਜਾਂ ਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਵੱਖ-ਵੱਖ ਹਲਕਿਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ।

- ਔਰਤਾਂ ਦਾ ਸ਼ਕਤੀਕਰਨ ਇਕ ਨਿਰੰਤਰ ਸੰਘਰਸ਼ ਹੈ ਅਤੇ ਇਸ ਨੂੰ ਸਮਾਜ ਦੇ ਸਮੂਹਿਕ ਸਹਿਯੋਗ ਤੋਂ ਬਿਨਾਂ ਅੱਗੇ ਨਹੀਂ ਵਧਾਇਆ ਜਾ ਸਕਦਾ। ਲੋੜ ਸੋਚ ਵਿੱਚ ਤਬਦੀਲੀ ਲਿਆਉਣ ਦੀ ਹੈ।

ਔਰਤਾਂ ਦੁਨੀਆਂ ਦੀ ਜਨਸੰਖਿਆ ਦਾ ਅੱਧਾ ਹਿੱਸਾ ਹਨ ਅਤੇ ਲਿੰਗਕ ਗੈਰ ਬਰਾਬਰੀ ਹਰੇਕ ਕੌਮ ਵਿੱਚ ਮੌਜੂਦ ਹੈ। ਭਾਵੇਂ ਕਿ ਵਿਕਲਪਿਕ ਮੀਡੀਆ ਇਕ ਮੰਚ ਵਜੋਂ ਅਤੇ ਜ਼ਰੂਰੀ ਸੰਚਾਰ ਤੇ ਜਾਣਕਾਰੀ ਦੇ ਅੜਿੱਕੇ ਨੂੰ ਪਾਰ ਕਰਨ ਵਾਲੇ ਪੁਲ ਦਾ ਕੰਮ ਕਰ ਸਕਦਾ ਹੈ: ਸਿੱਖਿਆ ਸਾਰੇ ਮਨੁੱਖੀ ਜੀਵਾਂ ਦਾ ਬੁਨਿਆਦੀ ਅਤੇ ਸਭ ਤੋਂ ਵੱਧ ਲੋੜੀਂਦਾ ਅਧਿਕਾਰ ਹੈ। ਜਦੋਂ ਤੱਕ ਔਰਤਾਂ ਨੂੰ ਮਰਦਾਂ ਬਰਾਬਰ ਮੌਕੇ ਪ੍ਰਦਾਨ ਨਹੀਂ ਕੀਤੇ ਜਾਂਦੇ, ਸਾਰੇ ਸਮਾਜ ਆਪਣੀ ਸਹੀ ਸਮਰੱਥਾ ਤੋਂ ਕਿਤੇ ਘੱਟ ਕਾਰਜ ਕਰਨ ਲਈ ਮਜਬੂਰ ਹੋਣਗੇ।

*(ਲੇਖਕ ਸੁਪਰੀਮ ਕੋਰਟ ਅਤੇ ਹਾਈ ਕੋਰਟ ਵਿੱਚ ਕੇਂਦਰ ਸਰਕਾਰ ਲਈ ਉੱਚ ਵਿਸ਼ੇਸ਼ ਕੌਂਸਲ ਹਨ)*

*e-mail :geetaluthra@gmail.com*

*ਸਫ਼ਾ 23 ਦਾ ਬਾਕੀ*

ਅੰਦੋਲਨ ਦੌਰਾਨ ਮੋਹਰੀ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੂੰ ਮਹਾਤਮਾ ਗਾਂਧੀ ਅਤੇ ਦੂਜੇ ਅਗੂਆਂ ਨਾਲ ਜੇਲ੍ਹ ਭੇਜਿਆ ਗਿਆ। 1942 ਵਿੱਚ 'ਭਾਰਤ ਛੱਡੋ' ਅੰਦੋਲਨ ਦੌਰਾਲ ਉਨ੍ਹਾਂ ਨੂੰ ਦੁਬਾਰਾ ਫਿਰ ਗ੍ਰਿਫਤਾਰ ਕੀਤਾ ਗਿਆ। ਬਾਅਦ ਵਿੱਚ ਸ਼੍ਰੀਮਤੀ ਨਾਇਡੂ ਆਗਰਾ ਅਤੇ ਅਵਧ ਦੇ ਸੰਯੁਕਤ ਪ੍ਰਾਂਤਾਂ ਦੇ 1947 ਤੋਂ 1949 ਤੱਕ ਪਹਿਲੇ ਮਹਿਲਾ ਰਾਜਪਾਲ ਬਣੇ।

ਇਕ ਹੋਰ ਰਾਸ਼ਟਰੀ ਨੇਤਾ, ਅਰੁਨਾ ਆਸਫ ਅਲੀ (1909-1996) ਨੇ ਕਾਂਗਰਸ ਅਤੇ ਬਾਹਰ ਬਹੁਤ ਸਨਮਾਨਯੋਗ ਸਥਾਨ ਹਾਸਲ ਕੀਤਾ। 1942 ਦੇ ਭਾਰਤ ਛੱਡੋ ਅੰਦੋਲਨ ਦੌਰਾਨ ਬੰਬਈ ਦੇ ਗੋਵਾਲੀਆ ਟੈਂਕ ਮੈਦਾਨ, ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦਾ ਝੰਡਾ ਝੁਲਾਉਣ ਲਈ ਉਨ੍ਹਾਂ ਨੂੰ ਵੱਡੇ ਪੱਧਰ ਉਤੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੂੰ 1958 ਵਿੱਚ ਦਿੱਲੀ ਦੇ ਪਹਿਲੇ ਮੇਅਰ ਵਜੋਂ ਨਿਯੁਕਤ ਕੀਤਾ ਗਿਆ। ਉਨ੍ਹਾਂ ਦੇ ਸਵਰਗਵਾਸ ਉਪਰੰਤ ਭਾਰਤ ਦਾ ਸਭ ਤੋਂ ਸਰਵੋਚ ਸਿਵਲੀਅਨ ਅਵਾਰਡ 'ਭਾਰਤ ਰਤਨ' 1997 ਵਿੱਚ ਪ੍ਰਦਾਨ ਕੀਤਾ ਗਿਆ। ਆਸਫ ਅਲੀ ਨਾਲ ਵਿਆਹ ਤੋਂ ਬਾਅਦ ਉਹ ਕਾਂਗਰਸ ਪਾਰਟੀ ਦੇ ਸਰਗਰਮ ਮੈਂਬਰ ਬਣ ਗਏ। ਨਮਕ ਸੱਤਿਆਗ੍ਰਹਿ ਦੌਰਾਨ ਉਨ੍ਹਾਂ ਨੇ ਜਨਤਕ ਪ੍ਰਦਰਸ਼ਨਾਂ ਵਿੱਚ ਭਾਗ ਲਿਆ। ਉਨ੍ਹਾਂ ਨੂੰ ਇਸ ਦੋਸ਼ ਤਹਿਤ ਗ੍ਰਿਫਤਾਰ ਕੀਤਾ ਗਿਆ ਕਿ ਉਹ ਇਕ ਘੁਮੱਕੜ ਤੇ ਅਵਾਰਾ ਇਨਸਾਨ ਹਨ ਅਤੇ 1931 ਵਿੱਚ ਗਾਂਧੀ-ਇਰਵਿਨ ਸਮਝੌਤੇ ਤਹਿਤ ਸਾਰੇ ਰਾਜਸੀ ਕੈਦੀਆਂ ਦੇ ਨਾਲ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਗਿਆ। ਬਾਕੀ ਔਰਤ ਕੈਦੀਆਂ ਨੇ ਉਦੋਂ ਤੱਕ ਜੇਲ੍ਹ ਤੋਂ ਬਾਹਰ ਆਉਣ ਤੋਂ ਨਾਂਹ ਕਰ ਦਿੱਤੀ ਜਦੋਂ ਤੱਕ ਅਰੁਣਾ ਆਸਫ ਅਲੀ ਨੂੰ ਰਿਹਾਅ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਮੋਹਨਦਾਸ ਕਰਮਚੰਦ ਗਾਂਧੀ ਦੇ ਦਖ਼ਲ ਬਾਅਦ ਹੀ ਮਨਾਇਆ ਜਾ ਸਕਿਆ। ਇਕ ਜਨਤਕ ਅੰਦੋਲਨ ਕਾਰਨ ਉਨ੍ਹਾਂ ਦੀ ਰਿਹਾਈ ਹੋਈ। 1932 ਵਿੱਚ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿੱਚ ਕੈਦੀ ਵਜੋਂ ਰੱਖਿਆ ਗਿਆ ਜਿਥੇ ਉਨ੍ਹਾਂ ਨੇ ਭੁੱਖ ਹੜਤਾਲ ਸ਼ੁਰੂ ਕਰਕੇ ਰਾਜਸੀ ਕੈਦੀਆਂ ਨਾਲ ਕੀਤੇ ਜਾਂਦੇ ਦੁਰਵਿਹਾਰ ਦਾ ਵਿਰੋਧ ਕੀਤਾ। ਉਨ੍ਹਾਂ ਦੇ ਯਤਨਾਂ ਕਾਰਨ ਤਿਹਾੜ ਜੇਲ੍ਹ ਦੇ ਹਾਲਾਤਾਂ ਵਿੱਚ ਸੁਧਾਰ ਆਇਆ ਪਰ ਉਨ੍ਹਾਂ ਨੂੰ ਅੰਬਾਲਾ ਜੇਲ੍ਹ ਤਬਦੀਲ ਕਰਕੇ ਇਕੱਲੇ ਕੈਦ ਰੱਖਿਆ ਗਿਆ। ਰਿਹਾਈ ਤੋਂ ਬਾਅਦ ਉਹ ਰਾਜਸੀ ਤੌਰ ਤੇ ਜ਼ਿਆਦਾ ਸਰਗਰਮ ਨਹੀਂ ਰਹੇ। 8 ਅਗਸਤ 1942 ਨੂੰ ਆਲ ਇੰਡੀਆ ਕਾਂਗਰਸ ਕਮੇਟੀ ਨੇ ਬੰਬਈ ਸੈਸ਼ਨ ਦੌਰਾਨ ਭਾਰਤ ਛੱਡੋ ਦਾ ਮਤਾ ਪਾਸ ਕਰ ਦਿੱਤਾ।

**ਗੱਲ ਖਤਮ ਕਰਨ ਲਈ, ਰਾਸ਼ਟਰੀ ਅੰਦੋਲਨ ਵਿੱਚ ਭਾਰਤੀ ਔਰਤਾਂ ਭਾਗੀਦਾਰੀ ਦਾ ਬਿੰਬ ਅਤੇ ਆਕਾਰ 'ਭਾਰਤ ਮਾਤਾ' ਅਤੇ ਵਿਕਟੋਰੀਅਨ ਨੈਤਿਕਤਾ ਦੀਆਂ ਬਹੁਪਰਤੀ ਕੌਮਾਂ ਤੋਂ ਲਿਆ ਗਿਆ ਸੀ। ਜਿਨ੍ਹਾਂ ਔਰਤਾਂ ਨੇ, ਰਾਸ਼ਟਰੀ ਅੰਦੋਲਨਾਂ ਦੀ ਅਗਵਾਈ ਕੀਤੀ, ਉਹ ਜ਼ਿਆਦਾਤਰ ਸਿਖਰਲੇ ਮੱਧ ਵਰਗ ਤੋਂ ਸਨ। ਫਿਰ ਵੀ ਪਿਛਲੇ ਕੁੱਝ ਸਾਲਾਂ ਵਿੱਚ ਦਲਿਤ ਅਤੇ ਕਬਾਇਲੀ ਮਹਿਲਾਵਾਂ ਭਾਰਤ ਦੇ ਇਤਿਹਾਸ ਵਿੱਚ ਭਾਗੀਦਾਰੀ ਦਾ ਦਾਅਵਾ ਕਰ ਰਹੀਆਂ ਨਜ਼ਰ ਆਉਂਦੀਆਂ ਹਨ। ਅਜਿਹੇ ਬਹੁਤ ਸਾਰੇ ਇਤਿਹਾਸ ਕਲਮਬਧ ਹੋਣ ਦੀ ਉਡੀਕ ਵਿੱਚ ਹਨ।**

*(ਲੇਖਕ ਜਵਾਹਰ ਲਾਲ ਨਹਿਰੂ ਯੂਨੀਵਰਸਟੀ ਵਿੱਚ ਸਕੂਲ ਆਫ ਸੋਸ਼ਲ ਸਾਇੰਸਿਜ਼ ਦੇ ਇਤਿਹਾਸਕ ਸਿੱਖਿਆ ਬਾਰੇ ਕੇਂਦਰ ਵਿੱਚ ਆਧੁਨਿਕ ਭਾਰਤੀ ਇਤਿਹਾਸ ਦੇ ਸਹਾਇਕ ਪ੍ਰੋਫੈਸਰ ਹਨ)*

*e-mail :jyoti_atwal@gmail.jnu.ca.in*

# ਭਾਰਤ ਵਿੱਚ ਸਕੂਲ ਸਿੱਖਿਆ ਦਾ ਲਿੰਗ ਸੰਦਰਭ : ਪ੍ਰਗਤੀ ਅਤੇ ਚੁਨੌਤੀਆਂ

ਸ਼ੈਲੇਂਦਰ ਸ਼ਰਮਾ ਅਤੇ ਡਾ. ਸ਼ਸ਼ੀਰੰਜਨ ਝਾ

## ਮੁੱਖ ਬੰਧ

ਵਿਕਾਸ ਦੇ ਚਰਚਿਆਂ ਵਿੱਚ ਔਰਤਾਂ ਦੇ ਸ਼ਕਤੀਕਰਨ ਦਾ ਵਿਚਾਰ ਮੁੱਖ ਸਥਾਨ ਰੱਖਦਾ ਹੈ। ਵਿਕਾਸ ਚਰਚਿਆਂ ਵਿੱਚ ਔਰਤਾਂ ਦੇ ਸ਼ਕਤੀਕਰਨ ਦਾ ਕੇਂਦਰ ਬਿੰਦੂ ਸਮਾਜ ਵਿੱਚ ਬਰਾਬਰ ਮੌਕਿਆਂ ਦੇ ਤਰੀਕਿਆਂ ਨਾਲ ਨੇੜੇ ਤੋਂ ਜੁੜਿਆ ਹੋਇਆ ਹੈ। ਪਰ ਅਸਲੀਅਤ ਇਹ ਹੈ ਕਿ ਔਰਤਾਂ ਦੇ ਸ਼ਕਤੀਕਰਨ ਦੀ ਪ੍ਰਾਪਤੀ ਇਕ ਛਲਾਵਾ ਜਿਹਾ ਟੀਚਾ ਹੀ ਰਿਹਾ ਹੈ। ਔਰਤਾਂ ਨੂੰ ਹਾਸ਼ੀਏ ਉਤੇ ਲਗਾਉਣ ਦੀਆਂ ਉਦਾਹਰਣਾਂ ਭਰੀਆਂ ਪਈਆਂ ਹਨ ਪਰ ਫਿਰ ਵੀ ਹਾਸ਼ੀਏ ਉਤੇ ਲਗਾਉਣ ਦੀਆਂ ਪ੍ਰਕਿਰਿਆਵਾਂ ਵਿੱਚ ਨੀਤੀਗਤ ਦਖਲਅੰਦਾਜ਼ੀ ਕਰਨ ਅਤੇ ਉਨ੍ਹਾਂ ਨੂੰ ਰੋਕਣ ਦੇ ਉਪਰਾਲੇ ਤੁੱਛ ਮਾਤਰ ਹੀ ਹਨ। ਵਿਕਾਸ ਪ੍ਰਕਿਰਿਆ ਵਿੱਚ ਬੁਨਿਆਦੀ ਦੋਗਲਾਪਨ ਔਰਤਾਂ ਦੀ ਸਮਾਜ ਵਿੱਚ ਫੈਸਲੇ ਲੈਣ ਵਿੱਚ ਭਾਗੀਦਾਰੀ ਦੀ ਅਣਗਹਿਲੀ ਅਤੇ ਉਨ੍ਹਾਂ ਨੂੰ ਕਿਸੇ ਧਰਮ ਗਰੰਥ ਦੀ ਮੂਰਤੀ ਦੀ ਤਰ੍ਹਾਂ ਰੂੜੀਬੱਧ ਕਰਨਾ ਸਪੱਸ਼ਟ ਝਲਕਦਾ ਹੈ। ਲੰਬੇ ਸਮੇਂ ਤੋਂ ਚਲਿਆ ਆ ਰਿਹਾ ਇਤਿਹਾਸਕ ਤੱਥ ਸਾਨੂੰ ਯਾਦ ਕਰਾਉਂਦਾ ਹੈ ਕਿ ਅਜਿਹਾ ਦੋਗਲਾਪਨ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਮੌਕਿਆਂ ਤੋਂ ਵਿਸ਼ੇਸ਼ ਕਰਕੇ ਵਾਂਝਿਆ ਰਖਣ ਦਾ ਪ੍ਰਗਟਾਵਾ ਹੈ।

ਲਿੰਗ ਭੇਦ ਅਤੇ ਹਾਸ਼ੀਏ ਉਤੇ ਰੱਖਣ ਨੂੰ ਸਮਾਜਕ ਨਿਆਂ ਦੇ ਵੱਡੇ ਸੰਦਰਭ ਵਿੱਚ ਸਮਝਣ ਦੀ ਲੋੜ ਹੈ। ਜਿਥੇ ਕਿਸੇ ਵੀ ਸਮਾਜ ਦੀ ਆਰਥਿਕ ਪ੍ਰਣਾਲੀ, ਹਾਸ਼ੀਏ ਉਤੇ ਰਖਣ ਦੀ ਕਿਸਮ ਅਤੇ ਉਸ ਦੇ ਤਾਣੇ-ਬਾਣੇ ਦੀ ਵਿਆਖਿਆ ਕਰਦੀ ਹੈ, ਹਾਸ਼ੀਏਪਨ ਦੀ ਪ੍ਰਕਿਰਿਆ ਅਤੇ ਹੋਂਦ ਆਰਥਿਕ ਪ੍ਰਣਾਲੀ ਦੇ ਸਜੀਵ ਢਾਂਚੇ ਤੋਂ ਵੀ ਅੱਗੇ ਜਾਂਦੀ ਹੈ। ਸਹੀ ਅਰਥਾਂ ਵਿੱਚ ਹਾਸ਼ੀਏਪਨ ਨੂੰ ਪਛਾਣ, ਇੱਜ਼ਤ ਅਤੇ ਵੱਖਰੇਪਨ ਦੇ ਰੂਪ ਜੋ ਉਨ੍ਹਾਂ ਮੌਕਿਆਂ ਵਿੱਚ ਛੁਪੇ ਹੁੰਦੇ ਹਨ ਜੋ ਔਰਤਾਂ ਦੀ ਉੱਚ ਪੱਧਰ ਦੀ ਸਿੱਖਿਆ ਤੱਕ ਪਹੁੰਚ ਬਣਾਉਂਦੇ ਹਨ, ਨੂੰ ਜਾਂਚਣ ਦੀ ਲੋੜ ਹੈ। ਇਹ ਹਾਲਾਤ ਅੰਤ ਵਿੱਚ, ਔਰਤਾਂ ਨੂੰ ਆਮ ਤੌਰ ਤੇ ਅਤੇ ਖ਼ਾਸ ਕਰਕੇ ਉਨ੍ਹਾਂ ਔਰਤਾਂ ਨੂੰ ਜੋ ਸਮਾਜਕ ਤੌਰ ਤੇ ਥੁੜ੍ਹੇ ਗਰੁੱਪਾਂ ਵਿੱਚ ਹਨ, ਸਮਾਜਕ ਵੱਖਰੇਪਨ ਵੱਲ ਧੱਕ ਦਿੰਦਾ ਹੈ।

ਸਮਾਜ ਵਿੱਚ ਔਰਤਾਂ ਦੀ ਅਧੀਨਗੀ ਅਤੇ ਸਿੱਖਿਆ ਦੀ ਲਗਾਤਾਰ ਦਰਜ਼ਾਬੰਦੀ ਦਾ ਸਿੱਟਾ ਨੀਤੀ ਪੱਧਰ ਉਤੇ ਲਿੰਗ ਅਸਮਾਨਤਾ ਲਈ ਮਿਨਮਿਆਨਾ ਜਿਹਾ ਹੀ ਰਿਹਾ ਹੈ। ਔਰਤਾਂ ਲਈ ਸਿੱਖਿਆ ਵਿੱਚ ਰਾਖਵੇਂਕਰਨ ਜਾਂ ਉਨ੍ਹਾਂ ਲਈ ਵਿਸ਼ੇਸ਼ ਸੰਸਥਾਨ ਖੋਲ੍ਹ ਕੇ ਉਨ੍ਹਾਂ ਦਾ ਸਿੱਖਿਆ ਵਿੱਚ ਦਰਜਾ ਵਧਾਉਣ ਦੀਆਂ ਨੇਮਬਧ ਕੋਸ਼ਿਸ਼ਾਂ ਰਹੀਆਂ ਹਨ। ਪਰ ਸ਼ਾਇਦ ਹੀ ਕੋਈ ਅਜਿਹੀ ਠੋਸ ਕੋਸ਼ਿਸ਼ ਹੋਈ ਹੋਵੇ ਜੋ ਸਿਰਫ ਉਨ੍ਹਾਂ ਦੀ ਭਾਗੀਦਾਰੀ ਨਾ ਰਹਿ ਕੇ ਉਨ੍ਹਾਂ ਨੂੰ ਪਛਾਣ, ਇੱਜ਼ਤ ਅਤੇ ਵੱਖਰੇਪਨ ਦਾ ਰੂਪ ਦੇਣ ਵਾਲੀ ਹੋਵੇ। ਸਿੱਖਿਆ ਦੇ ਖੇਤਰ ਵਿੱਚ ਔਰਤਾਂ ਦਾ ਹਾਸ਼ੀਆਪਨ ਜੇਕਰ ਬਹੁਤ ਵਧਾਇਆ ਨਹੀਂ ਜਾਂਦਾ ਤਾਂ ਅਸਰਦਾਰ ਤਰੀਕੇ ਜ਼ਰੂਰ ਬਣਾ ਕੇ ਰਖਿਆ ਜਾਂਦਾ ਹੈ।

ਦੇਸ਼ ਦੇ ਨੀਤੀ ਖੇਤਰਾਂ ਵਿੱਚ ਲੜਕੀਆਂ ਦੀ ਸਿੱਖਿਆ ਬਾਰੇ ਪਛਾਣ ਵਧ ਰਹੀ ਹੈ। ਉਦਾਹਰਣ ਦੇ ਤੌਰ ਤੇ, 12ਵੀਂ ਪੰਜ ਸਾਲਾ ਯੋਜਨਾ ਵਿੱਚ ਲੜਕੀਆਂ ਦੀ ਸਿੱਖਿਆ ਨੂੰ ਇਕ ਨਾਜ਼ੁਕ ਮੁੱਦਾ ਕਿਹਾ ਗਿਆ ਹੈ। ਇਹ ਨਾ ਸਿਰਫ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਚਲਣ ਦੇ ਕਾਬਲ ਬਣਾਉਣਾ ਹੈ ਸਗੋਂ ਮੁੜ ਤੋਂ ਜ਼ੋਰ ਦੇ ਕੇ ਕਿਹਾ ਗਿਆ ਕਿ ਲੜਕੀਆਂ ਦੀ ਸਿੱਖਿਆ ਨੂੰ ਰਾਸ਼ਟਰੀ ਸਿੱਖਿਆ ਨੀਤੀ 1986 ਦੇ ਸੰਦਰਭ ਵਿੱਚੇ ਦੇਖਣਾ ਚਾਹੀਦਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਸਿੱਖਿਆ ਇਕ ਬਦਲਾਉ ਦੀ ਸ਼ਕਤੀ ਹੋਣੀ ਚਾਹੀਦੀ ਹੈ ਜੋ ਔਰਤਾਂ ਦਾ ਆਤਮ ਵਿਸ਼ਵਾਸ ਬਣਾਏ ਅਤੇ ਸਮਾਜ ਵਿੱਚ ਉਨ੍ਹਾਂ ਦੇ ਸਥਾਨ ਵਿੱਚ ਸੁਧਾਰ ਲਿਆਵੇ।

ਪਰ 12ਵੀਂ ਯੋਜਨਾ ਦੌਰਾਨ ਇਹ ਕੰਮ ਸਖਤੀ ਨਾਲ ਨਹੀਂ ਕੀਤਾ ਗਿਆ। ਕਿਸੇ ਵੀ ਦਖ਼ਲਅੰਦਾਜ਼ੀ ਨੂੰ ਇਸ ਤਰ੍ਹਾਂ ਤਿਆਰ ਕਰਨ ਦੀ ਲੋੜ ਹੈ ਕਿ ਸਿੱਖਿਆ ਵਿੱਚ ਲਿੰਗ ਸਮਾਨਤਾ ਦਾ ਅਧਿਕਾਰ, ਉੱਤਮਤਾ ਦਾ ਵਿਸ਼ਾ ਅਤੇ ਸਮਾਨਤਾ ਦਾ ਵਿਸ਼ਾ ਲਗੇ। ਸ਼ਾਇਦ ਸਿਰਫ ਲਿੰਗ ਸੰਵੇਦਨਸ਼ੀਲ ਪਾਠਕ੍ਰਮ, ਬਾਲ ਸਿੱਖਿਅਕ ਰਹੁ-ਰੀਤਾਂ, ਅਧਿਆਪਕਾਂ ਦੀ ਸਿਖਲਾਈ ਅਤੇ ਮੁਲਾਂਕਣ ਤੋਂ 'ਕੁੱਝ ਵੱਧ' ਕਰਨ ਦੀ ਲੋੜ ਹੈ।


### ਲੜਕੀਆਂ ਦੀ ਸਿੱਖਿਆ

ਰਵਾਇਤੀ ਤੌਰ ਤੇ, ਸਿੱਖਿਆ ਦੇ ਮੌਕਿਆਂ ਵਿੱਚ ਸਭ ਸਮਾਜ ਮਰਦਾਂ ਨੂੰ ਔਰਤਾਂ ਨਾਲੋਂ ਵਧੇਰੇ ਤਰਜੀਹ ਦਿੰਦੇ ਹਨ ਅਤੇ ਅੱਜ ਸਿੱਖਿਆ ਹਾਸਲ ਕਰਨ ਅਤੇ ਸਾਖਰਤਾ ਮਿਆਰ ਅਜਿਹੇ ਨਮੂਨੇ ਦਰਸਾਉਂਦੇ ਹਨ ਜੋ ਭੂਤ ਵਿੱਚ ਚੱਲ ਰਹੀਆਂ ਸਮਾਜਕ ਅਤੇ ਸਿੱਖਿਆ ਨੀਤੀਆਂ ਅਤੇ ਰਹੁ-ਰੀਤਾਂ ਅਨੁਸਾਰ ਢਾਲੇ ਗਏ ਹਨ। ਸਿੱਟੇ ਵਜੋਂ, ਲਗਭਗ ਸਭ ਦੇਸ਼ ਕਿਸੇ ਨਾ ਕਿਸੇ ਕਿਸਮ ਦੇ ਲਿੰਗ ਭੇਦ ਦਾ ਸ਼ਿਕਾਰ ਹੋਏ ਹਨ। ਸਮੁੱਚੇ ਘਰੇਲੂ ਵਿਕਾਸ ਅਤੇ ਸਿੱਖਿਆ ਹਾਸਲ ਕਰਨ

ਵਿੱਚ ਇਕ ਮਜ਼ਬੂਤ ਆਪਸੀ ਰਿਸ਼ਤਾ ਹੋਣ ਕਾਰਨ, ਸਭ ਦੇਸ਼ ਆਪਣੇ ਮਾਨਵੀ ਸਰੋਤਾਂ ਦਾ ਵਧੀਆ ਤੋਂ ਵਧੀਆ ਇਸਤੇਮਾਲ ਕਰਨ ਲਈ ਪ੍ਰੇਰਕ ਦਿੰਦੇ ਹਨ। ਸਿੱਖਿਆ ਅਤੇ ਲਿੰਗ ਭੇਦ ਉਪਰ ਵਿਚਾਰ ਕਰਨ ਲਈ, ਲਿੰਗ ਨਰਪੱਖਤਾ ਅਤੇ ਲਿੰਗ ਸਮਾਨਤਾ ਨੂੰ ਸਮਝਣਾ ਲਾਭਕਾਰੀ ਹੋਵੇਗਾ। ਧਰਮਨਿਰਪੱਖਤਾ ਯਕੀਨੀ ਬਣਾਉਣ ਲਈ ਜੋ ਥੋੜ੍ਹਾ ਬਹੁਤ ਕੁਝ ਵਾਧੂ ਲੋੜੀਂਦਾ ਹੁੰਦਾ ਹੈ, ਸਮਾਂ ਉਸ ਨੂੰ ਪੂਰਾ ਕਰਦਾ ਹੈ।

## ਰਾਸ਼ਟਰੀ ਸਿੱਖਿਆ ਨੀਤੀ 1986 (1992 ਵਿੱਚ ਤਰਮੀਮ ਕੀਤੀ)


ਇਤਿਹਾਸਕ ਤੌਰ ਤੇ, ਆਜ਼ਾਦੀ ਤੋਂ ਲੈ ਕੇ ਹੁਣ ਤੱਕ, ਵੱਖ-ਵੱਖ ਸਿੱਖਿਆ ਨੀਤੀਆਂ, ਖ਼ਾਸ ਤੌਰ ਤੇ ਰਾਸ਼ਟਰੀ ਸਿੱਖਿਆ ਨੀਤੀ 1986/1992 ਵਿੱਚ ਸਿੱਖਿਆ ਵਿੱਚ ਸਮਾਨਤਾ ਉਪਰ ਅਤੇ ਅਸਮਾਨਤਾਵਾਂ ਘਟਾਉਣ ਉਪਰ ਜ਼ੋਰ ਦਿੱਤਾ ਗਿਆ ਹੈ। ਸਿੱਖਿਆ ਨੂੰ ਔਰਤਾਂ ਦੇ ਦਰਜੇ ਵਿੱਚ ਬਦਲਾਅ ਲਿਆਉਣ ਵਾਲੇ ਇਕ ਬੁਨਿਆਦੀ ਏਜੰਟ ਦੇ ਤੌਰ ਤੇ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਇਹ ਸੋਚਿਆ ਗਿਆ ਸੀ ਕਿ ਨੀਤੀ, ਇਕੱਠੀਆਂ ਹੋਈਆਂ ਊਣਤਾਈਆਂ ਨੂੰ ਔਰਤਾਂ ਦੇ ਪੱਖ ਵਿੱਚ ਸੋਚੇ ਸਮਝੇ ਝੁਕਾਅ ਕਾਰਨ ਖਤਮ ਕਰ ਦੇਵੇਗੀ। ਇਹ ਨਵੀਆਂ ਕਦਰਾਂ ਕੀਮਤਾਂ ਸੋਧੇ ਪਾਠਕ੍ਰਮ, ਪਾਠ ਪੁਸਤਕਾਂ, ਅਧਿਆਪਕਾਂ, ਫੈਸਲੇ ਲੈਣ ਵਾਲਿਆਂ ਅਤੇ ਪ੍ਰਬੰਧਕਾਂ ਦੀ ਸਿਖਲਾਈ ਅਤੇ ਜਾਣਕਾਰੀ ਅਤੇ ਵਿਦਿਅਕ ਸੰਸਥਾਨਾਂ ਦੀ ਸਰਗਰਮ ਭਾਗੀਦਾਰੀ ਨਾਲ ਸਥਾਪਤ ਕਰੇਗੀ। ਔਰਤਾਂ ਦੀ ਅਨਪੜ੍ਹਤਾ ਖਤਮ ਕਰਨ ਅਤੇ ਉਸ ਤੱਕ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਮੁੱਢਲੀ ਸਿੱਖਿਆ ਤੱਕ ਪਹੁੰਚ ਅਤੇ ਉਸ ਵਿੱਚ ਬਣਾ ਕੇ ਰਖਣ ਨੂੰ ਵਿਸ਼ੇਸ਼ ਮਦਦਗਾਰੀ ਸੇਵਾਵਾਂ, ਸਮੇਂਬਧ ਟੀਚੇ ਮਿਥਣ ਅਤੇ ਅਸਰਦਾਰ ਨਿਗਰਾਨੀ ਰਾਹੀਂ ਸਭ ਤੋਂ ਵੱਧ ਪਹਿਲ ਦਿੱਤੀ ਜਾਵੇਗੀ। ਗ਼ੈਰ ਭੇਦਭਾਵ ਦੀ ਨੀਤੀ ਨੂੰ ਵਿਵਸਾਇਕ ਅਤੇ ਵਿਵਹਾਰਕ ਕੋਰਸਾਂ ਵਿੱਚ ਲਿੰਗ ਭੇਦ ਰੂੜੀਵਾਦਤਾ ਖਤਮ ਕਰਨ ਲਈ ਅਤੇ ਔਰਤਾਂ ਦਾ ਗ਼ੈਰ ਰਸਮੀ ਕਿੱਤਿਆਂ ਵਿੱਚ ਅਤੇ ਅੱਜਕੱਲ੍ਹ ਚਾਲੂ ਤਕਨਾਲੋਜੀਆਂ ਅਤੇ ਵਿਕਸਤ ਹੋ ਰਹੀਆਂ ਤਕਨਾਲੋਜੀਆਂ ਵਿੱਚ ਭਾਗੀਦਾਰੀ ਨੂੰ ਉਤਸ਼ਾਹ ਦੇਣ ਲਈ ਬਹੁਤ ਜ਼ੋਰ ਨਾਲ ਲਾਗੂ ਕੀਤਾ ਜਾਵੇਗਾ। ਰਾਸ਼ਟਰੀ ਸਿੱਖਿਆ ਨੀਤੀ ਦੇ ਨੀਤੀਗਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਈ ਰਾਜ ਪੱਧਰੀ ਅਤੇ ਰਾਸ਼ਟਰੀ ਸਿੱਖਿਆ ਪ੍ਰੋਗਰਾਮ, ਜਿਵੇਂ ਕਿ ਮੁੱਢਲੀ ਸਿੱਖਿਆ ਪ੍ਰੋਗਰਾਮ, ਉਪਰੇਸ਼ਨ ਬਲੈਕ ਬੋਰਡ, ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਿੱਖਿਆ ਪ੍ਰੋਗਰਾਮ, ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਿਮਿਕ ਸਿੱਖਿਆ ਅਭਿਆਨ ਚਲਾਏ ਗਏ। ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਕਾਨੂੰਨ 2009 (ਆਰ ਟੀ ਈ ਐਕਟ) ਦੇਸ਼ ਵਿੱਚ ਬੁਨਿਆਦੀ ਸਿੱਖਿਆ ਦਾ ਇਕ ਮੀਲ ਪੱਥਰ ਸੀ।




> "ਇਕ ਮਰਦ ਨੂੰ ਸਿੱਖਿਆ ਦਿਉ, ਤੁਸੀ ਇਕ ਵਿਅਕਤੀ ਨੂੰ ਸਿੱਖਿਅਤ ਕਰ ਰਹੇ ਹੋ, ਪਰ ਇਕ ਔਰਤ ਨੂੰ ਸਿੱਖਿਆ ਦਿਉ ਅਤੇ ਤੁਸੀਂ ਪੂਰੀ ਸਭਿਅਤਾ ਨੂੰ ਸਿੱਖਿਅਤ ਕਰ ਰਹੇ ਹੋ।"
>
> – ਮਹਾਤਮਾ ਗਾਂਧੀ

## ਨਵੀਂ ਸਿੱਖਿਆ ਨੀਤੀ 2016 ਅਨੁਸਾਰ ਕੁੱਝ ਚੁਨੌਤੀਆਂ (ਕੁੱਝ ਆਦਾਨ ਰਾਸ਼ਟਰੀ ਸਿੱਖਿਆ ਨੀਤੀ 2016 ਦੇ ਖਰੜੇ ਲਈ)

ਰਾਸ਼ਟਰੀ ਸਿੱਖਿਆ ਨੀਤੀ 2016 ਲਈ ਆਦਾਨ ਦਰਸਾਉਂਦੇ ਹਨ ਕਿ ਨੌਜਵਾਨਾਂ ਅਤੇ ਬਾਲਗਾਂ ਵਿੱਚ ਸਾਖਰਤਾ ਦਰ ਵਿੱਚ ਵਧੇਰੇ ਲਿੰਗ ਫਰਕ ਇਕ ਮੁੱਖ ਚੁਨੌਤੀ ਹੈ। ਭਾਰਤ ਵਿੱਚ ਨੌਜਵਾਨਾਂ ਦੀ ਸਾਖਰਤਾ ਦਰ ਵਿੱਚ ਲਿੰਗ ਫਰਕ (8.2 ਪ੍ਰਤਿਸ਼ਤ) ਹੈ ਜਿਥੇ ਨੌਜਵਾਨ ਮਰਦ ਸਾਖਰਤਾ ਦਰ (15-24 ਸਾਲ ਦੀ ਉਮਰ) 90 ਪ੍ਰਤਿਸ਼ਤ ਹੈ ਅਤੇ ਨੌਜਵਾਨ ਔਰਤ ਸਾਖਰਤਾ ਦਰ 81.8 ਪ੍ਰਤਿਸ਼ਤ ਹੈ। ਭਾਰਤ ਬਾਲਗ ਸਾਖਰਤਾ ਦਰ ਵਿੱਚ ਲਗਾਤਾਰ ਵੱਡੇ ਲਿੰਗ ਫਰਕ (19.5 ਪ੍ਰਤਿਸ਼ਤ) ਵਾਲਾ ਦੇਸ਼ ਰਹਿ ਰਿਹਾ ਹੈ। ਇਹ ਸਪੱਸ਼ਟ ਹੈ ਕਿ ਔਰਤਾਂ ਅਤੇ ਲੜਕੀਆਂ ਦੀ



ਸਾਖਰਤਾ ਦਰ ਵਧਾਉਣ ਦੀ ਲੋੜ ਹੈ।

## ਲੜਕੀਆਂ ਦੀ ਸਿੱਖਿਆ ਵਿੱਚ ਭਾਗੀਦਾਰੀ ਵਧਾਉਣ ਲਈ ਪ੍ਰੋਗਰਾਮ

ਔਰਤਾਂ ਦੀ ਸਿੱਖਿਆ ਵਿੱਚ ਤੇਜ਼ੀ ਲਿਆਉਣ ਲਈ ਭਾਰਤ ਸਰਕਾਰ ਨੇ ਕਈ ਪ੍ਰੋਗਰਾਮ ਸ਼ੁਰੂ ਕੀਤੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ, ਲੜਕੀਆਂ ਦੀ ਸਿੱਖਿਆ ਦਾ ਬੁਨਿਆਦੀ ਪੱਧਰ ਦਾ ਰਾਸ਼ਟਰੀ ਪ੍ਰੋਗਰਾਮ, ਮਹਿਲਾ ਸਮੱਖਿਆ ਅਤੇ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ। ਹਾਲ ਹੀ ਵਿੱਚ ਸਰਕਾਰ ਨੇ ਇਸ ਪੈਕੇਜ ਵਿੱਚ ਦੋ ਹੋਰ ਵੱਡੇ ਪ੍ਰੋਗਰਾਮ ਸਬਲ ਅਤੇ ਬੇਟੀ ਬਚਾਓ, ਬੇਟੀ ਪੜ੍ਹਾਓ ਜੋੜ ਦਿੱਤੇ ਹਨ।

ਸਬਲ ਇਕ ਕੇਂਦਰ ਦੀ ਸਰਪ੍ਰਸਤੀ ਵਾਲਾ ਪ੍ਰੋਗਰਾਮ ਹੈ ਜੋ ਭਾਰਤ ਸਰਕਾਰ ਦੇ ਔਰਤਾਂ ਅਤੇ ਬਾਲ ਵਿਕਾਸ ਮੰਤਰਾਲੇ ਨੇ 1 ਅਪ੍ਰੈਲ 2011 ਨੂੰ ਸ਼ੁਰੂ ਕੀਤਾ ਸੀ। ਇਸ ਪੋਗਰਾਮ ਅਧੀਨ, ਦੇਸ਼ ਦੇ ਸਭ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 200 ਚੁਣੇ ਹੋਏ ਜ਼ਿਲ੍ਹਿਆਂ ਵਿੱਚ 11-18 ਸਾਲ ਦੀਆਂ ਕਿਸ਼ੋਰ ਲੜਕੀਆਂ ਨੂੰ ਆਈ ਸੀ ਡੀ ਐੱਸ ਪ੍ਰਜੈਕਟਾਂ ਅਧੀਨ ਲਿਆਂਦਾ ਜਾਵੇਗਾ। ਇਸ ਸਕੀਮ ਦੇ ਮੁੱਖ ਉਦੇਸ਼ ਹਨ, ਕਿਸ਼ੋਰ ਲੜਕੀਆਂ ਦਾ ਖੁਦ ਵਿਕਾਸ ਅਤੇ ਸ਼ਕਤੀਕਰਨ, ਉਨ੍ਹਾਂ ਦੀ ਸਿਹਤ ਅਤੇ ਪੌਸ਼ਟਿਕ ਖੁਰਾਕ ਵਿੱਚ ਸੁਧਾਰ ਅਤੇ ਸਿਹਤ, ਸਾਫ ਸਫਾਈ, ਪੌਸ਼ਟਿਕ ਖੁਰਾਕ, ਕਿਸ਼ੋਰ ਜਣਨ ਅਤੇ ਲਿੰਗ ਸਿਹਤ ਅਤੇ ਬੱਚਿਆਂ ਦੀ ਸਾਂਭ ਸੰਭਾਲ ਬਾਰੇ ਜਾਗਰੂਕਤਾ ਫੈਲਾਉਣਾ। ਇਸ ਪ੍ਰੋਗਰਾਮ ਦਾ ਉਦੇਸ਼ ਉਨ੍ਹਾਂ ਦੀਆਂ ਘਰ ਅਧਾਰਤ ਮੁਹਾਰਤਾਂ, ਜੀਵਨ ਦੀਆਂ ਮੁਹਾਰਤਾਂ ਅਤੇ ਵਿਵਸਾਈ ਮੁਹਾਰਤਾਂ ਨੂੰ ਵਧਾਉਣਾ ਵੀ ਹੈ। ਇਸ ਪ੍ਰਜੈਕਟ ਵਿੱਚ ਸਕੂਲ ਛੱਡੀਆਂ ਕਿਸ਼ੋਰ ਲੜਕੀਆਂ ਨੂੰ ਮੁੜ ਤੋਂ ਰਸਮੀ ਅਤੇ ਗੈਰ ਰਸਮੀ ਸਿੱਖਿਆ ਵਿੱਚ ਲਿਆਉਣਾ ਹੈ। ਕਿਸ਼ੋਰ ਲੜਕੀਆਂ ਨੂੰ ਚਾਲੂ ਜਨਤਕ ਸੇਵਾਵਾਂ, ਜਿਵੇਂ ਕਿ ਪ੍ਰਾਇਮਰੀ ਸਿਹਤ ਕੇਂਦਰ, ਡਾਕਘਰ, ਬੈਂਕ, ਪੁਲਿਸ ਸਟੇਸ਼ਨ ਅਤੇ ਹੋਰਨਾ ਬਾਰੇ ਜਾਣਕਾਰੀ ਦਿੱਤੀ ਜਾਵੇਗੀ।


ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਉਦੇਸ਼ ਹੈ ਔਰਤਾਂ ਲਈ ਚਲ ਰਹੀਆਂ ਸਕੀਮਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਦੀ ਕੁਸ਼ਲਤਾ ਵਧਾਉਣਾ। ਇਹ ਸਕੀਮ 100 ਕਰੋੜ ਰੁਪਏ (15 ਮਿਲੀਅਨ ਅਮਰੀਕੀ ਡਾਲਰ) ਦੀ ਮੁੱਢਲੀ ਪੂੰਜੀ ਨਾਲ ਸ਼ੁਰੂ ਕੀਤੀ ਗਈ ਸੀ। ਬੇਟੀ ਬਚਾਉ, ਬੇਟੀ ਪੜ੍ਹਾਓ ਸਕੀਮ ਅਕਤੂਬਰ 2014 ਵਿੱਚ ਘਟ ਰਹੇ ਲਿੰਗ ਅਨੁਪਾਤ ਨੂੰ ਰੋਕਣ ਲਈ ਸ਼ੁਰੂ ਕੀਤੀ ਗਈ ਸੀ। ਇਹ ਦੇਸ਼ ਦੇ 100 ਚੋਣਵੇਂ ਜ਼ਿਲ੍ਹਿਆਂ ਵਿੱਚ, ਜੋ ਸਭ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਹਨ, ਬਹੁ-ਪੱਖੀ ਕਾਰਜ ਪ੍ਰਣਾਲੀ ਉਪਰ ਜ਼ੋਰ ਦੇ ਕੇ ਇਕ ਰਾਸ਼ਟਰੀ ਮੁਹਿੰਮ ਦੇ ਤੌਰ ਤੇ, ਘੱਟ ਲਿੰਗ ਅਨੁਪਾਤ ਵਾਲੇ ਜ਼ਿਲ੍ਹਿਆਂ ਵਿੱਚ ਲਾਗੂ ਕੀਤੀ ਜਾ ਰਹੀ ਹੈ। ਇਹ ਔਰਤਾਂ ਅਤੇ ਬਾਲ ਵਿਕਾਸ ਮੰਤਰਾਲਾ, ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਅਤੇ ਮਨੁੱਖੀ ਸਰੋਤ ਵਿਕਾਸ ਮੰਤਰਾਲਾ ਦੀ ਸਾਂਝੀ ਪਹਿਲ ਹੈ।

## ਹਾਲ ਦੀਆਂ ਪ੍ਰਾਪਤੀਆਂ ਅਤੇ ਚੁਨੌਤੀਆਂ ਦੀ ਪੜਚੋਲ


***ਸਾਖਰਤਾ ਦਰ :*** ਭਾਰਤ ਵਿੱਚ ਦੁਨੀਆਂ ਭਰ ਦੀ ਅਨਪੜ੍ਹਤਾ (77 ਕਰੋੜ 40 ਲੱਖ ਬਾਲਗ) ਦਾ ਇਕ ਤਿਹਾਈ ਤੋਂ ਵੱਧ ਹਿੱਸਾ (28 ਕਰੋੜ 70 ਲੱਖ) ਹੈ। ਦੁਨੀਆਂ ਵਿੱਚ ਕੁੱਲ ਅਨਪੜ੍ਹਾਂ ਦਾ ਦੋ ਤਿਹਾਈ ਹਿੱਸਾ ਔਰਤਾਂ ਹਨ। ਇਹ ਅਨੁਮਾਨ ਹੈ ਕਿ 50 ਪ੍ਰਤਿਸ਼ਤ ਅਨਪੜ੍ਹ ਕਦੇ ਸਕੂਲ ਹੀ ਨਹੀਂ ਗਏ ਅਤੇ ਬਾਕੀ 50 ਪ੍ਰਤਿਸ਼ਤ ਸਕੂਲ ਵਿੱਚ ਦੇਰ ਨਾਲ ਦਾਖਲਾ ਲੈਣ ਵਾਲੇ ਅਤੇ ਛੇਤੀ ਛੱਡਣ ਵਾਲੇ ਹਨ।

ਸਾਖਰਤਾ ਦਰਾਂ ਵਿੱਚ, ਔਰਤਾਂ ਅਤੇ ਮਰਦ ਦੋਹਾਂ ਵਿੱਚ ਬਹੁਤ ਮਹੱਤਵਪੂਰਨ ਵਾਧਾ ਹੋਇਆ ਹੈ। 1911 ਅਤੇ 2011 (ਇਕ ਸ਼ਤਾਬਦੀ) ਦੀ ਤੁਲਨਾ ਦਰਸਾਉਂਦੀ ਹੈ ਕਿ ਜਿਥੇ ਮਰਦ ਸਾਖਰਤਾ ਦਰ, 1911 ਵਿੱਚ 10.1 ਤੋਂ 2011 ਵਿੱਚ 82.1 (71.5 ਪ੍ਰਤਿਸ਼ਤ ਵਾਧਾ) ਉਥੇ ਔਰਤਾਂ ਦੀ ਸਾਖਰਤਾ ਦਰ 1911 ਵਿੱਚ 1.1 ਪ੍ਰਤਿਸ਼ਤ ਤੋਂ ਵਧ ਕੇ 2011 ਵਿੱਚ 65.5 ਪ੍ਰਤਿਸ਼ਤ ਹੋਈ ਹੈ (64.4 ਪ੍ਰਤਿਸ਼ਤ ਵਾਧਾ)। ਔਰਤਾਂ ਅਤੇ ਮਰਦਾਂ ਦੀ ਸਾਖਰਤਾ ਦਰ ਵਿੱਚ ਫਰਕ ਨੂੰ ਦੇਖੀਏ ਤਾਂ ਇਹ 1911 ਵਿੱਚ 9.5 ਪ੍ਰਤਿਸ਼ਤ ਤੋਂ ਵਧ ਕੇ 2011 ਵਿੱਚ 16.6 ਪ੍ਰਤਿਸ਼ਤ ਹੋ ਗਿਆ ਸੀ। ਸਮਾਜਕ ਵੰਡ ਅਨੁਸਾਰ ਅੰਕੜਿਆਂ ਦਾ ਵਿਛੇਦੀਕਰਨ ਕਰੀਏ ਤਾਂ ਇਹ ਪਤਾ ਲਗਦਾ ਹੈ ਕਿ ਔਰਤਾਂ ਦੀ ਸਾਖਰਤਾ ਦਾ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਦੀ ਸੂਰਤ ਵਿੱਚ ਕ੍ਰਮਵਾਰ 56.5 ਪ੍ਰਤਿਸ਼ਤ ਅਤੇ 49.4 ਪ੍ਰਤਿਸ਼ਤ ਸੀ ਜੋ ਸਮੁੱਚੇ ਔਰਤ ਸਾਖਰਤਾ ਦਰ 65.5 ਪ੍ਰਤਿਸ਼ਤ ਤੋਂ ਘੱਟ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ, ਕੇਰਲਾ ਵਿੱਚ ਦੇਸ਼ ਵਿੱਚ ਸਭ ਤੋਂ ਵੱਧ ਸਾਖਰਤਾ ਦਰ 94 ਪ੍ਰਤਿਸ਼ਤ ਹੈ (ਮਰਦਾਂ ਦੀ ਸਾਖਰਤਾ ਦਰ 96.1 ਪ੍ਰਤਿਸ਼ਤ ਅਤੇ ਔਰਤਾਂ ਦੀ 92.1 ਪ੍ਰਤਿਸ਼ਤ), ਉਸ ਤੋਂ ਬਾਅਦ ਲਕਸ਼ਦੀਪ, ਮੀਜ਼ੋਰਮ, ਗੋਆ ਅਤੇ ਤ੍ਰਿਪੁਰਾ ਆਉਂਦੇ ਹਨ। ਸਾਖਰਤਾ ਦਰ ਦੇ ਪੈਮਾਨੇ ਉਤੇ ਸਭ ਤੋਂ ਉਪਰ ਦੇ 10 ਵਿੱਚੋਂ 6 ਕੇਂਦਰ ਸ਼ਾਸਤ ਪ੍ਰਦੇਸ਼ ਅਤੇ 4 ਰਾਜ (ਕੇਰਲਾ, ਮਿਜ਼ੋਰਮ, ਗੋਆ ਅਤੇ ਤ੍ਰਿਪੁਰਾ) ਹਨ। ਇਹ ਚਾਰ ਰਾਜ ਔਰਤਾਂ ਦੀ ਸਾਖਰਤਾ ਦਰ ਵਿੱਚ ਵੀ ਸਭ ਤੋਂ ਉਪਰ ਹਨ। ਦੂਸਰੇ ਪਾਸੇ ਬਿਹਾਰ ਔਰਤਾਂ ਦੀ ਸਾਖਰਤਾ ਦਰ (51.5 ਪ੍ਰਤਿਸ਼ਤ) ਨਾਲ ਸਭ ਤੋਂ ਥੱਲੇ ਹੈ, ਜਿਸ ਤੋਂ ਬਾਅਦ ਰਾਜਸਥਾਨ, ਝਾਰਖੰਡ ਅਤੇ ਜੰਮੂ ਅਤੇ ਕਸ਼ਮੀਰ ਆਉਂਦੇ ਹਨ। ਸਭ ਤੋਂ ਥੱਲੇ ਦੇ ਦਸ ਰਾਜਾਂ ਵਿੱਚ ਔਰਤਾਂ ਦੀ ਸਾਖਰਤਾ ਦਰ ਅਨੁਸੂਚਿਤ ਜਾਤਾਂ ਬਹੁਲ (ਬਿਹਾਰ, ਰਾਜਸਥਾਨ, ਉੱਤਰ ਪ੍ਰਦੇਸ਼), ਅਨੁਸੂਚਿਤ ਜਨਜਾਤੀਆਂ ਬਹੁਲ (ਮੱਧ ਪ੍ਰਦੇਸ਼, ਓਡੀਸ਼ਾ, ਛੱਤੀਸਗੜ੍ਹ, ਅਰੁਨਾਚਲ ਪ੍ਰਦੇਸ਼) ਅਤੇ ਮੁਸਲਮਾਨ ਬਹੁਲ (ਜੰਮੂ ਅਤੇ ਕਸ਼ਮੀਰ) ਰਾਜ ਹਨ। ਇਸ ਲਈ ਘੱਟ ਸਾਖਰਤਾ ਦਰ ਵਾਲੇ ਪ੍ਰਦੇਸ਼ਾਂ ਵਿੱਚ ਕੋਈ ਖ਼ਾਸ ਵਿਸ਼ੇਸ਼ਤਾ ਨਹੀਂ ਹੈ। ਸਕਾਰਾਤਮਕ ਲੱਛਣਾਂ ਵਿੱਚੋਂ ਕੁੱਝ ਹਨ -

ਚਿੱਤਰ-2 : ਸਾਖਰਤਾ ਦਰ (ਭਾਰਤ)



ਚਿੱਤਰ-3 : ਤੁਲਨਾਤਮਕ ਲਿੰਗ ਅਨੁਪਾਤ (ਸਰੋਤ : ਮਰਦਮਸ਼ੁਮਾਰੀ)




ਪਹਿਲਾ ਪਿਛਲੇ ਦਹਾਕੇ ਵਿੱਚ ਇਨ੍ਹਾਂ ਰਾਜਾਂ ਨੇ ਕਾਫੀ ਤਰੱਕੀ ਕੀਤੀ ਹੈ (ਬਹੁਤ ਕਰਕੇ ਦੋਹਰੇ ਅੰਕੜੇ ਵਾਲੀ) ਅਤੇ ਦੂਜਾ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ 21 ਕਰੋੜ 70 ਲੱਖ ਪੜ੍ਹੇ-ਲਿਖੇ ਲੋਕਾਂ ਦਾ ਵਾਧਾ ਹੋਇਆ ਹੈ ਜਿਸ ਵਿੱਚ 11 ਕਰੋੜ ਔਰਤਾਂ ਅਤੇ 10 ਕਰੋੜ 70 ਲੱਖ ਮਰਦ ਸਨ, ਔਰਤਾਂ ਨੇ ਮਰਦਾਂ ਨੂੰ ਪਛਾੜ ਦਿੱਤਾ ਹੈ।

## ਲਿੰਗ ਅਨੁਪਾਤ

ਵਧੇਰੇ ਲੜਕੀਆਂ ਦਾ ਸਕੂਲ ਵਿੱਚ ਹੋਣਾ ਯਕੀਨੀ ਬਣਾਉਣ ਲਈ ਕੁੱਲ ਆਬਾਦੀ ਵਿੱਚ ਉਨ੍ਹਾਂ ਦੀ ਉਪਲਬਧਤਾ ਹੋਣਾ ਹੈ। ਭਾਰਤ ਲਿੰਗ ਅਨੁਪਾਤ ਵਿੱਚ ਦੁਨੀਆਂ ਦੇ ਥੱਲੇ ਦੇ 20 ਦੇਸ਼ਾਂ ਵਿੱਚ ਆਉਂਦਾ ਹੈ। ਭਾਰਤ ਦਾ ਲਿੰਗ ਅਨੁਪਾਤ 1901 ਵਿੱਚ 972 ਤੋਂ ਘਟ ਕੇ 1951 ਵਿੱਚ 941 ਅਤੇ 2011 ਵਿੱਚ 940 ਰਹਿ ਗਿਆ। ਪਰ 2001 (933) ਦੀ ਪੱਧਰ ਤੋਂ ਥੋੜ੍ਹਾ ਜਿਹਾ ਵਾਧਾ ਜ਼ਰੂਰ ਹੋਇਆ। ਚਿੰਤਾਜਨਕ ਗੱਲ ਇਹ ਹੈ ਕਿ 0-6 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਲਿੰਗ ਅਨੁਪਾਤ ਸਭ ਤੋਂ ਘੱਟ 2011 ਵਿੱਚ 914 ਰਹਿ ਗਿਆ। ਇਸ ਦਾ ਅਰਥ ਇਹ ਹੋਇਆ ਕਿ ਆਉਣ ਵਾਲੇ ਸਮੇਂ ਵਿੱਚ ਸਕੂਲਾਂ ਵਿੱਚ ਦਾਖਲਾ ਲੈਣ ਵਾਲੀਆਂ ਲੜਕੀਆਂ ਲੜਕਿਆਂ ਦੇ ਮੁਕਾਬਲੇ ਘੱਟ ਹੋਣਗੀਆਂ। ਇਸ 0-6 ਸਾਲ ਦੀ ਉਮਰ ਦੇ ਬੱਚਿਆਂ ਦੇ ਲਿੰਗ ਅਨੁਪਾਤ ਚਾਰਟ ਵਿੱਚ ਉੱਤਰ ਪੂਰਬ ਦੇ ਦੋ ਰਾਜ (ਮਿਜ਼ੋਰਮ 971 ਅਤੇ ਮੇਘਾਲਿਆ 970) ਹਨ। ਦੂਜੇ ਪਾਸੇ, ਦੇਸ਼ ਦੇ ਦੋ ਸਭ ਤੋਂ ਵੱਧ ਉੱਨਤੀਸ਼ੀਲ ਰਾਜ ਲਿੰਗ ਅਨੁਪਾਤ ਅਨੁਸਾਰ ਹਰਿਆਣਾ (830) ਅਤੇ ਪੰਜਾਬ (846) ਸਭ ਤੋਂ ਥੱਲੇ ਹਨ।

## ਸਕੂਲੋਂ ਬਾਹਰ ਲੜਕੀਆਂ

ਮਾਨਵ ਸਰੋਤ ਵਿਕਾਸ ਮੰਤਰਾਲੇ ਵਲੋਂ ਕਰਵਾਏ ਹਾਲ ਹੀ ਦੇ ਇਕ ਅਧਿਐਨ ਅਨੁਸਾਰ 6.01 ਮਿਲੀਅਨ ਬੱਚੇ ਸਕੂਲੋਂ ਬਾਹਰ ਹਨ ਜੋ ਕੁੱਲ ਆਬਾਦੀ ਦਾ ਲਗਭਗ 3 ਪ੍ਰਤਿਸ਼ਤ ਹੈ। ਇਕ ਅਜਿਹੇ ਸਰਵੇ ਅਨੁਸਾਰ ਹੀ 2006 ਵਿੱਚ ਸਕੂਲੋਂ ਬਾਹਰ ਬੱਚੇ ਅੰਦਾਜ਼ਨ 7 ਪ੍ਰਤਿਸ਼ਤ ਅਤੇ 2009 ਵਿੱਚ 4.2 ਪ੍ਰਤਿਸ਼ਤ ਸਨ। ਲਿੰਗ ਵੰਡ ਅਨੁਸਾਰ ਸਕੂਲੋਂ ਬਾਹਰ ਬੱਚਿਆਂ ਵਿੱਚ ਲੜਕੀਆਂ (3.23 ਪ੍ਰਤਿਸ਼ਤ) ਲੜਕਿਆਂ ਨਾਲੋਂ (2.77 ਪ੍ਰਤਿਸ਼ਤ) ਵਧੇਰੇ ਹਨ। ਸਕੂਲੋਂ ਬਾਹਰ ਲੜਕੀਆਂ ਦਾ ਸਭ ਤੋਂ ਵੱਧ ਪ੍ਰਤਿਸ਼ਤ ਰਾਜਸਥਾਨ (7.5 ਪ੍ਰਤਿਸ਼ਤ), ਉੱਤਰਾਖੰਡ (5.2 ਪ੍ਰਤਿਸ਼ਤ) ਅਤੇ ਉੱਤਰ ਪ੍ਰਦੇਸ਼ (4.6 ਪ੍ਰਤਿਸ਼ਤ) ਹੈ। ਦੂਜੇ ਪਾਸੇ, ਮਿਜ਼ੋਰਮ ਅਤੇ ਕੇਰਲਾ ਜਿਹੇ ਰਾਜ ਹਨ ਜਿਨ੍ਹਾਂ ਵਿੱਚ ਸਕੂਲੋਂ ਬਾਹਰ ਲੜਕੀਆਂ ਦਾ ਅਨੁਪਾਤ ਸਕੂਲੋਂ ਬਾਹਰ ਲੜਕਿਆਂ ਨਾਲੋਂ ਘੱਟ ਹੈ। ਰਿਪੋਰਟ ਅਨੁਸਾਰ, ਸਕੂਲੋਂ ਬਾਹਰ ਲੜਕੀਆਂ ਦੀ ਗਿਣਤੀ ਵਿੱਚ ਵਾਧਾ ਉਨ੍ਹਾਂ ਵਲੋਂ ਘਰ ਦੇ ਕੰਮਕਾਜ ਵਿੱਚ ਹੱਥ ਵਟਾਉਣ ਜਾਂ ਛੋਟੇ ਭੈਣ-ਭਰਾਵਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਕਾਰਨ ਹੁੰਦਾ ਹੈ। ਸਕੂਲੋਂ ਬਾਹਰ ਲੜਕੀਆਂ ਦਾ ਖਾਕਾ ਪੇਂਡੂ (3.36 ਪ੍ਰਤਿਸ਼ਤ) ਅਤੇ ਸ਼ਹਿਰੀ (2.86 ਪ੍ਰਤਿਸ਼ਤ) ਕੋਈ ਖ਼ਾਸ ਅੰਤਰ ਵਾਲਾ ਨਹੀਂ ਹੈ।

## ਸਕੂਲਾਂ ਵਿੱਚ ਲੜਕੀਆਂ ਦਾ ਪ੍ਰਤਿਸ਼ਤ

ਵੱਖ-ਵੱਖ ਰਾਸ਼ਟਰੀ ਪੱਧਰ ਦੇ ਪ੍ਰੋਗਰਾਮਾਂ ਦੇ ਸਦਕੇ, ਹਰ ਪੱਧਰ ਉਤੇ ਲੜਕੀਆਂ ਦੇ ਪ੍ਰਤਿਸ਼ਤ ਵਿੱਚ ਕਾਫੀ ਵਾਧਾ ਹੋਇਆ ਹੈ। ਖ਼ਾਸ ਤੌਰ ਤੇ ਸਰਵ ਸਿੱਖਿਆ ਅਭਿਆਨ ਦੌਰਾਨ ਅੱਪਰ ਪ੍ਰਾਇਮਰੀ ਪੱਧਰ ਉਤੇ ਲੜਕੀਆਂ ਦੇ ਪ੍ਰਤਿਸ਼ਤ ਵਿੱਚ ਕਾਫੀ ਵਾਧਾ, 2005-06 ਵਿੱਚ 45.8 ਪ੍ਰਤਿਸ਼ਤ ਤੋਂ 48.2 ਪ੍ਰਤਿਸ਼ਤ ਹੋ ਗਿਆ ਸੀ।


ਸਿੱਖਿਆ ਦੀ ਸਮੁਚਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ (ਯੂ ਡੀ ਆਈ ਐੱਸ ਈ) ਦੇ 2014-15 ਦੇ ਅੰਕੜਿਆਂ ਅਨੁਸਾਰ, ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਲੜਕੀਆਂ ਦੇ ਦਾਖਲੇ ਦੀ ਗਿਣਤੀ ਵਿੱਚ ਬਹੁਤ ਫਰਕ ਹੈ। ਇਸ ਫਰਕ ਨੂੰ ਹਰ ਪੱਧਰ ਉਤੇ (ਪ੍ਰਾਇਮਰੀ, ਸੈਕੰਡਰੀ ਅਤੇ ਹਾਇਰ ਸੈਕੰਡਰੀ ਵਿੱਚ ਦੇਖਿਆ ਜਾ ਸਕਦਾ ਹੈ। ਪਰ ਇਹ ਫਰਕ, ਜਿਉਂ ਹੀ ਅਸੀਂ ਉੱਚ ਸਿੱਖਿਆ ਵੱਲ ਵਧਦੇ ਹਾਂ, ਘਟ ਜਾਂਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਪਿਛਲੇ ਇਕ ਦਹਾਕੇ ਵਿੱਚ, ਉੱਚੇ ਗਰੇਡ ਵਿੱਚ ਲੜਕੀਆਂ ਦੀ ਹਾਜ਼ਰੀ ਵਿੱਚ ਬਹੁਤ ਵਾਧਾ ਹੋਇਆ ਹੈ। ਉਦਾਹਰਣ ਵਜੋਂ ਕਲਾਸ 8 ਦੇ ਪੱਧਰ ਉਤੇ ਲੜਕੀਆਂ ਦੀ ਹਾਜ਼ਰੀ 2005-06 ਵਿੱਚ 45 ਪ੍ਰਤਿਸ਼ਤ ਦੇ ਮੁਕਾਬਲੇ 2013-14 ਵਿੱਚ 49 ਪ੍ਰਤਿਸ਼ਤ ਸੀ। ਲੜਕੀਆਂ ਦੇ ਪ੍ਰਤਿਸ਼ਤ ਵਿੱਚ ਵਾਧਾ, ਪਿਛਲੇ ਇਕ ਦਹਾਕੇ ਜਾਂ ਇਸ ਤੋਂ ਕੁੱਝ ਵੱਧ ਸਮੇਂ ਵਿੱਚ ਸ਼ੁਰੂ ਕੀਤੀਆਂ ਲੜਕੀਆਂ ਦੀਆਂ ਸਿੱਖਿਆ ਸਕੀਮਾਂ ਕਰਕੇ ਹੋਇਆ ਹੈ। ਹੇਠਾਂ ਇਨ੍ਹਾਂ ਸਕੀਮਾਂ ਬਾਰੇ ਸੰਖੇਪ ਵਿੱਚ ਵਰਨਣ ਕੀਤਾ ਜਾ ਰਿਹਾ ਹੈ।

ਵੱਖ-ਵੱਖ ਪ੍ਰੋਗਰਾਮਾਂ ਅਤੇ ਸਕੀਮਾਂ ਦੇ ਚਲਦੇ


| ਪੱਧਰ | ਲੜਕੀਆਂ ਦਾ ਪ੍ਰਤਿਸ਼ਤ (2014-15)[9] | | | | |
|---|---|---|---|---|---|
| | ਸਮੁੱਚਾ | ਐੱਸ ਸੀ | ਐੱਸ ਟੀ | ੳ ਬੀ ਸੀ | ਮੁਸਲਿਮ |
| ਬੁਨਿਆਦੀ | 48.34 | 48.5 | 48.37 | 48.6 | 49.79 |
| ਸੈਕੰਡਰੀ | 47.46 | 47.6 | 48.4 | 47.17 | 51.74 |
| ਹਾਇਰ ਸੈਕੰਡਰੀ | 47.06 | 47.51 | 47.09 | 47.08 | 50.85 |

ਭਾਰਤ ਵਿੱਚ 6-13 ਸਾਲ ਦੀ ਉਮਰ ਦੇ ਸਕੂਲੋਂ ਬਾਹਰ ਬੱਚਿਆਂ ਤੇ ਅੰਦਾਜ਼ਿਆਂ ਬਾਰੇ ਭਾਰਤੀ ਨਮੂਨਾ ਸਰਵੇਖਣ


ਸਰੋਤ : 2-14-15 ਦੇ ਅੰਕੜੇ




ਚਿੱਤਰ-4 : ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਲੜਕੀਆਂ ਦਾ ਪ੍ਰਤਿਸ਼ਤ (ਯੂ ਡੀ ਆਈ ਐੱਸ ਈ 2014-15)




ਚਿੱਤਰ-5 : ਲੜਕੀਆਂ ਦਾ ਪ੍ਰਤਿਸ਼ਤ ਕਲਾਸ ਅਨੁਸਾਰ




ਚਿੱਤਰ-6 : ਸਕੂਲੀ ਸਿੱਖਿਆ ਵਿਚਾਲੇ ਛੱਡਣ ਦੀ ਔਸਤ ਦਰ (ਸਿੱਖਿਆ ਦੀ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ 2014-15)

ਵੀ ਜੋ ਲੜਕੀਆਂ ਦੇ ਸਕੂਲਾਂ ਵਿੱਚ ਉਨ੍ਹਾਂ ਦੀ ਸਿੱਖਿਆ ਦੇ ਸੁਧਾਰ ਲਈ ਚਲਾਈਆਂ ਜਾ ਰਹੀਆਂ ਹਨ, ਸਕੂਲ ਛੱਡ ਜਾਣ ਦੀ ਉੱਚੀ ਦਰ, ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਮਾਨਵ ਸਰੋਤ ਵਿਕਾਸ ਮੰਤਰਾਲੇ ਦੇ 2014 ਦੇ ਅਨੁਮਾਨ ਅਨੁਸਾਰ ਸਕੂਲ ਤੋਂ ਬਾਹਰ ਦੇ ਬੱਚਿਆਂ ਵਿੱਚ ਅੰਦਾਜ਼ਨ 36.5 ਪ੍ਰਤਿਸ਼ਤ ਸਕੂਲ ਛੱਡੇ ਲੜਕੇ ਹਨ ਅਤੇ 37.5 ਪ੍ਰਤਿਸ਼ਤ ਸਕੂਲ ਵਿੱਚੋਂ ਪੜ੍ਹਾਈ ਤੋਂ ਹਟੀਆਂ ਲੜਕੀਆਂ। ਰਿਪੋਰਟ ਅਨੁਸਾਰ, ਲੜਕੀਆਂ ਦੇ ਸਕੂਲ ਸਿੱਖਿਆ ਤੋਂ ਬਾਹਰ ਰਹਿਣ ਦੇ ਪੰਜ ਮੁੱਖ ਕਾਰਨ ਹਨ :

1. ਗਰੀਬੀ/ਆਰਥਿਕ ਕਾਰਨ (23.9 ਪ੍ਰਤਿਸ਼ਤ)।

2. ਬੱਚਾ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਲੈਂਦਾ (17.5 ਪ੍ਰਤਿਸ਼ਤ।


3. ਬੱਚੇ ਨੂੰ ਘਰ ਪਰਿਵਾਰ ਦੀ ਆਮਦਨ ਵਿੱਚ ਹੱਥ ਵਟਾਉਣਾ ਪੈਂਦਾ ਹੈ (11.6)।

4. ਬੱਚਾ ਕਿਸੇ ਅੰਗਹੀਣਤਾ ਜਾਂ ਖਰਾਬ ਸਿਹਤ ਤੋਂ ਪੀੜਤ ਹੈ (10.8 ਪ੍ਰਤਿਸ਼ਤ)।


5. ਘਰੇਲੂ ਕੰਮ ਕਾਜ ਲਈ ਹੱਥ ਵਟਾਉਣ ਲਈ ਲੋੜ (8.7 ਪ੍ਰਤਿਸ਼ਤ)।

ਸਿੱਖਿਆ ਦੀ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ 2014-15 ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਹਰ ਪੱਧਰ ਉਤੇ ਲੜਕੇ ਅਤੇ ਲੜਕੀਆਂ ਦੇ ਸਕੂਲ ਸਿੱਖਿਆ ਵਿੱਚਕਾਰ ਵਿੱਚ ਹੀ ਛੱਡਣ ਦੀ ਸਾਲਾਨਾ ਔਸਤ ਦਰ ਵਿੱਚ ਕੁੱਝ ਵੱਡਾ ਅੰਤਰ ਨਹੀਂ ਹੈ। ਪਰ ਅੱਪਰ ਪ੍ਰਾਇਮਰੀ ਪੱਧਰ ਤੋਂ ਸਕੂਲ ਸਿੱਖਿਆ ਵਿਚਾਲੇ ਹੀ ਛੱਡਣ ਦੀ ਸਮੁੱਚੀ ਦਰ ਕਾਫੀ ਉੱਚੀ ਦੇਖੀ ਗਈ ਹੈ - ਲੜਕਿਆਂ ਵਿੱਚ 3.1 ਪ੍ਰਤਿਸ਼ਤ ਅਤੇ ਲੜਕੀਆਂ ਵਿੱਚ 4.5 ਪ੍ਰਤਿਸ਼ਤ। ਸ਼ਾਇਦ ਇਹ ਅਜਿਹੀ ਪੱਧਰ ਹੈ ਜਿਸ ਉਪਰ ਧਿਆਨ ਦੇਣ ਦੀ ਲੋੜ ਹੈ। ਇਹ ਉਹ ਪੜਾਅ ਹੈ ਜਿਥੇ ਸਕੂਲ ਸਿੱਖਿਆ ਦੌਰਾਨ ਫੈਸਲੇ ਵਧ ਜਾਂਦੇ ਹਨ - ਲੜਕੀਆਂ ਵਿੱਚ ਸਰੀਰਕ ਤਬਦੀਲੀਆਂ ਆ ਜਾਂਦੀਆਂ ਹਨ ਅਤੇ ਸਕੂਲ ਸਹੂਲਤ ਤੱਕ ਸਮਾਜਕ ਪਹੁੰਚ ਵੀ ਯਕੀਨੀ ਬਣਾਉਣੀ ਹੁੰਦੀ ਹੈ।

ਸਰਕਾਰ ਨੂੰ ਸਕੂਲਾਂ ਵਿੱਚ ਘੱਟੋ-ਘੱਟ ਬੁਨਿਆਦੀ ਅਧਾਰਕ ਢਾਂਚਾ ਯਕੀਨੀ ਬਣਾਉਣ ਦੀ ਲੋੜ ਹੈ ਤਾਂ ਕਿ ਜੋ ਲੜਕੀਆਂ ਦਾ ਸਕੂਲ ਛੱਡਣਾ (ਲੜਕਿਆਂ ਦਾ ਵੀ), ਬੁਨਿਆਦੀ ਢਾਂਚੇ ਦੀ ਕਮੀ ਕਾਰਨ ਘੱਟ ਹੋ ਸਕੇ। ਇਸ ਸੰਬੰਧ ਵਿੱਚ, ਸਿੱਖਿਆ ਦੇ ਅਧਿਕਾਰ ਕਾਨੂੰਨ ਅਧੀਨ, ਘੱਟੋ-ਘੱਟ ਬੁਨਿਆਦੀ ਢਾਂਚਾ ਜੋ ਸਭ ਬੁਨਿਆਦੀ ਸਕੂਲਾਂ ਵਿੱਚ ਉਪਲਬਧ ਹੋਣਾ ਚਾਹੀਦਾ ਹੈ, ਉਸਨੂੰ ਸੂਚੀਬਧ ਕੀਤਾ ਗਿਆ ਹੈ। ਇਨ੍ਹਾਂ, ਬੁਨਿਆਦੀ ਸਹੂਲਤਾਂ ਵਿੱਚ ਸ਼ਾਮਲ ਹਨ ਪੀਣ ਦਾ ਪਾਣੀ, ਲੜਕਿਆਂ ਅਤੇ ਲੜਕੀਆਂ ਲਈ ਅਲਗ ਸ਼ੌਚਾਲਿਆ, ਦਾਖਲੇ ਅਨੁਸਾਰ ਕਲਾਸਰੂਮ ਅਤੇ ਅਧਿਆਪਕ, ਖੇਲ ਦੇ ਮੈਦਾਨ, ਲਾਇਬ੍ਰੇਰੀ, ਰੈਂਪ ਆਦਿ। ਹੋਰਨਾਂ ਤੋਂ ਇਲਾਵਾ, ਲੜਕੀਆਂ ਲਈ ਸ਼ੌਚਾਲਿਆ ਦੀ ਉਪਲਬਧਤਾ, ਸਕੂਲ ਛੱਡਣ ਦੀ ਦਰ ਘੱਟ ਕਰਨ ਲਈ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦੀ ਹੈ। ਇਕ ਹੋਰ ਮਹੱਤਵਪੂਰਨ ਕਾਰਨ, ਲੜਕੀਆਂ ਦੀ ਸਿੱਖਿਆ ਵਿੱਚ ਸਕੂਲਾਂ ਵਿੱਚ ਔਰਤ ਅਧਿਆਪਕਾਂ ਦੀ ਉਪਲਬਧਤਾ ਹੈ।





ਚਿੱਤਰ-7 : ਔਰਤ ਅਧਿਆਪਕਾਂ ਵਾਲੇ ਸਕੂਲਾਂ ਦਾ ਪ੍ਰਤਿਸ਼ਤ




ਚਿੱਤਰ-8 : ਲਿੰਗ, ਜਾਤ ਅਤੇ ਧਨ ਦੌਲਤ ਗਰੁੱਪ ਅਨੁਸਾਰ ਅਸਲ ਹਾਜ਼ਰੀ ਅਨੁਪਾਤ - ਸੈਕੰਡਰੀ

ਸਰੋਤ : ਇਕਾਈ ਪੱਧਰ ਡਾਟਾ ਦੇ 71ਵੇਂ ਗੇੜ ਉਤੇ ਅਧਾਰਤ ਅੰਦਾਜ਼ੇ




ਚਿੱਤਰ-8 : ਲਿੰਗ, ਜਾਤ ਅਤੇ ਧਨ ਦੌਲਤ ਗਰੁੱਪ ਅਨੁਸਾਰ ਅਸਲ ਹਾਜ਼ਰੀ ਅਨੁਪਾਤ - ਸੈਕੰਡਰੀ

ਹਾਲ ਦੇ (2014-15) ਦੇ ਸਿੱਖਿਆ ਦੇ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ ਅੰਕੜਿਆਂ ਅਨੁਸਾਰ, ਸਮੁੱਚੀ ਸਕੂਲ ਪ੍ਰਣਾਲੀ ਵਿੱਚ 46.7 ਪ੍ਰਤਿਸ਼ਤ ਔਰਤ ਅਧਿਆਪਕ ਹਨ। ਪਰ, ਸਭ ਤੋਂ ਵੱਧ ਮਹੱਤਵਪੂਰਨ ਹੈ, ਔਰਤ ਅਧਿਆਪਕਾਂ ਦਾ ਸਕੂਲ ਵਿੱਚ ਲਗਾਉਣਾ। ਪਿਛਲੇ ਸਾਲ ਵਿੱਚ ਬੁਨਿਆਦੀ ਪੱਧਰ ਉਤੇ ਸਕੂਲਾਂ ਵਿੱਚ ਔਰਤ ਅਧਿਆਪਕਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਉੱਪਰ ਦਿੱਤੇ ਚਿੱਤਰ-8 ਅਤੇ 9, ਧਨ ਦੌਲਤ ਅਤੇ ਮੁੱਖ ਅਸਮਾਨਤਾਵਾਂ ਜੋ ਸਮਾਜ ਵਿੱਚ ਹਨ, ਇਨ੍ਹਾਂ ਗਰੁੱਪਾਂ ਦਾ ਅਸਲ ਹਾਜ਼ਰੀ ਅਨੁਪਾਤ ਬਾਰੇ ਕੁੱਝ ਜਾਣਕਾਰੀ ਦਿੰਦੇ ਹਨ। ਚਿੱਤਰ-8 ਤੋਂ ਪਤਾ ਲਗਦਾ ਹੈ ਕਿ ਹੋਰ ਜਾਤਾਂ ਦਾ ਗਰੁੱਪ ਜੋ ਰਵਾਇਤੀ ਤੌਰ ਤੇ ਹਾਸ਼ੀਏ ਉਤੇ ਨਹੀਂ ਹਨ। ਬਾਕੀ ਸ਼੍ਰੇਣੀਆਂ ਨਾਲੋਂ ਕੁੱਝ ਚੰਗੇ ਹਾਲਾਤ ਵਿੱਚ ਹਨ। ਚਿੱਤਰ-9 ਵਿੱਚ ਦਿਖਾਇਆ ਗਿਆ ਹੈ ਕਿ ਸ਼ਹਿਰੀ ਬੱਚੇ ਪੇਂਡੂ ਬੱਚਿਆਂ ਨਾਲੋਂ ਚੰਗੇ ਹਾਲਾਤ ਵਿੱਚ ਹਨ। ਇਨ੍ਹਾਂ ਦੋਹਾਂ ਚਿੱਤਰਾਂ ਤੋਂ ਸੰਕੇਤ ਮਿਲਦਾ ਹੈ ਕਿ ਲੜਕੀਆਂ ਲੜਕਿਆਂ ਨਾਲੋਂ ਮਾੜੀ ਹਾਲਾਤ ਵਿੱਚ ਹਨ। ਪਰ ਜੋ ਇਹ ਚਿੱਤਰ ਸਪੱਸ਼ਟ ਤੌਰ ਤੇ ਦਰਸਾਉਂਦੇ ਹਨ ਉਹ ਇਹ ਹੈ ਕਿ ਭਾਵੇਂ ਕੋਈ ਵੀ ਸਮਾਜਕ ਗਰੁੱਪ ਜਾਂ ਕਿਤੇ ਵੀ ਰਹਾਇਸ਼ ਦਾ ਸਥਾਨ ਕਿਉਂ ਨਾ ਹੋਵੇ, ਸਭ ਤੋਂ ਵੱਡਾ ਫਰਕ ਗਰੀਬੀ ਦੇ ਦਰਜੇ ਕਾਰਨ ਹੈ, ਜੋ ਗਰੀਬ ਹਨ ਉਹ ਅਮੀਰਾਂ ਨਾਲੋਂ ਹਮੇਸ਼ਾ ਬਹੁਤ ਜ਼ਿਆਦਾ ਮੰਦੀ ਹਾਲਤ ਵਿੱਚ ਹਨ। ਇਸ ਨੂੰ ਚਿੱਤਰ-1 ਵਿੱਚ, ਇਸ ਗੱਲ ਦੀ ਗਵਾਹੀ ਰਾਹੀਂ ਕਿ ਅਨੁਸੂਚਿਤ ਜਾਤਾਂ ਦੀਆਂ ਸਭ ਤੋਂ ਅਮੀਰ ਲੜਕੀਆਂ ਦਾ ਅਸਲ ਹਾਜ਼ਰੀ ਅਨੁਪਾਤ ਦੂਸਰੀਆਂ ਸ਼੍ਰੇਣੀਆਂ (ਵਧੇਰੇ ਵਿਸ਼ੇਸ਼ ਅਧਿਕ੍ਰਿਤ) ਦੀਆਂ ਸਭ ਤੋਂ ਗਰੀਬ ਲੜਕੀਆਂ ਨਾਲੋਂ 20 ਪ੍ਰਤਿਸ਼ਤ ਜ਼ਿਆਦਾ ਹੈ।

ਅੱਗੇ ਦਿੱਤੀ ਤਾਲਿਕਾ ਵਿੱਚ 2007 ਅਤੇ 2014 ਵਿੱਚ ਦੇਸ਼ ਦੀ ਆਬਾਦੀ ਵਿੱਚ ਲਿੰਗ ਭੇਦ ਅਤੇ ਧਨ ਦੌਲਤ ਅਨੁਸਾਰ 12-25 ਸਾਲ ਦੀ ਉਪਰ ਵਲੋਂ ਪ੍ਰਾਇਮਰੀ ਸਿੱਖਿਆ ਪੂਰੀ ਕਰਨਾ ਦਿਖਾਇਆ ਗਿਆ ਹੈ। ਪ੍ਰਾਇਮਰੀ ਅਤੇ ਉੱਚ ਪ੍ਰਾਇਮਰੀ, ਦੋਹਾਂ ਨੂੰ ਪੂਰੀ ਕਰਨ ਵਿੱਚ ਬਹੁਤ ਸੁਧਾਰ ਹੋਇਆ ਹੈ। ਲੜਕੀਆਂ ਵਿੱਚ ਇਹ ਪ੍ਰਗਤੀ ਉਤਸ਼ਾਹ ਜਨਕ ਹੈ। ਪ੍ਰਾਇਮਰੀ ਸਿੱਖਿਆ ਪੂਰੀ ਕਰਨ ਵਿੱਚ ਸਮੁੱਚਾ ਲਿੰਗ ਫਰਕ 2007 ਅਤੇ 2014 ਵਿਚਕਾਰ 10 ਪ੍ਰਤਿਸ਼ਤ ਤੋਂ ਘਟ ਕੇ 5 ਪ੍ਰਤਿਸ਼ਤ ਰਹਿ ਗਿਆ। ਅਮੀਰੀ ਗਰੀਬੀ ਗਰੁੱਪ ਵਿੱਚ ਇਹ ਗਿਰਾਵਟ ਦੇਖੀ ਗਈ ਹੈ। ਪਰ, ਧਨ ਦੌਲਤ ਕਾਰਨ ਪ੍ਰਾਇਮਰੀ ਸਿੱਖਿਆ ਪੂਰੀ ਕਰਨ ਵਿੱਚ ਫਰਕ (ਕਿਊ-5-ਕਿਊ-1) ਕਾਫੀ ਵਾਧੂ ਰਿਹਾ ਹੈ। ਜਦੋਂ ਸਭ ਤੋਂ ਗਰੀਬ ਅਤੇ ਸਭ ਤੋਂ ਅਮੀਰ ਸ਼੍ਰੇਣੀ ਨੂੰ ਦੇਖੀਏ ਤਾਂ ਲੜਕੀਆਂ ਵਲੋਂ ਇਹ ਸਿੱਖਿਆ ਪੂਰੀ ਕਰਨ ਵਿੱਚ ਬਹੁਤ ਵਧੇਰੇ ਅੰਤਰ ਹੈ। ਅਮੀਰ ਗਰੀਬ ਗਰੁੱਪਾਂ ਵਿੱਚ 2014 ਵਿੱਚ ਲੜਕਿਆਂ ਵਲੋਂ ਸਿੱਖਿਆ ਪੂਰੀ ਕਰਨ ਵਿੱਚ ਇਹ ਫਰਕ 18 ਅੰਸ਼ ਸੀ ਜਦਕਿ ਲੜਕੀਆਂ ਵਿੱਚ ਇਹ 27 ਅੰਸ਼ ਸੀ।

ਅਸਮਾਨਤਾ ਸਿਰਫ ਪ੍ਰਾਇਮਰੀ ਅਤੇ ਉੱਚ

*ਸਕੂਲ ਸਿੱਖਿਆ ਪੂਰੀ ਕਰਨ ਵਿੱਚ ਅਸਮਾਨਤਾ*

| | ਪ੍ਰਾਇਮਰੀ 2007 | | | ਪ੍ਰਾਇਮਰੀ 2014 | | | ਅੱਪਰ ਪ੍ਰਾਇਮਰੀ 2007 | | | ਅੱਪਰ ਪ੍ਰਾਇਮਰੀ 2014 | | |
|---|---|---|---|---|---|---|---|---|---|---|---|---|
| ਧਨ ਦੌਲਤ ਗਰੁੱਪ | ਲੜਕੇ | ਲੜਕੀਆਂ | ਲੜਕੇ ਲੜਕੀਆਂ ਦਾ ਫਰਕ | ਲੜਕੇ | ਲੜਕੀਆਂ | ਲੜਕੇ ਲੜਕੀਆਂ ਦਾ ਫਰਕ | ਲੜਕੇ | ਲੜਕੀਆਂ | ਲੜਕੇ ਲੜਕੀਆਂ ਦਾ ਫਰਕ | ਲੜਕੇ | ਲੜਕੀਆਂ | ਲੜਕੇ ਲੜਕੀਆਂ ਦਾ ਫਰਕ |
| ਕਿਊ1 | 72 | 54 | 18 | 77 | 67 | 10 | 46 | 27 | 19 | 77 | 65 | 12 |
| ਕਿਊ2 | 77 | 64 | 13 | 85 | 79 | 6 | 54 | 39 | 15 | 86 | 78 | 8 |
| ਕਿਊ3 | 81 | 71 | 11 | 88 | 83 | 5 | 60 | 48 | 12 | 89 | 83 | 6 |
| ਕਿਊ4 | 85 | 78 | 7 | 90 | 87 | 3 | 68 | 58 | 10 | 92 | 88 | 4 |
| ਕਿਊ5 | 92 | 87 | 5 | 95 | 94 | 1 | 81 | 76 | 5 | 96 | 94 | 2 |
| ਸਮੁੱਚਾ | 83 | 73 | 10 | 87 | 82 | 5 | 64 | 53 | 11 | 88 | 82 | 6 |
| ਫਰਕ ਕਿਊ5-ਕਿਊ1 | 20 | 33 | | 18 | 27 | | 35 | 49 | | 19 | 29 | |

*ਸਰੋਤ : ਅੰਕੜੇ ਰਾਸ਼ਟਰੀ ਸੈਂਪਲ ਸਰਵੇ 64ਵਾਂ ਗੇੜ (2007) ਅਤੇ 71ਵਾਂ ਗੇੜ (2014) ਉਤੇ ਅਧਾਰਤ*

ਪ੍ਰਾਇਮਰੀ ਪੱਧਰ ਦੀ ਸਿੱਖਿਆ ਪੂਰੀ ਕਰਨ ਵਿੱਚ ਹੀ ਨਹੀਂ ਹੈ ਸਗੋਂ ਇਹ ਸੈਕੰਡਰੀ ਪੱਧਰ ਵਿੱਚ ਵੀ ਹੈ। ਦਸਵੀਂ ਜਮਾਤ ਪਾਸ ਕਰਨ ਦੇ ਪ੍ਰਤਿਸ਼ਤ ਵਿੱਚ ਅੰਤਰਰਾਜੀ ਲਿੰਗ ਭੇਦ ਅਨੁਸਾਰ ਬਹੁਤ ਫਰਕ ਹੈ। ਅਸਾਮ ਵਿੱਚ ਜੋ ਬੱਚੇ ਰਾਜ ਬੋਰਡ ਦੇ ਇਮਤਿਹਾਨ ਵਿੱਚ ਦਸਵੀਂ ਜਮਾਤ ਵਿੱਚ ਬੈਠੇ ਸਨ ਉਨ੍ਹਾਂ ਦੀ ਪਾਸ ਪ੍ਰਤਿਸ਼ਤ ਵਿੱਚ ਸਭ ਤੋਂ ਵੱਧ ਫਰਕ ਹੈ। ਇਹ ਬਹੁਤ ਵੱਡਾ ਫਰਕ ਇਸ ਕਾਰਨ ਵੀ ਹੈ ਕਿ ਉਨ੍ਹਾਂ ਰਾਜਾਂ ਵਿੱਚ ਜਿਨ੍ਹਾਂ ਵਿੱਚ ਘੱਟ ਵਿਕਾਸ ਹੋਣ ਦੇ ਵਿਸ਼ੇਸ਼ ਲੱਛਣ ਹਨ, ਲੜਕੀਆਂ ਦੀ ਪਾਸ ਪ੍ਰਤਿਸ਼ਤ ਘੱਟ ਹੈ।

ਅਕਾਦਮਿਕ ਸਫਲਤਾ ਵਿੱਚ ਇਕ ਉਤਸ਼ਾਹ-ਜਨਕ ਗਵਾਹੀ ਮਿਲਦੀ ਹੈ। ਸਿੱਖਿਆ ਘੋਖ ਅਤੇ ਸਿਖਲਾਈ ਦੀ ਰਾਸ਼ਟਰੀ ਕੌਂਸਲ (ਐੱਨ ਸੀ ਈ ਆਰ ਟੀ) ਵਲੋਂ ਕੀਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੇ ਰਾਸ਼ਟਰੀ ਸਫਲਤਾ ਸਰਵੇ ਦੇ ਤਾਜ਼ਾ ਅੰਕੜਿਆਂ ਅਨੁਸਾਰ ਲੜਕੀਆਂ ਦੀ ਸਿੱਖਿਆ ਪ੍ਰਾਪਤੀ ਲੜਕਿਆਂ ਨਾਲੋਂ ਘੱਟ ਨਹੀਂ ਹੈ। ਅੰਗਰੇਜ਼ੀ ਭਾਸ਼ਾ ਵਿੱਚ ਲੜਕੀਆਂ ਦਾ ਔਸਤ ਸਕੋਰ 252 ਸੀ ਜੋ ਲੜਕਿਆਂ ਦਾ 248 ਸੀ। ਇਸੇ ਤਰ੍ਹਾਂ ਭਾਰਤੀ ਭਾਸ਼ਾਵਾਂ ਵਿੱਚ ਲੜਕੀਆਂ ਦਾ ਸਕੋਰ 254 ਸੀ ਅਤੇ ਲੜਕਿਆਂ ਦਾ 246 ਸੀ। ਪਰ ਹਿਸਾਬ, ਸਾਇੰਸ ਅਤੇ ਸਮਾਜਕ ਸਾਇੰਸ ਵਿੱਚ ਸਕੋਰ (250 ਦੋਹਾਂ ਦੇ) ਬਰਾਬਰ ਸਨ।

## ਸਿੱਟਾ ਅਤੇ ਸਿਫਾਰਸ਼ਾਂ

**ਇਸ ਲੇਖ ਵਿੱਚ ਭਾਰਤ ਦੇ ਸਕੂਲਾਂ ਵਿੱਚ ਬੱਚਿਆਂ ਦੀ ਸ਼ਮੂਲੀਅਤ, ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਤੋਂ ਸ਼ੁਰੂ ਕਰਕੇ ਭਾਰਤ ਵਿੱਚ ਸਾਖਰਤਾ ਦਰ ਦਾ ਕੀ ਪੈਮਾਨਾ ਹੈ, ਇਹ ਸ਼ਮੂਲੀਅਤ ਕਿਸ ਤਰ੍ਹਾਂ ਦੀ ਹੈ ਅਤੇ ਇਸ ਵਿੱਚ ਕਿਸ ਤਰ੍ਹਾਂ ਤਦਬੀਲੀ ਆਈ ਹੈ, ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਿੱਖਿਆ ਦੇ ਲਿੰਗ ਸੰਦਰਭ ਦੇ ਮੁੱਖ ਮੁੱਦਿਆਂ ਦੀ ਪਛਾਣ ਉਪਰ ਜ਼ੋਰ ਇਸ ਲੇਖ ਦੀ ਪੜਚੋਲ ਦਾ ਵਿਸ਼ਾ ਹੈ।**

ਜਿਵੇਂ ਕਿ ਪਿਛਲੇ ਭਾਗਾਂ ਵਿੱਚ ਦਰਸਾਇਆ ਗਿਆ ਹੈ, ਭਾਰਤ ਨੇ ਪਿਛਲੇ ਦੋ ਦਹਾਕਿਆਂ ਵਿੱਚ ਬੁਨਿਆਦੀ ਸਿੱਖਿਆ ਸੰਕੇਤਕਾਂ ਦੇ ਸੁਧਾਰ ਵਿੱਚ ਬਹੁਤ ਤਰੱਕੀ ਕੀਤੀ ਹੈ। ਕੁੱਲ ਆਬਾਦੀ ਵਿੱਚ ਸਿੱਖਿਆ ਪ੍ਰਾਪਤੀ ਦੀ ਔਸਤ ਵਧ ਰਹੀ ਹੈ ਅਤੇ ਦਾਖਲਾ ਲੈਣ ਦੀ ਮੰਗ ਹੌਲੀ-ਹੌਲੀ ਬੁਨਿਆਦੀ ਸਿੱਖਿਆ ਤੋਂ ਸੈਕੰਡਰੀ ਪੱਧਰ ਤੱਕ ਵਧ ਰਹੀ ਹੈ। ਪਰ ਜੇਕਰ ਬਰਾਬਰ ਸਿੱਖਿਆ ਮੌਕਿਆਂ ਦੇ ਟੀਚੇ ਨੂੰ ਪ੍ਰਾਪਤ ਕਰਨਾ ਹੈ ਤਾਂ ਹਾਲੇ ਬਹੁਤ ਕੁੱਝ ਕਰਨਾ ਬਾਕੀ ਹੈ। ਇਹ ਜਾਣ ਲੈਣਾ ਮਹੱਤਵਪੂਰਨ ਹੈ ਕਿ ਅਸਲ ਵਿੱਚ ਕਿ ਬੁਨਿਆਦੀ ਪੱਧਰ ਉਤੇ ਲਗਭਗ ਸਰਵਵਿਆਪਕ ਕੁੱਲ ਦਾਖਲਾ ਦਰ ਹੇਠ ਦਿੱਤੇ ਮਹੱਤਵਪੂਰਨ ਤੱਥ ਛੁਪਾ ਜਾਂਦੀ ਹੈ :

1. ਭਾਵੇਂ ਦਾਖਲਾ ਦਰਾਂ ਵਿੱਚ ਵਾਧਾ ਹੋਇਆ ਹੈ ਪਰ ਲੜਕੀਆਂ ਨੂੰ ਉਨ੍ਹਾਂ ਦੀ ਉਮਰ ਦੇ ਹਿਸਾਬ ਜਿਸ ਜਮਾਤ ਵਿੱਚ ਦਾਖਲਾ ਦੇਣਾ ਚਾਹੀਦਾ ਹੈ, ਉਸ ਤੋਂ ਘੱਟ ਜਮਾਤ ਵਿੱਚ ਦਾਖਲਾ ਦਿੱਤਾ ਜਾਂਦਾ ਹੈ।


2. ਜੋ ਲੜਕੀਆਂ ਅੰਤ ਵਿੱਚ ਬੁਨਿਆਦੀ ਸਿੱਖਿਆ ਸਰਕਲ ਪੂਰਾ ਕਰ ਲੈਂਦੀਆਂ ਹਨ, ਉਹ ਇਸ ਲਈ ਜਿੰਨਾ ਸਮਾਂ ਲਗਣਾ ਚਾਹੀਦਾ ਹੈ ਉਸ ਤੋਂ ਬਹੁਤ ਵਾਧੂ ਸਮਾਂ ਲਗਾਉਂਦੀਆਂ ਹਨ ਇਸ ਲਈ ਉਨਾਂ ਦੀ ਸਕੂਲ ਦੀ ਸਿੱਖਿਆ ਦੇ ਮੌਕਿਆਂ ਉਪਰ ਬਹੁਤ ਵਾਧੂ ਖਰਚ ਹੁੰਦਾ ਹੈ।

3. ਬੁਨਿਆਦੀ ਪੱਧਰ ਤੋਂ ਛੋਟੀ ਉਮਰ ਦੀਆਂ ਅਤੇ ਵੱਡੀ ਉਮਰ ਦੀਆਂ ਲੜਕੀਆਂ ਦੀ ਵੱਡੀ ਗਿਣਤੀ ਵਿਚ ਹਾਜ਼ਰੀ (ਸਕੂਲ ਵਿੱਚ ਦੇਰ ਨਾਲ ਜਾਂ ਛੋਟੀ ਉਮਰ ਵਿੱਚ ਦਾਖਲਾ ਲੈਣ ਕਾਰਨ ਫੇਲ ਹੋ ਜਾਣ ਦੀ ਸੂਰਤ ਕਾਰਨ) ਬਾਲ ਅਧਿਆਪਕੀ ਚੁਨੌਤੀਆਂ ਖੜ੍ਹੀਆਂ ਕਰਦੀ ਹੈ।

4. ਹਾਜ਼ਰੀ ਦਰਾਂ ਵਿੱਚ ਸੁਧਾਰ ਦੇ ਬਾਵਜੂਦ, ਸਕੂਲ ਸਿੱਖਿਆ ਪੂਰੀ ਕਰਨ ਵਿੱਚ ਅਸਮਾਨਤਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਭਾਰਤ ਵਿੱਚ ਬੁਨਿਆਦੀ ਸਿੱਖਿਆ ਦੇ ਇਹ ਲੱਛਣ, ਸੈਕੰਡਰੀ ਸਿੱਖਿਆ ਵਿੱਚ ਪਹੁੰਚਣ ਵਾਲੇ ਵਿਦਿਆਰਥੀਆਂ ਦਾ ਖਾਕਾ ਦਰਸਾਉਂਦੇ ਹਨ।

ਇਸ ਲੇਖ ਵਿੱਚ ਜਾਹਰ ਨਤੀਜਿਆਂ ਤੋਂ

*ਚਿੱਤਰ-10 : ਪਾਸ ਪ੍ਰਤਿਸ਼ਤ ਵਿੱਚ ਅਸਮਾਨਤਾ : ਦਸਵੀਂ ਜਮਾਤ ਲਿੰਗ ਅਤੇ ਰਾਜ ਅਨੁਸਾਰ*




ਸਰੋਤ : ਸਿੱਖਿਆ ਦੀ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ (ਯੂ ਡੀ ਆਈ ਐੱਸ ਈ) 2014-15 ਦੇ ਅੰਕੜਿਆਂ ਅਨੁਸਾਰ ਗਣਨਾ

ਅੰਦਾਜ਼ਾ ਲਗਦਾ ਹੈ ਕਿ ਸ਼ਮੂਲੀਅਤ ਵਿੱਚ ਘਾਟ ਅਸਲ ਹਾਜ਼ਰੀ ਅਨੁਪਾਤ ਵਿੱਚ ਬਹੁਤ ਵਾਧੂ ਰਹੀ ਹੈ। ਲੜਕੀਆਂ ਦਾ ਅਸਲ ਹਾਜ਼ਰੀ ਅਨੁਪਾਤ ਲੜਕਿਆਂ ਨਾਲੋਂ ਬਹੁਤ ਘੱਟ ਹੈ। ਸਮਾਜ ਦੀਆਂ, ਸਮਾਜਕ ਤੌਰ ਤੇ ਪ੍ਰਤਿਕੂਲ ਸ਼੍ਰੇਣੀਆਂ ਵਿੱਚ ਇਹ ਪੈਮਾਨਾ ਸਪੱਸ਼ਟ ਦੇਖਣ ਨੂੰ ਮਿਲਦਾ ਹੈ। ਜਾਤ ਅਤੇ ਆਰਥਿਕ ਦਰਜੇ ਵਿੱਚ ਸੰਬੰਧ ਕਾਰਨ ਇਹ ਅਸਮਾਨਤਾ ਬਰਾਬਰ ਬਣੀ ਹੋਈ ਹੈ। ਸ਼ਮੂਲੀਅਤ ਵਿੱਚ ਅੰਤਰ ਨਾ ਸਿਰਫ ਲੜਕੇ ਲੜਕੀਆਂ ਦੀ ਸ਼ਮੂਲੀਅਤ ਦੇ ਫਰਕ ਕਰਕੇ ਹੈ ਸਗੋਂ ਸਮਾਜਕ ਤੌਰ ਤੇ ਪ੍ਰਤਿਕੂਲ ਵਰਗਾਂ ਦੀਆਂ ਲੜਕੀਆਂ ਦੀ ਸ਼ਮੂਲੀਅਤ ਦਾ ਦੂਸਰੀਆਂ ਜਾਤਾਂ ਦੀਆਂ ਲੜਕੀਆਂ ਦੀ ਸ਼ਮੂਲੀਅਤ ਦੇ ਅਨੁਪਾਤ ਵਿੱਚ ਦੇਖਣ ਦੀ ਲੋੜ ਹੈ।

ਇਸ ਤੋਂ ਇਲਾਵ, ਅਸਮਾਨਤਾ, ਸਥਾਨ ਕਾਰਨ ਵੀ ਦੇਖਣ ਨੂੰ ਮਿਲਦੀ ਹੈ। ਇਹ ਦੇਖਣ ਨੂੰ ਮਿਲਿਆ ਹੈ ਕਿ ਸ਼ਹਿਰੀ ਇਲਾਕਿਆਂ ਦੀਆਂ ਲੜਕੀਆਂ, ਪੇਂਡੂ ਲੜਕੀਆਂ ਨਾਲੋਂ ਕੁੱਝ ਭਾਗਸ਼ਾਲੀ ਹਨ। ਪਰ ਸਮੁੱਚੇ ਤੌਰ ਤੇ ਇਹ ਸਪੱਸ਼ਟ ਹੈ ਕਿ ਬਹੁਤੇ ਹਾਲਾਤ ਵਿੱਚ ਲੜਕੀਆਂ ਲੜਕਿਆਂ ਨਾਲੋਂ ਕੁੱਝ ਪਛੜੀਆਂ ਹੋਈਆਂ ਹਨ। ਇਸ ਦੇ ਨਾਲ-ਨਾਲ, ਇਹ ਵੀ ਸਪੱਸ਼ਟ ਹੈ ਕਿ ਬਹੁਤ ਅਮੀਰ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦਾ ਸਕੂਲਾਂ ਵਿੱਚ ਅਸਲ ਹਾਜ਼ਰੀ ਅਨੁਪਾਤ ਦੂਸਰੀਆਂ ਜਾਤੀਆਂ (ਵਧੇਰੇ ਉਚੇਰੀਆਂ) ਦੀਆਂ ਸਭ ਤੋਂ ਗਰੀਬ ਲੜਕੀਆਂ ਦੇ ਮੁਕਾਬਲੇ 20 ਪ੍ਰਤਿਸ਼ਤ ਨੁਕਤਿਆਂ ਤੋਂ ਵੀ ਵੱਧ ਹਨ।

ਸਿੱਖਿਆ ਦੀਆਂ ਵੱਖ-ਵੱਖ ਪੱਧਰਾਂ ਤੱਕ ਸਿੱਖਿਆ ਪੂਰੀ ਕਰਨ ਵਿੱਚ ਅਸਮਾਨਤਾ ਵੀ ਕਾਫੀ ਸਾਲਾਂ ਤੋਂ ਨਜ਼ਰ ਆ ਰਹੀ ਹੈ। ਲੜਕੀਆਂ ਨੂੰ ਲੜਕਿਆਂ ਦੇ ਮੁਕਾਬਲੇ ਅਸਮਾਨਤਾ ਝੱਲਣੀ ਪੈ ਰਹੀ ਹੈ। ਧਨ ਦੌਲਤ ਵਿੱਚ ਅਸਮਾਨਤਾ ਕਾਰਨ ਸਕੂਲ ਸੱਖਿਆ ਪੂਰੀ ਕਰਨ ਵਿੱਚ ਅੰਤਰ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਲੜਕੀਆਂ ਵਲੋਂ ਕੰਮਕਾਜ ਵਿੱਚ ਹੱਥ ਵਟਾਉਣ ਨਾਲ ਮੌਕੇ ਖੁੰਝਣਾ ਅਤੇ ਛੋਟੀ ਉਮਰ ਵਿੱਚ ਵਿਆਹ ਇਕ ਬਹੁਤ ਵੱਡੀ ਚੁਣੌਤੀ ਬਣੇ ਹੋਏ ਹਨ। ਲੜਕੀਆਂ ਲਈ ਵੱਖਰੇ ਸਕੂਲ ਜਾਂ ਉਨ੍ਹਾਂ ਲਈ ਸੁਰੱਖਿਅਤ ਸਥਾਨ ਨਾ ਹੋਣ ਨਾਲ ਹਾਲਾਤ ਹੋਰ ਵੀ ਖਰਾਬ ਹੋ ਜਾਂਦੇ ਹਨ। ਜਿਥੇ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਅਤੇ ਬੁਨਿਆਦੀ ਪੱਧਰ ਉਤੇ ਲੜਕੀਆਂ ਦੀ ਸਿੱਖਿਆ ਦਾ ਰਾਸ਼ਟਰੀ ਪ੍ਰੋਗਰਾਮ (ਐੱਨ ਪੀ ਈ ਜੀ ਈ ਐੱਲ) ਕਾਮਯਾਬ ਰਹੇ ਹਨ ਪਰ ਉਨ੍ਹਾਂ ਦੀ ਪਹੁੰਚ ਬਹੁਤੀ ਗਿਣਤੀ ਤੱਕ ਨਹੀਂ ਹੋਈ। ਵਿਆਪਕ ਸਿੱਖਿਆ ਦੇਣ ਦੀ ਪ੍ਰਣਾਲੀ ਰਾਹੀਂ ਇਨ੍ਹਾਂ ਰੁਕਾਵਟ ਨੂੰ, ਲੜਕੀਆਂ ਨੂੰ ਸਕੂਲ ਵਿੱਚ ਦਾਖਲੇ ਤੋਂ ਬਾਅਦ ਪੜ੍ਹਾਈ ਚਾਲੂ ਰੱਖਣ ਲਈ, ਦੂਰ ਕਰਨ ਦੇ ਅਸਰਦਾਰ ਕਦਮ ਉਠਾਉਣੇ ਚਾਹੀਦੇ ਹਨ।

ਔਰਤਾਂ ਦੇ ਸ਼ਕਤੀਕਰਨ ਵਿੱਚ ਸਿੱਖਿਆ ਦੀ ਭੂਮਿਕਾ ਮੌਕਿਆਂ ਵਿੱਚ ਸਮਾਨਤਾ ਵਧਾਉਣ ਲਈ ਸਖਤ ਕਦਮ ਉਠਾ ਕੇ ਹੀ ਹਾਸਲ ਕੀਤੀ ਜਾ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਨੇ ਲਿੰਗ ਸਮਾਨਤਾ ਲਿਆਉਣ ਅਤੇ ਔਰਤਾਂ ਦਾ ਸਮਾਜ ਵਿੱਚ ਦਰਜਾ ਉੱਚਾ ਚੁੱਕਣ ਲਈ ਲੜਕੀਆਂ ਉਪਰ ਕੇਂਦਰਤ ਪ੍ਰੋਗਰਾਮ ਸ਼ੁਰੂ ਕੀਤੇ ਹਨ। ਇਕ ਦਿਲਚਸਪ ਪ੍ਰੋਗਰਾਮ ਹੈ। ਓਡੀਸ਼ਾ ਦਾ ਲੜਕੀਆਂ ਲਈ ਪ੍ਰੇਰਕ ਪ੍ਰੋਗਰਾਮ (2013-2016)। ਇਸ ਪ੍ਰੋਗਰਾਮ ਦੇ ਸ਼ੁਰੂ ਕਰਨ ਦੇ ਦੋ ਸਾਲ ਦੇ ਅੰਦਰ ਅੰਦਰ, ਸੈਕੰਡਰੀ ਪੱਧਰ ਉਤੇ ਸਕੂਲਾਂ ਵਿੱਚ ਹਾਜ਼ਰੀ 75 ਪ੍ਰਤਿਸ਼ਤ ਤੋਂ ਵਧ ਕੇ 84 ਪ੍ਰਤਿਸ਼ਤ ਹੋ ਗਈ।

**ਇਸ ਪ੍ਰੋਗਰਾਮ ਦਾ ਮੁੱਖ ਜ਼ੋਰ ਸਕੂਲਾਂ ਵਿੱਚ ਹਾਜ਼ਰੀ ਵਧਾਉਣਾ ਅਤੇ ਸਿੱਖਿਆ ਦੇ ਸਿੱਟੇ ਸੁਧਾਰਨਾ ਹੈ। ਉਪਰ ਦਿੱਤੀ ਪੜਚੋਲ ਦਾ ਕੇਂਦਰੀ ਸਾਰ ਇਹੋ ਹੈ ਕਿ ਅਮੀਰ ਵਰਗ ਹਮੇਸ਼ਾ ਵਧੇਰੇ ਪਸਾਰ ਹੋਣ ਦਾ ਲਾਭ ਸਭ ਤੋਂ ਪਹਿਲਾਂ ਉਠਾ ਜਾਂਦਾ ਹੈ। ਇਸ ਲਈ ਵਧੇਰੇ ਗਰੀਬ ਮੁਖੀ ਨੀਤੀਆਂ ਬਣਾਉਣਾ, ਲਿੰਗ ਅਸਮਾਨਤਾ ਨੂੰ ਘਟਾਉਣ ਲਈ ਬਹੁਤ ਲੋੜੀਂਦਾ ਹਥਿਆਰ ਹੈ।**


*(ਲੇਖਕ ਕ੍ਰਮਵਾਰ, ਆਈ ਪੀ ਈ ਗਲੋਬਲ ਵਿੱਚ ਸਿੱਖਿਆ ਅਤੇ ਮੁਹਾਰਤ ਵਿਕਾਸ ਦੇ ਉਪ-ਪ੍ਰਧਾਨ ਹਨ ਅਤੇ ਆਈ ਪੀ ਈ ਗਲੋਬਲ ਵਿੱਚ ਸਿੱਖਿਆ ਅਤੇ ਮੁਹਾਰਤ ਵਿਕਾਸ ਵਿੱਚ ਮੈਨੇਜਰ ਹਨ)*

*e-mail :shalendersharma@ipeglobal.com*

*e-mail :sjha@ipeglobal.com*

# ਔਰਤਾਂ ਦਾ ਸਸ਼ਕਤੀਕਰਨ : ਇਕ ਆਲੋਚਨਾਤਮਕ ਮੁਲਾਂਕਣ

ਡਾ. ਸੁਭਾਸ਼ ਸ਼ਰਮਾ

1789 ਦੇ ਫਰਾਂਸੀਸੀ ਇਨਕਲਾਬ ਨੂੰ ਮਨੁੱਖਤਾ ਦੀ ਮੁਕਤੀ ਕਰਨ ਵਾਲੇ ਵਜੋਂ ਆਖਿਆ ਜਾਂਦਾ ਹੈ ਪਰ ਇਸ ਨੇ ਔਰਤਾਂ ਅਤੇ ਗੁਲਾਮਾਂ ਨੂੰ ਆਜ਼ਾਦ ਨਹੀਂ ਕਰਵਾਇਆ ਕਿਉਂਕਿ ਇਸ ਦੇ ਐਲਾਨਨਾਮੇ ਦਾ ਕੇਂਦਰ ਬਿੰਦੂ 'ਪੁਰਸ਼ਾਂ ਅਤੇ ਨਾਗਰਿਕਾਂ ਦੇ ਹੱਕ' ਸੀ ਜਦ ਕਿ ਔਰਤਾਂ ਤੇ ਗੁਲਾਮਾਂ ਨੂੰ 'ਨਾਗਰਿਕ' ਦੀ ਪਰਿਭਾਸ਼ਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਅਤੇ ਔਰਤਾਂ 'ਪੁਰਸ਼' ਨਹੀਂ ਸਨ ... ਜੇ ਅਸੀਂ ਜੈਵਿਕ, ਸਮਾਜਕ, ਸਭਿਆਚਾਰਕ, ਆਰਥਿਕ, ਰਾਜਨੀਤਕ ਅਤੇ ਸਥਾਨਕ ਮਾਪਦੰਡਾਂ ਦੇ ਸੰਦਰਭ ਵਿੱਚ ਮਰਦ-ਔਰਤ ਦੇ ਸੰਵਾਦ ਉਤੇ ਨਜ਼ਰ ਮਾਰੀਏ ਤਾਂ ਸਾਨੂੰ ਫਰਕ, ਫਾਸਲਾ, ਵਿਤਕਰਾ, ਵੰਚਿਤ ਰੱਖਣ ਤੋਂ ਗ਼ੈਰ-ਸ਼ਕਤੀਕਰਨ ਜਿਹੇ ਵੱਖ-ਵੱਖ ਰੂਪ ਵੇਖਣ ਨੂੰ ਮਿਲਦੇ ਹਨ, ਖ਼ਾਸ ਕਰਕੇ ਦਿਹਾਤੀ ਭਾਰਤੀ ਸਮਾਜ ਦੇ ਸੰਦਰਭ ਵਿੱਚ।

ਰੋਜ਼ਮਰਾ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਵਿੱਚ ਭਾਰਤ ਅੰਦਰ ਪੁਰਸ਼-ਔਰਤ ਦੇ ਸੰਬੰਧ ਸਮਾਨਤਾ ਵਾਲੇ ਨਹੀਂ ਹਨ ਕਿਉਂਕਿ ਪੁਰਸ਼ਾਂ ਨੂੰ ਪਰਿਵਾਰਕ ਫੈਸਲਿਆਂ ਦੇ ਮਾਮਲੇ ਵਿੱਚ ਸਰਵੇ ਸਰਵਾ ਸਮਝਿਆ ਜਾਂਦਾ ਹੈ। ਮਿਸਾਲ ਦੇ ਲਈ ਰਾਸ਼ਟਰੀ ਪੱਧਰ ਉਤੇ ਸਕੂਲਾਂ ਵਿੱਚ ਦਾਖਲੇ ਦੇ ਮਾਮਲੇ ਵਿੱਚ ਕੁੜੀਆਂ ਮੁੰਡਿਆਂ ਨਾਲੋਂ ਪਛੜੀਆਂ ਹੋਈਆਂ ਹਨ – 6 ਤੋਂ 9 ਸਾਲ ਦੇ ਵਰਗ ਵਿੱਚ 95.4 ਪ੍ਰਤਿਸ਼ਤ, 10 ਤੋਂ 14 ਸਾਲ ਦੇ ਵਰਗ ਵਿੱਚ 93.7 ਪ੍ਰਤਿਸ਼ਤ ਅਤੇ 15 ਤੋਂ 17 ਸਾਲ ਦੇ ਵਰਗ ਵਿੱਚ 83.8 ਪ੍ਰਤਿਸ਼ਤ। ਕੁੜੀਆਂ ਦੀ ਸਿੱਖਿਆ ਦੇ ਮਾਮਲੇ ਵਿੱਚ ਪੰਜ ਚੋਟੀ ਦੇ ਰਾਜਾਂ ਵਿੱਚ ਕੇਰਲ, ਮਹਾਰਾਸ਼ਟਰ, ਤਾਮਿਲਨਾਡੂ, ਤੇਲੰਗਾਨਾ ਅਤੇ ਜੰਮੂ ਤੇ ਕਸ਼ਮੀਰ ਸ਼ਾਮਲ ਹਨ ਜਦ ਕਿ ਪੰਜ ਹੇਠਲੇ ਰਾਜਾਂ ਵਿੱਚ ਰਾਜਸਥਾਨ, ਗੁਜਰਾਤ, ਓਡੀਸ਼ਾ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਸ਼ਾਮਲ ਹਨ। 1948 ਦੇ ਬਰਾਬਰ ਉਜਰਤ ਵਾਲੇ ਐਕਟ ਦੇ ਬਾਵਜੂਦ ਇਕੋ ਜਿਹੇ ਕੰਮ ਲਈ (ਸਾਰਿਆਂ ਜਾਤਾਂ, ਖਿੱਤਿਆਂ ਅਤੇ ਧਰਮਾਂ ਵਿੱਚ) ਔਰਤਾਂ ਨੂੰ ਮਰਦਾਂ ਨਾਲੋਂ ਘੱਟ ਉਜਰਤ ਅਦਾ ਕੀਤੀ ਜਾਂਦੀ ਹੈ ਜੋ 20 ਪ੍ਰਤਿਸ਼ਤ ਤੋਂ 50 ਪ੍ਰਤਿਸ਼ਤ ਤੱਕ ਹੁੰਦੀ ਹੈ। ਦੂਜਾ, ਇਹ ਵਿਤਕਰਾ ਦਿਹਾਤੀ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਮੌਜੂਦ ਹੈ ਭਾਵੇਂ ਕਿ ਸ਼ਹਿਰੀ ਖੇਤਰਾਂ ਵਿੱਚ ਮਰਦ ਅਤੇ ਔਰਤਾਂ ਦਿਹਾਤੀ ਖੇਤਰਾਂ ਦੇ ਮੁਕਾਬਲੇ ਵੱਧ ਉਜਰਤ ਪ੍ਰਾਪਤ ਕਰ ਰਹੇ ਹਨ। ਸਿੱਖਿਆ ਦੇ ਪੱਧਰ ਵਿੱਚ ਵਾਧਾ ਹੋਣ ਨਾਲ ਔਰਤਾਂ ਤੇ ਮਰਦਾਂ ਦੀਆਂ ਉਜਰਾਤਾਂ ਵਿੱਚ ਵਾਧਾ ਹੁੰਦਾ ਹੈ ਜਿਸ ਨਾਲ ਦੋਵਾਂ ਲਿੰਗਾਂ ਵਿਚਾਲੇ ਫਰਕ ਘੱਟ ਹੋ ਜਾਂਦਾ ਹੈ। ਆਪਸ ਵਿੱਚ ਜੁੜੀਆਂ ਤਿੰਨ ਪ੍ਰਕਿਰਿਆਵਾਂ ਹੁੰਦੀਆਂ ਹਨ : 1) ਗਰੀਬੀ ਦਾ ਔਰਤ ਕਰਨ; 2) ਨੌਕਰੀਆਂ ਦਾ ਕੱਠਾਪਨ, ਗ਼ੈਰ-ਰਸਮੀਕਰਨ ਅਤੇ ਠੇਕਾ ਪ੍ਰਣਾਲੀ ਕਰਨ, ਖ਼ਾਸ ਕਰਕੇ ਔਰਤਾਂ ਲਈ, ਅਤੇ 3) ਔਰਤਾਂ ਦਾ ਜਿਣਸੀ ਸ਼ੋਸ਼ਣ – ਲੜਕੀਆਂ/ਔਰਤਾਂ ਦੀ ਤਸਕਰੀ ਦਾ ਵਧ ਰਿਹਾ ਰੁਝਾਨ, ਕਾਲ ਗਰਲ ਅਤੇ ਵੇਸਵਾਵਾਂ ਵਿੱਚ ਕਈ ਗੁਣਾ ਵਾਧਾ। ਭਾਰਤ ਵਿੱਚ ਔਰਤਾਂ ਦੀ ਸਿਹਤ ਸਥਿਤੀ ਹਾਲੇ ਵੀ ਸੰਤੋਖਜਨਕ ਨਹੀਂ; ਬੇਹਤਰ ਮੈਡੀਕਲ ਸਹੂਲਤਾਂ ਦੇ ਚਲਦਿਆਂ ਮਾਤਰੀ ਮੌਤ ਦਰ ਸੰਨ 2000 ਦੇ 301 ਪ੍ਰਤਿ ਲੱਖ ਤੋਂ ਘਟ ਕੇ 2013 ਵਿੱਚ 167 ਹੋ ਗਈ। ਪਰ ਬੱਚੇ ਨੂੰ ਜਨਮ ਦੇਣ ਸਮੇਂ ਪੈਦਾ ਹੋਣ ਵਾਲੀਆਂ ਜਟਿਲਤਾਵਾਂ ਕਾਰਨ ਹਜ਼ਾਰਾਂ ਔਰਤਾਂ ਦੀ ਹਾਲੇ ਵੀ ਮੌਤ ਹੋ ਜਾਂਦੀ ਹੈ ਜਿਸ ਦੇ ਮੁੱਖ ਕਾਰਨ ਹੇਠ ਲਿਖੇ ਹਨ : ਲਹੂ ਵਗਣਾ 30 ਪ੍ਰਤਿਸ਼ਤ, ਖ਼ੂਨ ਦੀ ਕਮੀ 19 ਪ੍ਰਤਿਸ਼ਤ, ਸੈਪਸਿਸ ਇਨਫੈਕਸ਼ਨ 16 ਪ੍ਰਤਿਸ਼ਤ, ਜਣੇਪੇ ਵਿੱਚ ਰੁਕਾਵਟ 10 ਪ੍ਰਤਿਸ਼ਤ, ਗਰਭ ਦੌਰਾਨ ਉੱਚ ਰਕਤਚਾਪ 8 ਪ੍ਰਤਿਸ਼ਤ, ਦੂਜੇ 17 ਪ੍ਰਤਿਸ਼ਤ।

ਅਜਿਹਾ ਗਰੀਬੀ, ਬੇਰੋਜ਼ਗਾਰੀ, ਜਾਗਰੂਕਤਾ ਦੀ ਕਮੀ, ਮੈਡੀਕਲ ਸਹੂਲਤਾਂ ਦੀ ਘਾਟ (ਹਸਪਤਾਲ, ਬਿਸਤਰੇ, ਡਾਕਟਰਾਂ, ਨਰਸਾਂ, ਦਵਾਈਆਂ ਆਦਿ ਦੀ ਕਮੀ)। ਪਰ 2006-2011 ਦੌਰਾਨ ਹਸਪਤਾਲਾਂ ਵਿੱਚ ਜਣੇਪੇ ਦੀ ਦਰ 42 ਪ੍ਰਤਿਸ਼ਤ ਤੋਂ ਵਧ ਕੇ 84 ਪ੍ਰਤਿਸ਼ਤ ਹੋ ਗਈ ਜਿਸ ਦਾ ਮੁੱਖ ਕਾਰਨ ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ ਹੈ।

ਅਗਲਾ ਮੁੱਦਾ ਭਾਰਤ ਵਿੱਚ ਔਰਤਾਂ ਖਿਲਾਫ ਵਧਦੇ ਜੁਰਮ ਹਨ ਖ਼ਾਸ ਕਰਕੇ ਬਲਾਤਕਾਰ, ਅਗਵਾ, ਪਰੇਸ਼ਾਨ ਕਰਨਾ, ਛੇੜਛਾੜ, ਦਾਜ ਲਈ ਮੌਤ ਆਦਿ। 2013 ਵਿੱਚ ਕੁੱਲ 3.095 ਲੱਖ ਮਾਮਲੇ ਔਰਤਾਂ ਵਿਰੁੱਧ ਜੁਰਮਾਂ ਲਈ ਦਰਜ ਕੀਤੇ ਗਏ ਪਰ ਸਜ਼ਾ ਦੀ ਦਰ ਤਸੱਲੀਬਖਸ਼ ਨਹੀਂ ਸੀ – 2013 ਵਿੱਚ 22 ਪ੍ਰਤਿਸ਼ਤ, 2012 ਵਿੱਚ 21 ਪ੍ਰਤਿਸ਼ਤ ਅਤੇ 2011 ਵਿੱਚ 27 ਪ੍ਰਤਿਸ਼ਤ (2011 ਵਿੱਚ 500 ਫਾਸਟ ਟਰੈਕ ਅਦਾਲਤਾਂ ਸਨ ਜਦ ਕਿ 2013-14 ਵਿੱਚ ਇਨ੍ਹਾਂ ਦੀ ਸੰਖਿਆ 212 ਸੀ)। 2001-13 ਦੌਰਾਨ ਭਾਰਤ ਵਿੱਚ ਬਲਾਤਕਾਰ ਦੇ 2.63 ਲੱਖ ਮੁਕੱਦਮੇ ਦਰਜ ਕੀਤੇ ਗਏ। ਭਾਰਤ ਵਿੱਚ ਹਰੇਕ 20 ਮਿੰਟ ਬਾਅਦ ਇਕ ਔਰਤ ਦੀ ਪੱਤ ਲੁੱਟੀ ਜਾਂਦੀ ਹੈ। ਮੰਦੇ ਭਾਗਾਂ ਨੂੰ 65 ਪ੍ਰਤਿਸ਼ਤ ਬਲਾਤਕਾਰ ਉਦੋਂ ਹੁੰਦੇ ਹਨ ਜਦੋਂ ਰਾਤ ਸਮੇਂ ਔਰਤਾਂ ਹਾਜਤ ਲਈ ਬਾਹਰ ਜਾਂਦੀਆਂ ਹਨ (ਹਾਲੇ ਵੀ 50 ਪ੍ਰਤਿਸ਼ਤ ਵਸੋਂ ਖੁੱਲ੍ਹੇ ਵਿੱਚ ਹਾਜਤ ਕਰਦੀ ਹੈ)। ਜਾਗਰੂਕਤਾ ਦੀ ਕਮੀ ਅਪਰਾਧੀਆਂ ਦੇ ਡਰ ਸਥਾਨਕ ਪੁਲਿਸ ਤੋਂ ਸਹਿਯੋਗ ਨਾ ਮਿਲਣ ਸਮਾਜ ਵਿੱਚ ਬਦਨਾਮੀ ਆਦਿ ਦੇ ਡਰੋਂ ਅਜਿਹੇ ਬਹੁਤ ਸਾਰੇ ਮਾਮਲੇ

ਥਾਣਿਆਂ ਤੱਕ ਪਹੁੰਚਦੇ ਹੀ ਨਹੀਂ। ਸਮੂਹਿਕ ਬਲਾਤਕਾਰ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ ਅਤੇ ਅਕਸਰ ਹੀ ਔਰਤ ਪੀੜਤਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ - 16 ਦਸੰਬਰ 2012 ਨੂੰ ਦਿੱਲੀ ਵਿੱਚ ਨਿਰਭੈਆ ਦਾ ਸਮੂਹਿਕ ਬਲਾਤਕਾਰ ਅਤੇ ਹੱਤਿਆ ਹੋਣ ਕਰਕੇ ਵੱਡੀ ਪੱਧਰ ਤੇ ਰੋਸ ਮੁਜ਼ਾਹਰੇ ਹੋਏ ਤੇ ਅਖੀਰ ਵਿੱਚ ਇਕ ਨਾਬਾਲਗ ਕਿਸ਼ੋਰ ਨੂੰ ਛੱਡ ਕੇ ਸਾਰਿਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਪਰ ਉਨ੍ਹਾਂ ਦੀਆਂ ਅਪੀਲਾਂ ਹਾਲੇ ਵੀ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਪਈਆਂ ਹਨ।

***ਔਰਤਾਂ ਦੇ ਸ਼ਕਤੀਕਰਨ ਲਈ ਰਾਸ਼ਟਰੀ ਨੀਤੀ (2001) :*** ਇਸ ਨੀਤੀ ਵਿੱਚ ਬੇਹਤਰ ਯੋਜਨਾਬੰਦੀ ਪ੍ਰੋਗਰਾਮ ਬਣਾਉਣ, ਸਰੋਤਾਂ ਦੀ ਢੁਕਵੀਂ ਵੰਡ ਅਤੇ ਅਲੱਗ-ਅਲੱਗ ਪਏ ਲਿੰਗਕ ਅੰਕੜਿਆਂ ਨੂੰ ਇਕੱਤਰ ਕਰਨ ਲਈ ਲਿੰਗਕ ਵਿਕਾਸ ਸੂਚਕ ਬਣਾਉਣ ਦੀ ਕਲਪਨਾ ਕੀਤੀ ਗਈ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਰਾਸ਼ਟਰੀ ਕੌਂਸਲ ਅਤੇ ਮੁੱਖ ਮੰਤਰੀਆਂ ਦੀ ਅਗਵਾਈ ਵਾਲੀਆਂ ਰਾਜ ਕੌਂਸਲਾਂ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਸੰਬੰਧਿਤ ਵਿਭਾਗ/ ਮੰਤਰਾਲੇ, ਰਾਸ਼ਟਰੀ/ ਰਾਜ ਪੱਧਰੀ ਔਰਤਾਂ ਬਾਰੇ ਆਯੋਗ, ਸਮਾਜਕ ਭਲਾਈ ਬੋਰਡ, ਗ਼ੈਰ-ਸਰਕਾਰੀ ਸੰਗਠਨਾਂ, ਔਰਤਾਂ ਦੀਆਂ ਸਭਾਵਾਂ, ਟਰੇਡ ਯੂਨੀਅਨਾਂ, ਸਹਿਕਾਰੀ ਖੇਤਰ, ਵਿੱਤੀ ਸੰਸਥਾਨਾਂ, ਅਕਾਦਮਿਕ ਤੇ ਮਾਹਰਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਜਾਣਗੇ। ਔਰਤਾਂ ਦੀ ਘਟਕ ਯੋਜਨਾ ਸਾਰੇ ਮੰਤਰਾਲਿਆਂ/ ਵਿਭਾਗਾਂ ਤੋਂ 30 ਪ੍ਰਤਿਸ਼ਤ ਫੰਡ/ਫਾਇਦੇ ਔਰਤਾਂ ਲਈ ਯਕੀਨੀ ਬਣਾਏਗੀ। ਇਸਤਰੀ ਤੇ ਬਾਲ ਵਿਕਾਸ ਮੰਤਰਾਲੇ ਨੂੰ ਇਸ ਦੀ ਪ੍ਰਗਤੀ ਦੀ ਸਮੀਖਿਆ ਕਰਨ ਲਈ ਨੋਡਲ ਮੰਤਰਾਲਾ ਬਣਾਇਆ ਗਿਆ ਹੈ। ਇਸ ਨੀਤੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :

- ਜ਼ਿੰਦਗੀ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਦੀ ਤਰੱਕੀ, ਵਿਕਾਸ ਅਤੇ ਸ਼ਕਤੀਕਰਨ।
- ਔਰਤਾਂ ਦੀਆਂ ਲੋੜਾਂ ਪ੍ਰਤਿ ਸੰਵੇਦਨਸ਼ੀਲ ਜ਼ਿਆਦਾ ਜਵਾਬਦੇਹ ਅਦਾਲਤੀ ਕਾਨੂੰਨੀ ਪ੍ਰਣਾਲੀ।
- ਸੱਤਾ ਦੀ ਭਾਗੀਦਾਰੀ ਅਤੇ ਫੈਸਲੇ ਲੈਣ ਵਿੱਚ ਔਰਤਾਂ ਦੀ ਬਰਾਬਰੀ।
- ਵਿਕਾਸ ਪ੍ਰਕਿਰਿਆ ਵਿੱਚ ਲਿੰਗਕ ਪੱਖ ਨੂੰ ਮੁੱਖਧਾਰਾ ਵਿੱਚ ਲਿਆਉਣਾ।
- ਪ੍ਰਸੰਗਿਕ ਸੰਸਥਾਗਤ ਤੰਤਰ ਦੀ ਮਜਬੂਤੀ ਅਤੇ ਬਣਤਰ।
- ਭਾਈਚਾਰਾ ਅਧਾਰਤ ਸੰਗਠਨਾਂ ਨਾਲ ਭਾਈਵਾਲੀ।
- ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਉੱਪ-ਖੇਤਰੀ ਪੱਧਰਾਂ ਉਤੇ ਅੰਤਰਰਾਸ਼ਟਰੀ ਫਰਜ਼ਾਂ, ਵਚਨਬੱਧਤਾਵਾਂ ਅਤੇ ਸਹਿਯੋਗ ਨੂੰ ਅਮਲ ਵਿੱਚ ਲਿਆਉਣਾ, ਖ਼ਾਸ ਕਰਕੇ ਸੀ ਈ ਡੀ ਏ ਡਬਲਯੂ, ਸੀ ਆਰ ਸੀ ਅਤੇ ਆਰ ਸੀ ਡੀ ਡੀ +5।

**ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਵਲੋਂ ਅੱਠ ਦਹਿਸਦੀ ਵਿਕਾਸ ਟੀਚੇ (ਐੱਮ ਡੀ ਜੀ) ਐਲਾਨੇ ਗਏ ਅਤੇ ਤੀਸਰਾ ਟੀਚਾ ਸਿੱਧੇ ਤੌਰ ਤੇ ਔਰਤਾਂ ਦੇ ਸ਼ਕਤੀਕਰਨ ਨਾਲ ਸੰਬੰਧਿਤ ਹੈ : 2015 ਤੱਕ ਪ੍ਰਾਇਮਰੀ ਤੇ ਸੈਕੰਡਰੀ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਲਿੰਗਕ ਨਾਬਰਾਬਰੀ ਨੂੰ ਖਤਮ ਕਰਨਾ। ਪਰ ਅਸੀਂ 2015 ਤੱਕ ਸਕੂਲੀ ਸਿੱਖਿਆ ਵਿੱਚ ਲਿੰਗਕ ਬਰਾਬਰੀ ਹਾਸਲ ਨਹੀਂ ਕਰ ਸਕੇ, ਭਾਵੇਂ ਕਿ ਭਾਰਤ ਦੇ ਸਾਰੇ ਖੇਤਰਾਂ ਅਤੇ ਭਾਈਚਾਰਿਆਂ ਦੇ ਸਾਰੇ ਪੱਧਰਾਂ ਉਤੇ ਕੁੜੀਆਂ ਦੇ ਦਾਖਲੇ ਵਿੱਚ ਸੁਧਾਰ ਆਇਆ ਹੈ।**

ਹੋਰ, ਅਸੀ ਨਵਜਾਤ ਬੱਚਿਆਂ ਅਤੇ ਮਾਤਾਵਾਂ ਦੀ ਮੌਤ ਦੀ ਦਰ ਨੂੰ ਘੱਟ ਕਰਨ ਦਾ ਟੀਚਾ ਹਾਸਲ ਨਹੀਂ ਕਰ ਸਕੇ ਭਾਵੇਂ ਕਿ ਇਸ ਵਿੱਚ ਕਮੀ ਦਰਜ ਕੀਤੀ ਗਈ ਹੈ। ਇਸ ਪ੍ਰਕਾਰ, ਰੋਜ਼ਗਾਰ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਔਰਤਾਂ ਦੀ ਭਾਗੀਦਾਰੀ ਤਸੱਲੀਬਖਸ਼ ਨਹੀਂ ਭਾਵੇਂ ਕਿ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਮੁਦੱਈਆਂ ਨੇ ਵੱਡੇ ਪੱਧਰ ਉਤੇ ਰੋਜ਼ਗਾਰ ਪੈਦਾ ਕਰਨ ਦੀਆਂ ਡੀਂਗਾਂ ਮਾਰੀਆਂ ਸਨ। ਅਸਲੀਅਤ ਵਿੱਚ, ਭਾਰਤੀ ਆਰਥਿਕਤਾ ਦੇ ਬਹੁਤੇ ਖੇਤਰਾਂ ਵਿੱਚ 'ਨੌਕਰੀ ਰਹਿਤ ਵਿਕਾਸ' ਹੋਇਆ ਹੈ, ਹੁਣ ਨਿਰਮਾਣ ਵਿੱਚ ਸੁਧਾਰ ਆ ਰਿਹਾ ਹੈ। ਗਰੀਬੀ ਰੇਖਾ ਬਾਰੇ ਤੇਂਦੁਲਕਰ ਕਮੇਟੀ ਮੁਤਾਬਕ 29.8 ਪ੍ਰਤਿਸ਼ਤ ਜਨਸੰਖਿਆ (35 ਕਰੋੜ) 2009-10 ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਸੀ। 2002 ਤੋਂ 2015 ਦਰਮਿਆਨ 7.5 ਪ੍ਰਤਿਸ਼ਤ ਤੋਂ ਵੱਧ ਉੱਚ ਵਿਕਾਸ ਦਰ ਹੋਣ ਦੇ ਬਾਵਜੂਦ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। 2030 ਤੱਕ ਸਥਿਰ ਵਿਕਾਸ ਟੀਚੇ ਹਨ ਐੱਮ ਐੱਮ ਆਰ ਨੂੰ ਘੱਟ ਕਰਕੇ 70 ਤੱਕ ਲਿਆਉਣਾ, ਆਈ ਐੱਮ ਆਰ ਨੂੰ 12 ਅਤੇ ਬਾਲ ਮੌਤ ਦਰ ਨੂੰ 25 ਤੱਕ ਘੱਟ ਕਰਨਾ ਸਾਰਿਆਂ ਲਈ ਇਕਸਮਾਨ ਸਿਹਤ ਸੇਵਾਵਾਂ ਦੇਣਾ, ਸਾਰਿਆਂ ਲਈ ਸਮਾਵੇਸ਼ੀ ਤੇ ਇਕਸਮਾਨ ਸਿੱਖਿਆ, ਔਰਤਾਂ ਅਤੇ ਮਰਦਾਂ ਦਰਮਿਆਨ ਬਰਾਬਰੀ ਅਤੇ ਲੜਕੀਆਂ ਤੇ ਔਰਤਾਂ ਖਿਲਾਫ ਹਰ ਤਰ੍ਹਾਂ ਦੀ ਹਿੰਸਾ ਨੂੰ ਰੋਕਣਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੜ੍ਹੀਆਂ-ਲਿਖੀਆਂ/ਕੰਮਕਾਜੀ ਔਰਤਾਂ ਦੇਰ ਨਾਲ ਵਿਆਹ ਕਰਕੇ, ਬੱਚਿਆਂ ਦੇ ਜਨਮ ਵਿੱਚ ਵਿੱਥ ਰੱਖ ਕੇ ਅਤੇ ਟੀਕਕਰਨ ਰਾਹੀਂ ਛੋਟਾ ਪਰਿਵਾਰ ਰਖਣ ਨੂੰ ਤਰਜੀਹ ਦਿੰਦੀਆਂ ਹਨ। ਇਸ ਲਈ ਜ਼ਿਆਦਾ ਸਰੋਤ ਪ੍ਰੇਰਨਾ ਅਤੇ ਔਰਤਾਂ ਦੀ ਸਿੱਖਿਆ ਤੇ ਰੋਜ਼ਗਾਰ ਲਈ ਜਾਗਰੂਕਤਾ ਵਿੱਚ ਵਾਧਾ ਕਰਨਾ ਸਮੇਂ ਦੀ ਮੰਗ ਹੈ। ਇਸ ਵਾਸਤੇ ਡਿਗਰੀ ਤੱਕ ਸਿੱਖਿਆ ਮੁਫਤ ਕਰਨੀ ਹੋਵੇਗੀ, ਸਕੂਲਾਂ/ਕਾਲਜਾਂ ਦਾ ਬੁਨਿਆਦੀ ਢਾਂਚਾ ਬੇਹਤਰ ਕਰਨਾ ਹੋਵੇਗਾ (ਇਮਾਰਤਾਂ, ਪਖ਼ਾਨੇ, ਪੁਸਤਕਾਲੇ, ਪੀਣ ਵਾਲਾ ਸੁਰੱਖਿਅਤ ਪਾਣੀ ਆਦਿ), ਢੁੱਕਵੇਂ ਸਿੱਖਿਅਤ ਅਧਿਆਪਕ ਅਤੇ ਹੁਨਰ ਵਿੱਚ ਵਾਧਾ, ਪੁਨਰ-ਹੁਨਰਮੰਦੀ ਅਤੇ ਬਹੁ-ਹੁਨਰਮੰਦੀ ਲਈ ਸਕੂਲਾਂ ਕਾਲਜਾਂ ਵਿੱਚ ਸੰਗਠਿਤ ਮੁਹਿੰਮ - ਜਿਸ ਵਿੱਚ ਉਦਯੋਗਿਕ ਸਿੱਖਿਆ ਸੰਸਥਾਨਾਂ ਅਤੇ ਔਰਤਾਂ ਵਾਸਤੇ ਪਾਲੀਟੈਕਨਿਕ ਕਾਲਜਾਂ ਨੂੰ ਨਵੀਂ ਦਿਸ਼ਾ ਦੇਣਾ ਅਤੇ ਨਵੇਂ ਸਿਰਿਉਂ ਸੰਗਠਿਤ ਕਰਨਾ ਸ਼ਾਮਲ ਹੈ। ਅਜਿਹਾ ਬਾਜ਼ਾਰ, ਰਾਜ ਅਤੇ ਸਿਵਲ ਸੋਸਾਇਟੀ ਨੂੰ ਲੋੜੀਂਦੇ ਕਿੱਤਿਆਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ। ਹੁਨਰ ਵਿਕਾਸ ਅਤੇ ਉੱਦਮਤਾ ਬਾਰੇ ਇਕ ਨਵਾਂ ਮੰਤਰਾਲਾ ਬਣਾਇਆ ਗਿਆ ਹੈ।

## ਕੇਂਦਰ ਸਰਕਾਰ ਦੀਆਂ ਔਰਤਾਂ ਬਾਰੇ ਸਕੀਮਾਂ :

ਐੱਸ ਏ ਬੀ ਐੱਲ ਏ (ਰਾਜੀਵ ਗਾਂਧੀ ਸਕੀਮ ਫਾਰ ਐਂਪਾਵਰਮੈਂਟ ਆਫ ਅਡੋਲੇਸੈਂਟ ਗਰਲਜ਼) - ਇਸ ਨੂੰ ਭਾਰਤ ਦੇ ਚੋਣਵੇਂ 205 ਜ਼ਿਲ੍ਹਿਆਂ ਵਿੱਚ ਆਈ ਸੀ ਡੀ ਐੱਸ ਰਾਹੀਂ ਲਾਗੂ

ਕੀਤਾ ਜਾ ਰਿਹਾ ਹੈ – ਪੋਸ਼ਣ ਤੋਂ ਬਿਨਾਂ (ਆਇਰਨ ਤੇ ਫੋਲਿਕ ਏਸਿਡ, ਸਿਹਤ ਜਾਂਚ ਅਤੇ ਰੈਫਰਲ ਸੇਵਾਵਾਂ, ਪਰਿਵਾਰ ਭਲਾਈ ਅਤੇ ਸ਼ਿਸ਼ੂ ਸੰਭਾਲ ਪ੍ਰਥਾਵਾਂ ਲਈ ਸਲਾਹ-ਮਸ਼ਵਰਾ, 11–18 ਸਾਲ ਦੀਆਂ ਲੜਕੀਆਂ ਨੂੰ ਜੀਵਨ ਹੁਨਰ ਦੀ ਸਿਖਲਾਈ ਅਤੇ 16–18 ਸਾਲ ਦੀਆਂ ਲੜਕੀਆਂ ਨੂੰ ਕਿੱਤਾਮੁਖੀ ਸਿਖਲਾਈ) ਲਈ 100 ਪ੍ਰਤਿਸ਼ਤ ਕੇਂਦਰੀ ਸਹਾਇਤਾ ਅਤੇ ਪੋਸ਼ਣ ਲਈ 50 ਪ੍ਰਤਿਸ਼ਤ ਕੇਂਦਰੀ ਸਹਾਇਤਾ। 2014–15 ਦੌਰਾਨ (31.12.2014 ਤੱਕ) 98.15 ਲੱਖ ਲਾਭਪਾਤਰਾਂ ਨੂੰ ਪੋਸ਼ਣ ਦੇ ਦਾਇਰੇ ਹੇਠ ਲਿਆਂਦਾ ਗਿਆ ਅਤੇ 0.42 ਲੱਖ ਕੁੜੀਆਂ ਨੂੰ ਕਿੱਤਾਮੁਖੀ ਸਿਖਲਾਈ ਦਿੱਤੀ ਗਈ। ਇਕ ਸਫਲਤਾ ਦੀ ਕਹਾਣੀ ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਦੇ ਇੰਗਲਿਸ਼ ਬਾਜ਼ਾਰ ਖੇਤਰ ਦੀ ਰਹਿਣ ਵਾਲੀ ਕਾਜਲ ਭਗਤ ਨਾਲ ਸੰਬੰਧਿਤ ਹੈ ਜਿਸ ਨੇ ਆਂਗਨਵਾੜੀ ਕਰਮੀਆਂ ਤੋਂ ਪ੍ਰੇਰਨਾ ਲੈ ਕੇ ਸਕੂਲ ਛੱਡਣ ਅਤੇ 18 ਸਾਲਾਂ ਤੋਂ ਪਹਿਲਾਂ ਵਿਆਹ ਕਰਵਾਉਣ ਲਈ ਕੋਰੀ ਨਾਂਹ ਕਰ ਦਿੱਤੀ। ਦੂਸਰਾ, ਮਾਤ੍ਰਿਤਵ ਸਹਿਯੋਗ ਯੋਜਨਾ ਪਹਿਲਾਂ-ਪਹਿਲ ਭਾਰਤ ਦੇ 53 ਚੋਣਵੇਂ ਜ਼ਿਲ੍ਹਿਆਂ ਵਿੱਚ ਆਈ ਸੀ ਡੀ ਐੱਸ ਰਾਹੀਂ ਅਮਲ ਵਿੱਚ ਲਿਆਂਦੀ ਗਈ। 19 ਸਾਲਾਂ ਤੋਂ ਵੱਧ ਉਮਰ ਦੀ ਗਰਭਵਤੀ ਔਰਤ ਨੂੰ ਪਹਿਲੇ ਦੋ ਜਣੇਪਿਆਂ ਲਈ ਪ੍ਰਤਿ ਵਿਅਕਤੀ 6000 ਰੁਪਏ ਦੋ ਬਰਾਬਰ ਕਿਸ਼ਤਾਂ ਵਿੱਚ ਗਰਭ ਅਵਸਥਾ ਅਤੇ ਦੁੱਧ ਪਿਲਾਉਣ ਦੇ ਸਮੇਂ ਦਿੱਤੇ ਜਾਂਦੇ ਹਨ (2010–11 ਤੋਂ ਕੇਂਦਰ ਵਲੋਂ ਪ੍ਰਾਯੋਜਿਤ ਸਕੀਮ)। ਇਸ ਨੂੰ 200 ਵਾਧੂ ਜ਼ਿਲ੍ਹਿਆਂ ਤੱਕ ਵਧਾ ਦਿੱਤਾ ਗਿਆ ਅਤੇ 2016–17 ਵਿੱਚ ਇਸ ਨੂੰ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਕਰ ਦਿੱਤਾ ਗਿਆ। 2015–16 ਦੌਰਾਨ ਇਸ ਦਾ ਕੇਂਦਰੀ ਹਿੱਸਾ ਰਾਸ਼ਟਰੀ ਅੰਨ ਸੁਰੱਖਿਆ ਐਕਟ (2013) ਦੇ ਪ੍ਰਾਵਧਾਨਾਂ ਮੁਤਾਬਕ 1497 ਕਰੋੜ ਰੁਪਏ ਸੀ। ਤੀਜਾ, ਔਖੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰ ਰਹੀਆਂ ਔਰਤਾਂ (ਛੱਡੀਆਂ, ਵਿਧਵਾਵਾਂ, ਜੇਲ੍ਹੋਂ ਛੁਟੀਆਂ ਕੈਦੀ ਔਰਤਾਂ, ਰਾਸ਼ਟਰੀ ਆਫਤਾਂ ਤੋਂ ਬਚੀਆਂ ਬੇਘਰ ਔਰਤਾਂ, ਤਸਕਰੀ ਕਰਕੇ ਲਿਆਂਦੀਆਂ, ਵੇਸਵਾ ਘਰਾਂ ਤੋਂ ਬਚਾਈਆਂ/ਭੱਜੀਆਂ ਔਰਤਾਂ, ਅੱਤਵਾਦੀ ਹਿੰਸਾ ਤੋਂ ਪ੍ਰਭਾਵਿਤ ਬੇਸਹਾਰਾ ਔਰਤਾਂ, ਬੇਸਹਾਰਾ ਮੰਦਬੁੱਧੀ ਔਰਤਾਂ, ਏਡਜ਼ ਪੀੜਤ ਬੇਸਹਾਰਾ/ਛੱਡੀਆਂ ਔਰਤਾਂ) ਲਈ ਸਵਾਧਰ ਸਕੀਮ ਕੇਂਦਰ ਸਰਕਾਰ ਵਲੋਂ 2001–02 ਵਿੱਚ ਹਾਸ਼ੀਏ ਉਤੇ ਰਹਿ ਰਹੀਆਂ ਕੁੜੀਆਂ/ਔਰਤਾਂ ਨੂੰ ਆਸਰਾ, ਖਾਣਾ, ਕੱਪੜੇ ਅਤੇ ਸਾਂਭ-ਸੰਭਾਲ ਮੁਹੱਈਆ ਕਰਵਾਉਣ, ਉਨ੍ਹਾਂ ਦੇ ਪੁਨਰਵਾਸ ਲਈ ਭਾਵਨਾਤਮਕ ਸਹਾਇਤਾ ਦੇਣ, ਡਾਕਟਰੀ ਤੇ ਕਾਨੂੰਨੀ ਸਹਾਇਤਾ ਦੇਣ ਅਤੇ ਮੁਸੀਬਤਜ਼ਦਾ ਔਰਤਾਂ ਨੂੰ ਹੈਲਪਲਾਈਨ ਮੁਹੱਈਆ ਕਰਵਾਉਣ ਲਈ ਸ਼ੁਰੂ ਕੀਤੀ ਗਈ ਸੀ। ਰਾਜਾਂ ਦੀਆਂ ਔਰਤਾਂ ਦੇ ਵਿਕਾਸ ਬਾਰੇ ਕਾਰਪੋਰੇਸ਼ਨਾਂ ਜਾਂ ਟ੍ਰਸਟਾਂ ਆਦਿ ਦੀ ਸੰਰੱਖਿਆ ਹੇਠ ਹੁਣ 311 ਸਵਾਧਰ ਘਰ ਕੰਮ ਕਰ ਰਹੇ ਹਨ। 2013–14 ਵਿੱਚ ਸਵਾਧਰ ਸਕੀਮ ਲਈ 75 ਕਰੋੜ ਰੁਪਏ ਦੇ ਬਜਟ ਪ੍ਰਾਵਧਾਨ ਅਧੀਨ ਕੁੱਲ ਖਰਚ 53.74 ਕਰੋੜ ਰੁਪਏ ਅਤੇ 2014–15 ਦੌਰਾਨ ਇਸ ਦਾ ਬਜਟ 115 ਕਰੋੜ ਰੁਪਏ ਸੀ। ਚੌਥਾ, ਉੱਜਵਲਾ ਸਕੀਮ 2007 ਤੋਂ ਔਰਤਾਂ ਦੀ ਤਸਕਰੀ ਦਾ ਮੁਕਾਬਲਾ ਕਰਨ ਲਈ ਬਣਾਈ ਗਈ ਸੀ ਜਿਸ ਦਾ ਕੇਂਦਰ ਬਿੰਦੂ ਰੋਕਥਾਮ, ਬਚਾਅ, ਪੁਨਰਵਾਸ, ਪੁਨਰ ਏਕੀਕਰਨ ਅਤੇ ਤਸਕਰੀ ਪੀੜਤਾਂ ਨੂੰ ਉਨ੍ਹਾਂ ਦੇ ਘਰ ਵਾਪਸ ਭੇਜਣਾ ਸੀ। 2014–15 ਦੌਰਾਨ 289 ਪ੍ਰਾਜੈਕਟ ਮਨਜ਼ੂਰ ਕੀਤੇ ਗਏ (ਇਸ ਵਿੱਚ 165 ਸੁਰੱਖਿਆਤਮਕ ਅਤੇ ਪੁਨਰਵਾਸ ਘਰ ਸ਼ਾਮਲ ਸਨ ਜਿਸ ਦਾ ਕੁੱਲ ਖਰਚ 16 ਕਰੋੜ ਰੁਪਏ ਸੀ)। ਪੰਜਵਾਂ, *ਸਟੈਪ* (ਐੱਸ ਟੀ ਈ ਪੀ) (ਸਿਖਲਾਈ ਤੇ ਰੋਜ਼ਗਾਰ ਸਹਾਇਤਾ ਲਈ ਪ੍ਰੋਗਰਾਮ) ਪ੍ਰੋਗਰਾਮ ਔਰਤਾਂ ਲਈ 1986–87 ਵਿੱਚ ਕੇਂਦਰੀ ਖੇਤਰ ਦੀ ਸਕੀਮ ਵਜੋਂ ਸ਼ੁਰੂ ਕੀਤਾ ਗਿਆ ਸੀ ਜਿਸ ਦਾ ਉਦੇਸ਼ 16 ਸਾਲਾਂ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਹੁਨਰ ਪ੍ਰਦਾਨ ਕਰਨਾ ਸੀ। 2013–14 ਦੌਰਾਨ 7 ਕਰੋੜ ਰੁਪਏ ਵੱਖ-ਵੱਖ ਰਾਜਾਂ ਲਈ ਜਾਰੀ ਕੀਤੇ ਗਏ। ਛੇਵਾਂ, 31.12.2014 ਤੱਕ ਕੰਮਕਾਜੀ ਔਰਤਾਂ ਦੇ 915 ਹੋਸਟਲ ਸਨ ਜਿਥੇ 68631 ਕੰਮਕਾਜੀ ਔਰਤਾਂ ਨਿਵਾਸ ਕਰਦੀਆਂ ਸਨ। 2014–15 ਦੌਰਾਨ ਕੰਮਕਾਜੀ ਔਰਤਾਂ ਲਈ ਹੋਸਟਲਾਂ ਦੀ ਉਸਾਰੀ ਕਰਨ ਵਾਸਤੇ ਬਜਟ ਆਵੰਟਨ 25 ਕਰੋੜ ਰੁਪਏ ਸੀ। ਛੇਵਾਂ, ਰਾਸ਼ਟਰੀ ਪੱਧਰ ਉਤੇ ਵਿਅਕਤੀਗਤ/ਸੰਗਠਨਾਂ ਨੂੰ 3 ਲੱਖ ਦੇ ਛੇ ਇਸਤਰੀ ਸ਼ਕਤੀ ਪੁਰਸਕਾਰ ਦਿੱਤੇ ਜਾਂਦੇ ਹਨ। ਇਕ ਰਾਜ ਮਹਿਲਾ ਸਨਮਾਨ (40,000 ਰੁਪਏ) ਹਰੇਕ ਰਾਜ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ ਲਈ, ਇਕ ਜ਼ਿਲ੍ਹਾ ਮਹਿਲਾ ਸਨਮਾਨ (20,000 ਰੁਪਏ) ਹਰੇਕ ਜ਼ਿਲ੍ਹੇ ਲਈ ਦਿੱਤੇ ਜਾਂਦੇ ਹਨ। ਬੇਟੀ ਬਚਾਉ, ਬੇਟੀ ਪੜ੍ਹਾਉ, ਕੇਂਦਰ ਸਰਕਾਰ ਦੀ ਇਕ ਮੋਹਰੀ ਸਕੀਮ ਹੈ।

## ਸਿਫਾਰਸ਼ਾਂ

1. ਵਾਨ ਸਟੀਵਰਨ ਨੇ ਬਿਲਕੁਲ ਠੀਕ ਹੀ ਪ੍ਰਜਣਨ ਆਜ਼ਾਦੀ ਵਾਸਤੇ ਔਰਤਾਂ ਦੇ ਛੇ ਹੱਲਾਂ ਬਾਰੇ ਸੁਝਾਅ ਦਿੱਤੇ ਹਨ :

- ਗਰਭ ਨਿਰੋਧਕ ਤੱਕ ਪਹੁੰਚ।
- ਬੱਚਿਆਂ ਬਾਰੇ ਫੈਸਲਾ ਲੈਣ ਤੱਕ ਪਹੁੰਚ (ਕਿਸ ਨਾਲ, ਕਦੋਂ ਅਤੇ ਕਿੰਨੇ)।
- ਜਿਨਸੀ ਸਿੱਖਿਆ ਅਤੇ ਸੈਕਸ ਬਾਰੇ ਜਾਣਕਾਰੀ ਤੱਕ ਪਹੁੰਚ।
- ਮਾਪਿਆਂ ਅਤੇ ਬੱਚਿਆਂ ਲਈ ਸਿਹਤ ਸੰਭਾਲ (ਪ੍ਰਜਣਨ) ਤੱਕ ਪਹੁੰਚ।
- ਮਾਤਾ/ਪਿਤਾ ਤੋਂ ਇਲਾਵਾ ਵਿਕਲਪਿਕ ਭੂਮਿਕਾਵਾਂ ਤੱਕ ਪਹੁੰਚ।
- ਆਰਥਿਕ ਸਰੋਤਾਂ ਤੱਕ ਪਹੁੰਚ।

ਪਰ ਅੱਜਕੱਲ੍ਹ ਪਰਿਵਾਰ ਭਲਾਈ ਦੇ ਕਦਮਾਂ ਬਾਰੇ ਪ੍ਰਚਾਰ ਪਹਿਲਾਂ ਜਿੰਨਾ ਨਹੀਂ ਹੋ ਰਿਹਾ, ਇਸ ਨੂੰ ਉਜਾਗਰ ਕਰਨ ਦੀ ਲੋੜ ਹੈ।

ਦੂਜਾ, ਕੇਂਦਰੀ ਅਤੇ ਰਾਜ ਸਰਕਾਰਾਂ ਦੋਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜ਼ਮੀਨੀ ਪੱਧਰ ਉਤੇ 30 ਪ੍ਰਤਿਸ਼ਤ ਫੰਡ ਔਰਤਾਂ ਲਈ ਰਾਖਵਾਂ ਰੱਖਿਆ ਜਾਵੇ। ਸੰਗਠਿਤ ਖੇਤਰ ਵਿੱਚ ਨੌਕਰੀਆਂ ਉਤੇ ਜ਼ੋਰ ਦੇਣ ਲਈ ਸਾਰੀਆਂ ਸਰਕਾਰੀ ਏਜੰਸੀਆਂ ਨੂੰ ਤਰਜੀਹ ਸਥਾਪਤ ਕਰਨੀ ਚਾਹੀਦੀ ਹੈ। ਔਰਤਾਂ ਦੀ ਭਰਤੀ ਲਈ ਨਿੱਜੀ ਖੇਤਰ ਨੂੰ ਹੋਰ ਖੁੱਲ੍ਹਾ ਹੋਣਾ ਚਾਹੀਦਾ ਹੈ ਤਾਂ ਕਿ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਵਜੋਂ ਹਕੀਕਤ ਵਿੱਚ ਲਿੰਗ ਬਰਾਬਰੀ ਨੂੰ ਯਕੀਨੀ ਬਣਾਇਆ ਜਾ ਸਕੇ। ਵਿੱਤੀਕਰਨ ਲਈ ਬੈਂਕਾਂ ਦੇ ਸਹਿਯੋਗ ਨਾ ਦੇਣ ਕਾਰਨ ਸਵੈ-ਸਹਾਇਤਾ ਸਮੂਹ ਸਫਲ ਨਹੀਂ ਹੋਏ।

ਤੀਜਾ, ਵਿਧਾਨਕ ਸਭਾਵਾਂ ਦੀ ਫੈਸਲੇ ਕਰਨ ਦੀ ਪ੍ਰਕਿਰਿਆ ਵਿੱਚ ਔਰਤਾਂ ਦੀ ਨੁਮਾਇੰਦਗੀ ਦਾ ਮੁੱਦਾ ਹਾਲੇ ਤੱਕ ਹੱਲ ਨਹੀਂ ਹੋ ਸਕਿਆ। ਭਾਵੇਂ ਕਿ ਲੋਕ ਸਭਾ ਅਤੇ ਰਾਜ ਸਭਾ ਵਿੱਚ ਔਰਤਾਂ ਲਈ ਰਾਖਵੇਂਕਰਨ ਨੂੰ ਰਾਜ ਸਭਾ ਵਲੋਂ 2010 ਵਿੱਚ ਪਾਸ ਕਰ ਦਿੱਤਾ ਗਿਆ ਸੀ ਪਰ ਲੋਕ ਸਭਾ ਵਲੋਂ ਹਾਲੇ ਤੱਕ ਇਸ ਨੂੰ ਪਾਸ ਨਹੀਂ ਕੀਤਾ ਗਿਆ। ਮਹਾਰਾਸ਼ਟਰ, ਬਿਹਾਰ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਰਾਜਸਥਾਨ ਔਰਤਾਂ

ਲਈ ਪੰਚਾਇਤੀ ਰਾਜ ਵਿੱਚ 50 ਪ੍ਰਤਿਸ਼ਤ ਰਾਖਵਾਂਕਰਨ ਦਿੰਦੇ ਹਨ। ਦੂਜੇ ਰਾਜ ਇਕ ਤਿਹਾਈ ਰਾਖਵਾਂਕਰਨ ਦਿੰਦੇ ਹਨ।

ਚੌਥਾ, ਇਕੱਲੇ ਵਰਿੰਦਾਵਨ (ਉੱਤਰ ਪ੍ਰਦੇਸ਼) ਵਿੱਚ ਹੀ ਹਜ਼ਾਰਾਂ ਵਿਧਵਾਵਾਂ ਅਣਗੌਲੀ ਅਤੇ ਅਮਾਨਵੀ ਜ਼ਿੰਦਗੀ ਜੀਅ ਰਹੀਆਂ ਹਨ (ਖਾਣੇ, ਕੱਪੜੇ, ਅਤੇ ਆਸਰੇ ਲਈ ਭੀਖ ਮੰਗਣੀ, ਆਸ਼ਰਮ ਦੀ ਜ਼ਮੀਨ ਨੂੰ ਬਿਲਡਰ ਮਾਫੀਏ ਵਲੋਂ ਹਥਿਆਉਣਾ ਜਿਸ ਨਾਲ ਆਸ਼ਿਆਨੇ ਉੱਜੜ ਜਾਂਦੇ ਹਨ, ਕੋਈ ਬਿਰਧ ਅਵਸਥਾ ਜਾਂ ਵਿਧਵਾ ਪੈਨਸ਼ਨ ਨਹੀਂ, ਜਿਨਸੀ ਸ਼ੋਸ਼ਣ, ਵੋਟ ਪਛਾਣ ਪੱਤਰ ਨਾ ਹੋਣਾ, ਰਾਸ਼ਨ ਕਾਰਡ ਨਾ ਹੋਣਾ ਅਤੇ ਮੌਤ ਉਪਰੰਤ ਅੰਤਮ ਸਸਕਾਰ ਲਈ ਢੁੱਕਵੀਆਂ ਸਹੂਲਤਾਂ ਨਾ ਹੋਣਾ)। ਇਸੇ ਤਰ੍ਹਾਂ ਹੀ ਦੇਸ਼ ਦੇ ਲਾਲ ਬੱਤੀ ਖੇਤਰਾਂ ਵਿੱਚ 30 ਲੱਖ ਵੇਸਵਾਵਾਂ ਦੀ ਹਾਲਤ ਬਦਤਰ ਹੈ। ਉਨ੍ਹਾਂ ਨੂੰ ਤਰਜੀਹੀ ਅਧਾਰ ਉਤੇ ਰੋਜ਼ੀ-ਰੋਟੀ ਦੇ ਬਦਲਵੇਂ ਸਾਧਨਾਂ ਲਈ ਪੁਨਰਵਾਸ ਕਰਨ ਦੀ ਲੋੜ ਹੈ।

ਪੰਜਵਾਂ, ਕੁਦਰਤੀ ਆਫਤਾਂ ਜਿਵੇਂ ਹੜ੍ਹ ਤੇ ਸੋਕਾ, ਖੇਤੀ ਉਤਪਾਦਨ/ਕਾਮਿਆਂ ਅਤੇ ਉਦਯੋਗਿਕ ਉਤਪਾਦਾਂ ਦਰਮਿਆਨ ਵਪਾਰ ਦੀਆਂ ਅਸਮਤਲ ਸ਼ਰਤਾਂ ਕਾਰਨ, ਮਹਿੰਗਾਈ ਦੀ ਉੱਚ ਦਰ (ਜਿਸ ਦਾ ਮੁੱਖ ਕਾਰਨ ਭੰਡਾਰ ਕਰਨ ਵਾਲਿਆਂ, ਵਿਚੋਲੇ ਵਪਾਰੀਆਂ ਵਲੋਂ ਕੀਤੀ ਜਾਣ ਵਾਲੀ ਕਾਲਾਬਾਜ਼ਾਰੀ ਹੈ), ਘੱਟ ਅਤੇ ਗੈਰ-ਬਰਾਬਰੀ ਉਜਰਤਾਂ, ਮਾੜੀ ਸਿਹਤ ਤੇ ਸਾਫ ਸਫਾਈ ਆਦਿ ਕਰਕੇ ਔਰਤ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੇ ਹਾਲਾਤ ਹੋਰ ਖਰਾਬ ਹੋਏ ਹਨ। ਬਿਹਾਰ ਵਿੱਚ 2013-14 ਦੌਰਾਨ ਕੁੱਲ 6000 ਮਾਤਾਵਾਂ ਦੀ ਮੌਤ ਹੋਈ ਪਰ ਜ਼ਿਲ੍ਹਾ ਅਧਿਕਾਰੀਆਂ ਵਲੋਂ ਕੇਵਲ 352 ਮੌਤਾਂ ਦੀ ਜਾਣਕਾਰੀ ਦਿੱਤੀ ਗਈ, ਜਿਵੇਂ ਕਿ ਬਿਹਾਰ ਦੀ ਰਾਜ ਸਿਹਤ ਸੋਸਾਇਟੀ ਵਲੋਂ ਇਕਬਾਲ ਕੀਤਾ ਗਿਆ ਹੈ (ਟਾਈਮਜ਼ ਆਫ ਇੰਡੀਆ, 31.08.2014)। ਜਿਵੇਂ ਕਿ ਇਕ ਵਾਕਿਆ ਦੱਸਿਆ ਜਾਂਦਾ ਹੈ, ਲਗਭਗ 300 ਸਾਲ ਪਹਿਲਾਂ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਦੀ ਰਾਣੀ ਮੁਮਤਾਜ ਮਹਿਲ ਬੱਚੇ ਨੂੰ ਜਨਮ ਦੇਣ ਸਮੇਂ ਗੁਜ਼ਰ ਗਈ ਅਤੇ ਉਸ ਨੇ ਰਾਣੀ ਦੀ ਯਾਦ ਵਿੱਚ ਆਗਰਾ ਵਿਖੇ ਤਾਜ਼ਮਹਿਲ ਦਾ ਨਿਰਮਾਣ ਕਰਵਾਇਆ। ਇਸੇ ਹੀ ਸਮੇਂ ਸਵੀਡਨ ਦੀ ਇਕ ਰਾਣੀ ਨੂੰ ਪ੍ਰਸੂਤ ਸੰਬੰਧੀ ਜਟਿਲਤਾਵਾਂ ਦਾ ਸਾਹਮਣਾ ਕਰਨਾ ਪਿਆ ਅਤੇ ਰਾਜੇ ਨੇ ਉਸ ਦੀ ਜਾਨ ਬਚਾਉਣ ਲਈ ਫਰਾਂਸੀਸੀ ਡਾਕਟਰਾਂ ਨੂੰ ਬੁਲਾਇਆ ਅਤੇ ਬਾਅਦ ਵਿੱਚ ਦਿਹਾਤੀ ਔਰਤਾਂ ਨੂੰ ਪ੍ਰਸੂਤੀ ਮਾਮਲਿਆਂ ਦੀ ਸਿਖਲਾਈ ਦੇਣ ਲਈ ਨਰਸਿੰਗ ਸਕੂਲ ਖੋਲ੍ਹੇ। ਵਰਤਮਾਨ ਸਮੇਂ ਸਵੀਡਨ ਦੀ ਐੱਮ ਐੱਮ ਆਰ ਸਭ ਤੋਂ ਘੱਟ 8 ਹੈ ਅਤੇ ਆਈ ਐੱਮ ਆਰ 5 ਹੈ ਜਦ ਕਿ ਭਾਰਤ ਦੀ ਆਈ ਐੱਮ ਆਰ ਬਹੁਤ ਜ਼ਿਆਦਾ 2014 ਵਿੱਚ 38 ਹੈ ਜਦ ਕਿ ਇਹ ਦਰ ਬੰਗਲਾਦੇਸ਼ ਵਿੱਚ 31, ਨੇਪਾਲ ਵਿੱਚ 29 ਹੈ। ਭਾਰਤ ਵਿੱਚ ਐੱਮ ਐੱਮ ਆਰ 167 ਹੈ (2013)। 1990-2012 ਦੌਰਾਨ ਭਾਰਤ ਵਿੱਚ ਆਈ ਐੱਮ ਆਰ 50 ਪ੍ਰਤਿਸ਼ਤ ਘਟ ਗਈ ਜਦ ਕਿ ਬੰਗਲਾਦੇਸ਼ ਵਿੱਚ ਇਹ 67 ਪ੍ਰਤਿਸ਼ਤ ਅਤੇ ਨੇਪਾਲ ਵਿੱਚ 66 ਪ੍ਰਤਿਸ਼ਤ ਘੱਟ ਹੋਈ ਕਿਉਂਕਿ ਭਾਰਤ ਆਪਣੀ ਕੁੱਲ ਘਰੇਲੂ ਉਤਪਾਦ ਦਾ ਸਿਰਫ 1.3 ਪ੍ਰਤਿਸ਼ਤ ਸਿਹਤ ਉਤੇ ਖਰਚ ਕਰਦਾ ਹੈ ਜਦ ਕਿ ਬਰਤਾਨੀਆਂ 7.6 ਪ੍ਰਤਿਸ਼ਤ ਅਤੇ ਅਮਰੀਕਾ 8.1 ਪ੍ਰਤਿਸ਼ਤ ਸਿਹਤ ਉਤੇ ਖਰਚ ਕਰਦੇ ਹਨ। ਪ੍ਰਤਿ ਵਿਅਕਤੀ ਸਿਹਤ ਉਤੇ ਖਰਚ ਵੀ ਤਸੱਲੀਬਖਸ਼ ਨਹੀਂ ਹੈ : ਭਾਰਤ ਵਿੱਚ 61 ਅਮਰੀਕੀ ਡਾਲਰ, ਸ੍ਰੀਲੰਕਾ ਵਿੱਚ 102 ਡਾਲਰ, ਬਰਤਾਨੀਆਂ ਵਿੱਚ 3598 ਡਾਲਰ ਅਤੇ ਅਮਰੀਕਾ ਵਿੱਚ 9146 ਡਾਲਰ ਸਿਹਤ ਉਤੇ ਪ੍ਰਤਿ ਵਿਅਕਤੀ ਖਰਚ ਕੀਤੇ ਜਾਂਦੇ ਹਨ।

**ਭਾਰਤ ਵਿੱਚ ਸਿਹਤ ਬੀਮਾ ਸਿਰਫ 18 ਪ੍ਰਤਿਸ਼ਤ ਹੈ। ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਜੀਵਨ ਜਯੋਤੀ ਯੋਜਨਾ ਇਸ ਸੰਬੰਧ ਵਿੱਚ ਵਧੀਆ ਸ਼ੁਰੂਆਤ ਹਨ। ਇਸੇ ਤਰ੍ਹਾਂ ਹੀ ਬੱਚਿਆਂ ਲਈ ਸੱਤ ਟੀਕਾਕਰਨ ਵਾਲਾ ਮਿਸ਼ਨ ਇੰਦਰ ਧਨੁਸ਼ ਵੀ ਸਹੀ ਦਿਸ਼ਾ ਵਿੱਚ ਇਕ ਕਦਮ ਹੈ। ਸਵੱਛ ਭਾਰਤ ਵੀ ਬਰਾਬਰ ਦਾ ਮਹੱਤਵਪੂਰਨ ਹੈ ਕਿਉਂਕਿ ਸਾਫ ਸਫਾਈ ਉਤੇ ਖਰਚ 1 ਡਾਲਰ ਸਿਹਤ, ਸਿੱਖਿਆ ਅਤੇ ਆਰਥਿਕ ਵਿਕਾਸ ਦੇ 9 ਡਾਲਰ ਬਚਾਉਂਦਾ ਹੈ।**

ਭਾਰਤ ਦੇ 640 ਜ਼ਿਲ੍ਹਿਆਂ ਵਿੱਚੋਂ ਕੇਵਲ 193 ਵਿੱਚ ਹੀ ਮੈਡੀਕਲ ਕਾਲਜ ਅਤੇ ਹਸਪਤਾਲ ਹਨ (ਸਹਾਇਕ ਸਿਹਤ ਸੇਵਾਵਾਂ ਲਈ)। ਭਾਰਤ ਵਿੱਚ 70-80 ਪ੍ਰਤਿਸ਼ਤ ਮੈਡੀਕਲ ਸਹੂਲਤਾਂ ਨਿੱਜੀ

ਤਾਲਿਕਾ-2 : ਭਾਰਤ ਵਿੱਚ ਵੱਖ-ਵੱਖ ਯੋਜਨਾਵਾਂ ਲਈ ਪਹਿਲ ਦੀਆਂ ਕਿਸਮਾਂ

| ਪਹਿਲ | ਕਾਰਵਾਈ ਕੀਤੀ | ਯੋਜਨਾਵਾਂ |
|---|---|---|
| 1 .ਭਲਾਈ ਪਹਿਲ | ਲੜਕੀਆਂ ਨੂੰ ਸਿੱਖਿਆ ਲਈ ਵਜ਼ੀਫੇ, ਖ਼ਾਸ ਕਰਕੇ ਗ੍ਰਹਿ ਵਿਗਿਆਨ, ਸਿਲਾਈ, ਕਢਾਈ ਲਈ। | ਪਹਿਲੀ ਤੋਂ ਪੰਜਵੀਂ ਯੋਜਨਾ (1951-1979) |
| 2. ਵਿਕਾਸ ਵਿੱਚ ਔਰਤਾਂ | ਗਰੀਬੀ ਹਟਾਉਣਾ, ਸਿੱਖਿਆ ਤੇ ਸਿਹਤ | ਛੇਵੀਂ ਤੇ ਸੱਤਵੀਂ ਯੋਜਨਾ (1980-1990) |
| 3. ਔਰਤਾਂ ਦਾ ਸ਼ਕਤੀਕਰਨ | ਵਿਕਾਸ ਪ੍ਰਕਿਰਿਆਵਾਂ ਵਿੱਚ ਲਿੰਗਕ ਪੱਖ ਤੋਂ ਔਰਤਾਂ ਦੀਆਂ ਜ਼ਰੂਰਤਾਂ ਦਾ ਹੱਲ ਕਰਨਾ | ਅੱਠਵੀਂ ਯੋਜਨਾ (1992-97) |
| 4. ਬਦਲਾਅ ਦੇ ਕਾਰਕ ਵਜੋਂ ਔਰਤਾਂ | ਸਵੈ-ਸਹਾਇਤਾ ਸਮੂਹਾਂ ਰਾਹੀ ਗਰੀਬ ਔਰਤਾਂ ਦੀ ਸਹਾਇਤਾ ਕਰਨਾ – ਔਰਤਾਂ ਬਾਰੇ ਘਟਕ ਯੋਜਨਾ। | ਨੌਵੀਂ ਯੋਜਨਾ (1997-2002) |
| 5 .ਮਨੁੱਖੀ ਵਿਕਾਸ | ਸਾਖਰਤਾ ਉਜਰਤ ਦਰਾਂ ਅਤੇ ਮਾਵਾਂ ਦੀ ਮੌਤ ਦਰ ਵਿੱਚ ਕਮੀ ਲਈ ਨਿਗਰਾਨੀ ਯੋਗ ਟੀਚੇ | 10ਵੀਂ ਤੇ 11ਵੀਂ ਯੋਜਨਾ (2002-2012) |
| 6. ਲਿੰਗ ਬਰਾਬਰੀ | ਪੀੜਤ ਔਰਤਾਂ ਦੇ ਸਾਰੇ ਵਰਗਾਂ ਦੀ ਸ਼ਮੂਲੀਅਤ। | 12ਵੀਂ ਯੋਜਨਾ (2012-17) |

ਖੇਤਰ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਲਈ ਜਨਤਕ ਖੇਤਰ ਦੇ ਖਰਚ ਨੂੰ ਕੁੱਲ ਘਰੇਲੂ ਉਤਪਾਦਨ ਦੇ 2.5 ਤੋਂ 3 ਪ੍ਰਤਿਸ਼ਤ ਤੱਕ ਵਧਾਉਣਾ ਚਾਹੀਦਾ ਹੈ।

ਅਸੀਂ ਵੱਖ-ਵੱਖ ਯੋਜਨਾਵਾਂ ਵਿੱਚ ਵੱਖ-ਵੱਖ ਪਹਿਲਾਂ ਵੇਖਦੇ ਹਾਂ (ਤਾਲਿਕਾ-2)।

ਅੰਤ ਵਿੱਚ, ਔਰਤਾਂ ਖਿਲਾਫ ਜੁਰਮਾਂ ਦੀ ਸੁਣਵਾਈ ਲਈ ਪੂਰੇ ਦੇਸ਼ ਵਿੱਚ ਸਿਰਫ 16 ਰਾਜਾਂ ਵਲੋਂ 212 ਫਾਸਟ ਟਰੈਕ ਅਦਾਲਤਾਂ ਸਥਾਪਤ ਕੀਤੀਆਂ ਗਈਆਂ ਹਨ। ਹੈਰਾਨੀ ਦੀ ਗੱਲ ਹੈ ਕਿ ਉੱਤਰ ਪ੍ਰਦੇਸ਼, ਬਿਹਾਰ ਅਤੇ ਗੁਜਰਾਤ ਨੇ ਸਮੇਂ ਸਿਰ ਅਜਿਹੀਆਂ ਅਦਾਲਤਾਂ ਸਥਾਪਤ ਹੀ ਨਹੀਂ ਕੀਤੀਆਂ। ਕੇਂਦਰੀ ਕਾਨੂੰਨ ਤੇ ਨਿਆਂ ਮੰਤਰਾਲੇ ਵਲੋਂ ਸਾਲਾਨਾ ਵੱਧ ਤੋਂ ਵੱਧ 80 ਕਰੋੜ ਰਪੁਏ ਦੇ ਫੰਡ ਦਿੱਤੇ ਗਏ ਜਿਸ ਵਿੱਚ ਰਾਜਾਂ ਵਲੋਂ ਬਰਾਬਰ ਦਾ ਹਿੱਸਾ ਪਾਇਆ ਗਿਆ।

**ਪਹਿਲਾਂ 2011 ਵਿੱਚ ਜਦੋਂ ਕੇਂਦਰ ਸਰਕਾਰ ਵਲੋਂ ਪੂਰਨ ਰੂਪ ਵਿੱਚ ਫਾਸਟ ਟਰੈਕ ਅਦਾਲਤਾਂ ਬਣਾਈਆਂ ਗਈਆਂ ਤਾਂ ਉਸ ਸਮੇਂ ਭਾਰਤ ਵਿੱਚ ਅਜਿਹੀਆਂ ਅਦਾਲਤਾਂ ਦੀ ਗਿਣਤੀ 500 ਸੀ। ਇਸ ਪ੍ਰਕਾਰ ਇਨ੍ਹਾਂ ਅਦਾਲਤਾਂ ਦੇ ਸੁਚਾਰੂ ਢੰਗ ਨਾਲ ਕੰਮ ਕਰਨ ਲਈ 80 ਪ੍ਰਤਿਸ਼ਤ ਕੇਂਦਰੀ ਫੰਡ ਦੀ ਜ਼ਰੂਰਤ ਹੈ ਤਾਂ ਕਿ ਬਲਾਤਕਾਰ ਲਈ ਸਜ਼ਾ ਦੀ ਦਰ ਮਹਿਜ਼ 2013 ਦੀ 22 ਪ੍ਰਤਿਸ਼ਤ ਤੋਂ ਕਾਫੀ ਵਧ ਸਕੇ।**

2014 ਵਿੱਚ ਉੱਤਰ ਪ੍ਰਦੇਸ਼ ਸਰਕਾਰ ਵਲੋਂ ਹਰੇਕ ਜ਼ਿਲ੍ਹੇ ਵਿੱਚ ਇਕ ਫਾਸਟ ਟਰੈਕ ਅਦਾਲਤ ਖੋਲ੍ਹਣ ਦਾ ਫੈਸਲਾ ਲਿਆ ਗਿਆ। 2012 ਵਿੱਚ ਭਾਰਤ ਅੰਦਰ 8233 ਦਾਜ ਕਾਰਨ ਮੌਤਾਂ ਹੋਈਆਂ ਜਦ ਕਿ 2001-2012 ਦਰਮਿਆਨ ਇਨ੍ਹਾਂ ਦੀ ਗਿਣਤੀ 91202 ਸੀ ਪਰ ਦਾਜ ਕਾਰਨ ਹੋਈਆਂ ਮੌਤਾਂ ਦੇ ਮਾਮਲੇ ਵਿੱਚ ਸਜ਼ਾ ਦੀ ਦਰ ਸਿਰਫ 15 ਪ੍ਰਤਿਸ਼ਤ ਸੀ ਕਿਉਂਕਿ ਕਾਨੂੰਨ ਲਾਗੂ ਕਰਨ ਵਾਲਾ ਤੰਤਰ ਅਤੇ ਅਦਾਲਤਾਂ ਸੁਹਿਰਦ ਨਹੀਂ ਹਨ ਅਤੇ ਦਾਜ ਕਾਰਨ ਮੌਤਾਂ ਹੋਣ ਦੇ ਬਹੁਤ ਸਾਰੇ ਝੂਠੇ ਮਾਮਲੇ ਵੀ ਦਰਜ ਕਰਵਾਏ ਜਾਂਦੇ ਹਨ।

ਔਰਤਾਂ ਦਾ ਸੰਪੂਰਨ ਤੇ ਅਹਿਮ ਸ਼ਕਤੀਕਰਨ (ਕੁੱਲ ਵਸੋਂ ਦੇ 48 ਪ੍ਰਤਿਸ਼ਤ ਹੋਣ ਕਰਕੇ) ਸਮੇਂ ਦੀ ਲੋੜ ਹੈ ਜਿਥੇ ਸਾਰੀਆਂ ਧਿਰਾਂ ਦਰਮਿਆਨ ਜ਼ਮੀਨੀ ਪੱਧਰ ਉਤੇ ਕੰਮ ਕਰਨ ਦਾ ਤਾਲਮੇਲ ਹੋਵੇ ਖ਼ਾਸ ਕਰਕੇ ਸੁਰੱਖਿਆ, ਸਮਾਵੇਸ਼ ਅਤੇ ਵਿਕਾਸ ਦੇ ਖੇਤਰਾਂ ਵਿੱਚ। ਮਰਦ ਅਤੇ ਔਰਤਾਂ, ਦੋਵਾਂ ਨੂੰ ਪੂਰਕ ਅਤੇ ਸਾਂਝੀ ਭਾਈਵਾਲਤਾ ਲਈ ਮਿਲ ਕੇ ਕੰਮ ਕਰਨਾ ਹੋਵੇਗਾ। ਕੋਈ ਸ਼ੱਕ ਨਹੀਂ ਕਿ ਔਰਤਾਂ ਦੇ ਕਲਿਆਣ ਲਈ 'ਵਿਸ਼ਵ ਪੱਧਰ ਦੀ ਸੋਚ, ਸਥਾਨਕ ਪੱਧਰ ਉਤੇ ਕਾਰਵਾਈ' ਵਾਲੀ ਰਣਨੀਤੀ ਅਪਣਾਉਣੀ ਪਵੇਗੀ।

*(ਲੇਖਕ ਰਾਸ਼ਟਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਵਿੱਚ ਵਧੀਕ ਸਕੱਤਰ ਅਤੇ ਵਿੱਤੀ ਸਲਾਹਕਾਰ ਹਨ)*

*e-mail :sush84br@yahoo.com*

***ਵਿਚਾਰ***

- *ਔਰਤ ਨੂੰ ਮਰਦ ਦੀ ਰਾਖੀ ਵਿੱਚ ਨਹੀਂ ਰਹਿਣਾ ਚਾਹੀਦਾ, ਸਗੋਂ ਆਪਣੀ ਰੱਖਿਆ ਆਪ ਕਰਨ ਯੋਗ ਹੋਣਾ ਚਾਹੀਦਾ ਹੈ।*

  *(ਐੱਸ ਬੀ ਐਨਥਨੀ)*

- *ਔਰਤ ਦੀ ਉੱਨਤੀ ਉਪਰ ਹੀ ਰਾਸ਼ਟਰ ਦੀ ਉੱਨਤੀ ਨਿਰਭਰ ਕਰਦੀ ਹੈ।*

  *(ਅਰਸਤੂ)*

- *ਔਰਤ ਦੇ ਸਨਮਾਨ ਨਾਲ ਸਭਿਅਤਾ ਦੀ ਪਛਾਣ ਹੈ।*

  *(ਕਰਟਿਸ)*



## ਯੋਜਨਾ (ਪੰਜਾਬੀ)

### ਦਾ

## ਅਗਲਾ ਅੰਕ

- **ਅਕਤੂਬਰ 2016 - ਇਹ ਵਿਸ਼ੇਸ਼ ਅੰਕ ਕਪੜਾ ਉਦਯੋਗ ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**
**(Advertisement & Circulation )**

**Publications Division, Ministry of Information and Broadcasting**

**Room No. 48-53, Soochna Bhawan, C.G.O. Complex, Lodhi Road,New Delhi-110003. (Tel.011-24367260)**

***email-pdjucir@gmail.com***

## ਕੀ ਤੁਸੀਂ ਜਾਣਦੇ ਹੋ?

# ਭਾਰਤੀ ਅਜ਼ਾਦੀ ਸੰਗ੍ਰਾਮ ਦੀਆਂ ਕੁਝ ਮਹਿਲਾ ਸ਼ਹੀਦ : ਇਕ ਸੰਖੇਪ ਵਿਵਰਣ

### ਅਰੁਨਾ ਆਸਿਫ਼ ਅਲੀ



ਉਨ੍ਹਾਂ ਦਾ ਜਨਮ 1909 ਵਿੱਚ ਇਕ ਬੰਗਾਲੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਨੇ 1930 ਵਿੱਚ ਨਮਕ ਸਤਿਆਗ੍ਰਹਿ ਰਾਹੀਂ ਅਜ਼ਾਦੀ ਸੰਗ੍ਰਾਮ ਵਿੱਚ ਆਪਣਾ ਪਹਿਲਾ ਕਦਮ ਰੱਖਿਆ। ਗਾਂਧੀ-ਇਰਵਿਨ ਸਮਝੌਤੇ ਤੋਂ ਕੁਝ ਮਹੀਨੇ ਮਗਰੋਂ ਉਨ੍ਹਾਂ ਨੂੰ ਮੁੱਖ ਕਮਿਸ਼ਨਰ ਵਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਵਿਅਕਤੀਗਤ ਸਤਿਆਗ੍ਰਹਿ ਲਈ ਫਿਰ 1941 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ 8 ਅਗਸਤ ਨੂੰ ਸਾਰੇ ਪ੍ਰਮੁੱਖ ਨੇਤਾ ਗ੍ਰਿਫ਼ਤਾਰ ਹੋ ਗਏ ਤਾਂ 9 ਅਗਸਤ 1942 ਨੂੰ ਉਹ ਪਹਿਲੇ ਸਨ ਜਿਨ੍ਹਾਂ ਨੇ ਗਵਾਲੀਅਰ ਟੈਂਕ ਮੈਦਾਨ ਵਿਖੇ ਤਿਰੰਗਾ ਲਹਿਰਾਇਆ। 26 ਸਤੰਬਰ 1942 ਨੂੰ ਉਨ੍ਹਾਂ ਦੀ ਸਾਰੀ ਜਾਇਦਾਦ ਅਤੇ ਵਸਤਾਂ ਜ਼ਬਤ ਕਰ ਲਈਆਂ ਗਈਆਂ ਅਤੇ ਉਨ੍ਹਾਂ ਨੂੰ ਵਾਪਸ ਪਾਉਣ ਲਈ ਆਤਮ ਸਮਰਪਣ ਕਰਨ ਲਈ ਕਿਹਾ ਗਿਆ। ਜਦੋਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਤਾਂ ਸਾਰੀ ਚਲ ਸੰਪਤੀ ਵੇਚ ਦਿੱਤੀ ਗਈ। ਉਨ੍ਹਾਂ ਨੇ ਡਾ. ਰਾਮ ਮਨੋਹਰ ਲੋਹੀਆ ਨਾਲ ਮਿਲ ਕੇ ''ਇਨਕਲਾਬ ਪੱਤਰ'' ਛਾਪਿਆ ਜਿਸ ਨੇ ਵੱਡੀ ਪੱਧਰ ਉਤੇ ਜਾਗਰੂਕਤਾ ਪੈਦਾ ਕੀਤੀ। ਜਿਸ ਤੋਂ ਬਾਅਦ ਕਈ ਸਰਕਾਰੀ ਕਰਮਚਾਰੀਆਂ ਨੇ ਨੌਕਰੀਆਂ ਛੱਡੀਆਂ ਅਤੇ ਹਜ਼ਾਰਾਂ ਵਿਦਿਆਰਥੀਆਂ ਨੇ ਆਪਣੇ ਕਾਲਜ ਛੱਡ ਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ''1942 ਦੀ ਝਾਂਸੀ ਦੀ ਰਾਣੀ'' ਕਿਹਾ ਜਾਂਦਾ ਸੀ। ਉਹ ਦਿੱਲੀ ਮਿਊਂਨਸੀਪਲ ਕਾਰਪੋਰੇਸ਼ਨ ਦੀ ਪਹਿਲੀ ਮਹਿਲਾ ਮੇਅਰ ਬਣੇ। ਉਨ੍ਹਾਂ ਨੇ ''ਲਿੰਕ ਅਤੇ ਪੈਟਰੀਆਟ'' ਨਾਂ ਦੀਆਂ ਪੱਤ੍ਰਿਕਾਵਾਂ ਵੀ ਕੱਢੀਆਂ ਜਿਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਲਈ ਬਹੁਤ ਨਾਮਣਾ ਦੁਆਇਆ। ਉਨ੍ਹਾਂ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਵਾਰਡ ਵੀ ਦਿੱਤੇ ਗਏ।

### ਸੁਚੇਤਾ ਕ੍ਰਿਪਲਾਨੀ



ਉਨ੍ਹਾਂ ਦਾ ਜਨਮ 1908 ਵਿੱਚ ਅੰਬਾਲਾ ਵਿੱਚ ਹੋਇਆ। ਲਾਹੌਰ ਵਿੱਚ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ ਉਨ੍ਹਾਂ ਨੇ ਦਿੱਲੀ ਯੂਨੀਵਰਸਿਟੀ ਤੋਂ ਐੱਮ ਏ ਦੀ ਡਿਗਰੀ ਹਾਸਲ ਕੀਤੀ। ਉਨ੍ਹਾਂ ਨੇ ਬਚਪਨ ਤੋਂ ਹੀ ਅਜ਼ਾਦ ਭਾਰਤ ਵਿੱਚ ਰਹਿਣ ਦਾ ਸੁਪਨਾ ਦੇਖਿਆ। 1932 ਵਿੱਚ ਉਹ ਪਬਲਿਕ ਸੇਵਾਵਾਂ ਵਿੱਚ ਦਾਖਲ ਹੋਏ ਅਤੇ 1939 ਵਿੱਚ ਉਹ ਰਾਜਨੀਤੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਲੋਕਾਂ ਲਈ ਕੰਮ ਕਰਨ ਅਤੇ ਰਾਸ਼ਟਰ ਸੇਵਾ ਦੇ ਜਜ਼ਬੇ ਤੋਂ ਪ੍ਰਭਾਵਿਤ ਹੋ ਕੇ ਗਾਂਧੀ ਜੀ ਨੇ 1940 ਵਿੱਚ ਵਿਅਕਤੀਗਤ ਸਤਿਆਗ੍ਰਹਿ ਲਈ ਉਨ੍ਹਾਂ ਨੂੰ ਚੁਣਿਆ ਜਿਸ ਲਈ ਉਹ ਗ੍ਰਿਫ਼ਤਾਰ ਹੋ ਗਏ। 1942-43 ਵਿੱਚ ਉਹ ਜ਼ਮੀਨਦੋਜ਼ ਹੋ ਗਈ ਅਤੇ ਕੰਮ ਜਾਰੀ ਰੱਖਿਆ ਅਤੇ ਸਰਬ ਭਾਰਤੀ ਮਹਿਲਾ ਕਾਂਗਰਸ ਦੀ ਸੰਸਥਾਪਕ ਬਣੀ ਜਿਸ ਨੇ ਉਨ੍ਹਾਂ ਨੂੰ ਦੇਸ਼ ਲਈ ਲੜਨ ਵਾਸਤੇ ਔਰਤਾਂ ਤੱਕ ਉਤਸ਼ਾਹਪੂਰਵਕ ਸੁਨੇਹੇ ਫੈਲਾਉਣ ਲਈ ਇਕ ਅਧਾਰ ਦਿੱਤਾ। ਇਸ ਮਹੱਤਵਪੂਰਨ ਕਾਰਜ ਲਈ ਉਨ੍ਹਾਂ ਨੇ 1942 ਵਿੱਚ ''ਜ਼ਮੀਨਦੋਜ਼ ਵਲੰਟੀਅਰ ਫੋਰਸ'' ਦਾ ਗਠਨ ਕੀਤਾ ਜਿਸ ਵਿੱਚ ਔਰਤਾਂ ਨੂੰ ਡਰਿਲ, ਹਥਿਆਰ ਚਲਾਉਣ, ਮੁੱਢਲੀ ਏਡ (ਫਰਸਟ ਏਡ) ਅਤੇ ਸਵੈ-ਰੱਖਿਆ ਤਕਨੀਕਾਂ ਦੀ ਸਿਖਲਾਈ ਦਿੱਤੀ ਜਾਂਦੀ ਸੀ। ਉਨ੍ਹਾਂ ਨੂੰ 2 ਸਾਲ ਮਗਰੋਂ 1944 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। 1945 ਵਿੱਚ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਉਨ੍ਹਾਂ ਨੇ ਆਪਣਾ ਜ਼ਿਆਦਾਤਰ ਸਮਾਂ ਸਮਾਜ ਸੇਵਾ ਲਈ ਸਮਰਪਤ ਕਰ ਦਿੱਤਾ। ਉਨ੍ਹਾਂ ਨੇ 1946 ਵਿੱਚ ਪੂਰਵੀ ਬੰਗਾਲ ਵਿੱਚ ਹੋਏ ਸੰਪ੍ਰਦਾਇਕ ਦੰਗਿਆਂ ਦੌਰਾਨ ਅਤੇ 1947 ਦੇ ਪੰਜਾਬ ਦੰਗਿਆਂ ਦੌਰਾਨ ਅਗਵਾ ਕੀਤੀਆਂ ਗਈਆਂ ਔਰਤਾਂ ਨੂੰ ਸ਼ਰਨ ਵੀ ਮੁਹੱਈਆ ਕਰਵਾਈ। ਉਹ ਮਾਰਚ 1963 ਤੋਂ ਮਾਰਚ 1967 ਤੱਕ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਅਤੇ ਅਜ਼ਾਦ ਭਾਰਤ ਦੇ ਪਹਿਲੇ ਮਹਿਲਾ ਮੁੱਖ ਮੰਤਰੀ ਬਣੇ।

## ਕਲਪਨਾ ਦੱਤਾ



ਉਹ ਬੰਗਾਲ ਵਿੱਚ ਉਚੇਰੀ ਸਿੱਖਿਆ ਦੀ ਵਿਦਿਆਰਥਣ ਸਨ ਜੋ ਕਿ ਅੰਗਰੇਜ਼ੀ ਹਕੂਮਤ ਅਤੇ ਉਨ੍ਹਾਂ ਦੀ ਭਾਸ਼ਾ ਤੋਂ ਨਫ਼ਰਤ ਕਰਦੇ ਸਨ। ਇਥੋਂ ਤੱਕ ਕਿ ਉਹ ਆਪਣੇ ਸਕੂਲ ਵਿੱਚ ਚੁਕਾਈ ਜਾਂਦੀ ਸਹੁੰ ''ਪ੍ਰਮਾਤਮਾ ਅਤੇ ਰਾਜੇ ਪ੍ਰਤਿ ਇਮਾਨਦਾਰ ਰਹਾਂਗੇ'' ਨੂੰ ਬਦਲ ਕੇ ''ਪ੍ਰਮਾਤਮਾ ਅਤੇ ਦੇਸ਼ ਪ੍ਰਤਿ ਇਮਾਨਦਾਰ ਰਹਾਂਗੇ'' ਕਰ ਦੇਣਾ ਚਾਹੁੰਦੇ ਸਨ। ਆਪਣੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੇ ਕੋਲਕਾਤਾ ਯੂਨੀਵਰਸਿਟੀ ਵਿੱਚ ਦਾਖਲਾ ਲਿਆ ਜਿਥੇ ਉਨ੍ਹਾਂ ਨੇ ਡੰਡਾ ਅਤੇ ਤਲਵਾਰ ਚਲਾਉਣੀ ਸਿੱਖੀ। 1929 ਵਿੱਚ ਉਹ ਅੰਦੋਲਨਕਾਰੀਆਂ ਦੇ ਸੰਪਰਕ ਵਿੱਚ ਆਈ ਪਰ ਉਨ੍ਹਾਂ ਦੀ ਟੀਮ ਦਾ ਹਿੱਸਾ ਬਣ ਕੇ ਅਜ਼ਾਦੀ ਦੀ ਲੜਾਈ ਵਿੱਚ ਸਰਗਰਮ ਤੌਰ ਤੇ ਹਿੱਸਾ ਲੈਣ ਦਾ ਫੈਸਲਾ 1932 ਵਿੱਚ ਕੀਤਾ। ਉਹ ਆਮ ਤੌਰ ਤੇ ਮਰਦਾਂ ਦੇ ਪਹਿਰਾਵੇ ਵਿੱਚ ਹੀ ਰਹਿੰਦੀ ਸੀ ਅਤੇ ਗੁਪਤ ਤੌਰ ਤੇ ਸਰਕਾਰੀ ਇਮਾਰਤਾਂ ਵਿੱਚ ਰੇਡ ਮਾਰਦੀ ਸੀ। ਸ਼ੱਕ ਦੇ ਅਧਾਰ ਉਤੇ ਪੁਲਿਸ ਨੇ ਉਨ੍ਹਾਂ ਉਤੇ ਨਜ਼ਰ ਰੱਖਣੀ ਸ਼ੁਰੂ ਕੀਤੀ ਪਰ ਉਨ੍ਹਾਂ ਦੇ ਖਿਲਾਫ ਸਬੂਤ ਜੁਟਾਉਣ ਵਿੱਚ ਨਾਕਾਮਯਾਬ ਰਹੀ। ਜਦੋਂ ਪਹਾੜਤਾਲੀ ਕਲੱਬ ਉਤੇ ਛਾਪਾ ਪਿਆ ਤਾਂ ਪੁਲਿਸ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਅੰਦੋਲਨਕਾਰੀ ਗਰੁੱਪ ਦਾ ਹਿੱਸਾ ਹੈ। ਧਾਰਾ 109 ਅਧੀਨ ਉਨ੍ਹਾਂ ਉਤੇ ਮੁਕੱਦਮਾ ਚਲਿਆ ਪਰ ਸਬੂਤਾਂ ਦੀ ਕਮੀ ਕਾਰਨ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਜਿਸ ਤੋਂ ਬਾਅਦ ਉਹ ਭਗੌੜਾ ਹੋ ਗਈ। ਪਰ ਤਿੰਨ ਮਹੀਨੇ ਬਾਅਦ ਉਨ੍ਹਾਂ ਨੂੰ ਫੜ ਲਿਆ ਗਿਆ ਅਤੇ ਚਿਟਾਗਾਂਗ ਆਰਮਰੀ ਰੇਡ ਕੇਸ ਲਈ ਉਨ੍ਹਾਂ ਉਤੇ ਦੋਸ਼ ਲਗੇ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਜਦੋਂ 1942 ਵਿੱਚ ਉਹ ਜੇਲ੍ਹ ਤੋਂ ਰਿਹਾਅ ਹੋਏ ਤਾਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ 1943 ਵਿੱਚ ਉਨ੍ਹਾਂ ਨੇ ਕਮਿਊਨਿਸਟ ਨੇਤਾ ਪੀ.ਸੀ. ਜੋਸ਼ੀ ਨਾਲ ਵਿਆਹ ਕਰਵਾ ਲਿਆ।

## ਰਾਨੀ ਗਾਇਦਿੰਗਲਿਉ



ਉਨ੍ਹਾਂ ਨੂੰ ਨਾਗਾਲੈਂਡ ਦੀ ਲਕਸ਼ਮੀ ਬਾਈ ਵਜੋਂ ਜਾਣਿਆ ਜਾਂਦਾ ਹੈ। 13 ਸਾਲਾਂ ਦੀ ਅਲੱੜ ਉਮਰ ਵਿੱਚ ਹੀ ਉਨ੍ਹਾਂ ਨੇ ਬਰਤਾਨਵੀ ਰਾਜ ਖਿਲਾਫ ਲੜਨ ਦਾ ਫੈਸਲਾ ਕਰ ਲਿਆ ਸੀ। ਉਨ੍ਹਾਂ ਨੇ ਅਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੋਣ ਦਾ ਫੈਸਲਾ ਉਦੋਂ ਕੀਤਾ ਜਦੋਂ ਅੰਗਰੇਜ਼ਾਂ ਨੇ ਉਨ੍ਹਾਂ ਦੇ ਚਚੇਰੇ ਭਰਾ ਨੂੰ ਫਾਂਸੀ ਦੇ ਦਿੱਤੀ। ਉਸ ਸਮੇਂ ਉਹ ਸਿਰਫ 16 ਸਾਲ ਦੀ ਸੀ ਅਤੇ ਸਿਰਫ ਚਾਰ ਹਥਿਆਰਬੰਦ ਨਾਗਾ ਸਿਪਾਹੀਆਂ ਦੀ ਮਦਦ ਨਾਲ ਅੰਗਰੇਜ਼ਾਂ ਖਿਲਾਫ ਲੜੀ। ਉਹ ਗੁਰੀਲਾ ਲੜਾਈ ਅਤੇ ਹਥਿਆਰ ਚਲਾਉਣ ਦੇ ਸਾਰੇ ਗੁਰ ਜਾਣਦੀ ਸੀ। ਉਹ ਅੰਗਰੇਜ਼ਾਂ ਖਿਲਾਫ ਇਕ ਬਹੁਤ ਪ੍ਰਭਾਵਸ਼ਾਲੀ ਨਾਗਾ ਨੇਤਾ ਸੀ ਅਤੇ ਉਸ ਨੂੰ 1932 ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਉਮਰ ਕੈਦ ਹੋ ਗਈ। ਉਹ 30 ਸਾਲਾਂ ਦੀ ਸੀ ਜਦੋਂ ਅਜ਼ਾਦੀ ਤੋਂ ਬਾਅਦ ਉਹ ਜੇਲ੍ਹ ਤੋਂ ਬਾਹਰ ਆਈ। ਪੰਡਿਤ ਨਹਿਰੂ ਉਨ੍ਹਾਂ ਦੀ ਬਹਾਦਰੀ ਕਾਰਨ ਉਨ੍ਹਾਂ ਨੂੰ ਰਾਣੀ ਕਹਿ ਕੇ ਬੁਲਾਉਂਦੇ ਸਨ। ਅਜ਼ਾਦੀ ਸੰਗ੍ਰਾਮ 'ਚ ਪ੍ਰਮੁੱਖ ਭੂਮਿਕਾ ਲਈ ਉਨ੍ਹਾਂ ਨੂੰ ਪਦਮਭੂਸ਼ਣ ਨਾਲ ਸਨਮਾਨਤ ਕੀਤਾ ਗਿਆ।

## ਪ੍ਰੀਤੀਲਤਾ ਵਾਡੇਡਾਰ



ਉਨ੍ਹਾਂ ਦਾ ਜਨਮ ਮਈ 1911 ਵਿੱਚ ਚਿਟਾਗਾਂਗ ਵਿਖੇ ਹੋਇਆ। ਉਹ ਇਕ ਹੋਣਹਾਰ ਵਿਦਿਆਰਥਣ ਸਨ ਅਤੇ ਆਪਣੀ ਸਕੂਲ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਉਨ੍ਹਾਂ ਨੇ ਕੋਲਕਾਤਾ ਯੂਨੀਵਰਸਿਟੀ ਤੋਂ ਡਿਸਟਿੰਕਸਨ ਨਾਲ ਬੀ.ਏ. ਪਾਸ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਲੀਲਾ ਨਾਗ ਦੇ ਦੀਪਾਲੀ ਸੰਘ ਅਤੇ ਕਲਿਆਣ ਦਾਸ ਦੀ ਵਿਦਿਆਰਥੀ ਯੂਨੀਅਨ ਤੋਂ ਸਿਖਲਾਈ ਲਈ ਅਤੇ ਮਗਰੋਂ ਸੂਰਿਆਸੇਨ ਦੀ ਅੰਦੋਲਨਕਾਰੀ ਪਾਰਟੀ ਵਿੱਚ ਸ਼ਾਮਲ ਹੋ ਗਈ। ਉਹ ਚਿਟਾਗਾਂਗ ਆਰਮਰੀ ਵਿੱਚ ਛਾਪਾ ਮਾਰਨ ਵਾਲੇ ਗਰੁੱਪ ਦੇ ਮੈਂਬਰ ਸਨ। ਪੁਲਿਸ ਨਾਲ ਮੁਠਭੇੜ ਮਗਰੋਂ ਉਹ ਆਪਣੇ ਸਾਥੀ ਮੈਂਬਰਾਂ ਨਾਲ ਬਚ ਕੇ ਦੌੜ ਗਈ। ਮੁਠਭੇੜ ਦੌਰਾਨ ਗੋਲੀਆਂ ਲਗਣ ਕਾਰਨ ਮਾਰੇ ਗਏ ਆਪਣੇ ਮੈਂਬਰ ਸਾਥੀਆਂ ਦੀ ਮੌਤ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਨੇਤਾ ਸੂਰਯਾਸੇਨ ਨਾਲ ਮਿਲ ਕੇ ਇਕ ਰਾਤ ਦੇ ਕਲੱਬ ਉਤੇ ਹਮਲਾ ਕਰਨ ਦੀ ਸਾਜਿਸ਼ ਰਚੀ ਜਿਥੇ ਬਰਤਨਾਵੀ ਅਤੇ ਯੂਰੋਪੀਅਨ ਅਕਸਰ ਆਉਂਦੇ ਸਨ। 24 ਸਤੰਬਰ 1932 ਨੂੰ ਪ੍ਰੀਤੀਲਤਾ ਵਾਦੇਦਾਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕਲੱਬ ਉਤੇ

*ਬਾਕੀ ਸਫ਼ਾ 49 ਉੱਤੇ*

## ਵਿਕਾਸ ਦਾ ਖ਼ਾਕਾ

### ਮਾਂ ਦੇ ਦੁੱਧ ਪਿਲਾਉਣ ਨੂੰ ਉਤਸ਼ਾਹਿਤ ਕਰਨ ਲਈ *ਮਾ (ਐੱਮ ਏ ਏ)* ਯੋਜਨਾ

*ਮਾ* (ਮਾਵਾਂ ਦਾ ਸੰਪੂਰਨ ਪਿਆਰ) ਇਕ ਮੋਹਰੀ ਯੋਜਨਾ ਹੈ ਜੋ ਇਹ ਯਕੀਨੀ ਬਣਾਉਂਦੀ ਹੈ ਕਿ ਆਮ ਜਨਤਾ, ਖ਼ਾਸ ਕਰਕੇ ਮਾਵਾਂ ਵਿੱਚ ਇਹ ਜਾਗਰੂਕਤਾ ਫੈਲਾਈ ਜਾਵੇ ਕਿ ਮਾਂ ਦਾ ਦੁੱਧ ਬੱਚੇ ਲਈ ਕਿੰਨਾ ਗੁਣਕਾਰੀ ਹੁੰਦਾ ਹੈ। ਇਸ ਯੋਜਨਾ ਨੂੰ ਹਾਲ ਹੀ ਵਿੱਚ ਸ਼ੁਰੂ ਕੀਤਾ ਗਿਆ ਹੈ।

"*ਮਾ* -ਮਾਵਾਂ ਦਾ ਸੰਪੂਰਨ ਪਿਆਰ" ਇਕ ਦੇਸ਼-ਵਿਆਪੀ ਪ੍ਰੋਗਰਾਮ ਹੈ ਜੋ ਮਾਂ ਦੇ ਦੁੱਧ ਨੂੰ ਉਤਸ਼ਾਹਿਤ ਕਰਨ ਅਤੇ ਮਾਂ ਦੇ ਦੁੱਧ ਪਿਲਾਉਣ ਲਈ ਸਿਹਤ ਪ੍ਰਣਾਲੀਆਂ ਦੁਆਰਾ ਸਲਾਹਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਅਰੰਭ ਕੀਤਾ ਗਿਆ ਹੈ। ਇਸ ਯੋਜਨਾ ਨੂੰ *ਮਾ (ਐੱਮ ਏ ਏ)* ਦਾ ਨਾਮ ਦਿੱਤਾ ਗਿਆ ਹੈ ਤਾਂ ਜੋ ਬੱਚੇ ਨੂੰ ਦੁੱਧ ਪਿਲਾਉਣ ਵਾਲੀ ਮਾਂ ਲਈ ਪਰਿਵਾਰਕ ਮੈਂਬਰਾਂ ਦੇ ਸਮਰਥਨ ਨੂੰ ਪ੍ਰਮੁੱਖਤਾ ਦਿੱਤੀ ਜਾ ਸਕੇ ਅਤੇ ਸਿਹਤ ਸਹੂਲਤਾਂ ਤੇ ਛਾਤੀ ਦਾ ਦੁੱਧ ਪਿਲਾਉਣ ਨੂੰ ਸਫਲਤਾ ਸਹਿਤ ਪ੍ਰਚਾਰਿਆ ਜਾ ਸਕੇ। *ਮਾ* ਪ੍ਰੋਗਰਾਮ ਦੇ ਪ੍ਰਮੁੱਖ ਅੰਗਾਂ ਵਿੱਚ ਸਮਾਜਕ ਜਾਗਰੂਕਤਾ ਪੈਦਾ ਕਰਨਾ, *ਆਸ਼ਾ* ਦੁਆਰਾ ਅੰਤਰ, ਨਿੱਜੀ ਸੰਵਾਦ ਨੂੰ ਮਜਬੂਤੀ ਦੇਣਾ, ਜਨਤਕ ਸਿਹਤ ਕੇਂਦਰਾਂ ਵਿੱਚ ਜਨਮ ਦੇਣ ਵਾਲੇ ਸਥਾਨਾਂ 'ਤੇ ਛਾਤੀ ਦਾ ਦੁੱਧ ਪਿਲਾਉਣ ਲਈ ਹੁਨਰਮੰਦ ਸਹਾਇਤਾ ਪ੍ਰਦਾਨ ਕਰਨਾ ਅਤੇ ਨਿਗਰਾਨੀ ਤੇ ਇਨਾਮ/ਮਾਨਤਾ ਆਦਿ ਸ਼ਾਮਲ ਹਨ।

### 2013-16 ਦੌਰਾਨ ਉੱਜਵਲਾ ਯੋਜਨਾ ਤਹਿਤ 42 ਕਰੋੜ ਰੁਪਏ ਪ੍ਰਦਾਨ ਕੀਤੇ ਗਏ ਅਤੇ 18215 ਲਾਭਪਾਤਰੀਆਂ ਨੇ ਲਾਭ ਉਠਾਇਆ

ਔਰਤ ਤੇ ਬਾਲ ਵਿਕਾਸ ਮੰਤਰਾਲੇ ਦੀ ਉੱਜਵਲਾ ਯੋਜਨਾ ਵਿੱਚ ਤਸਕਰੀ ਦੀ ਰੋਕਥਾਮ ਅਤੇ ਬਚਾਅ, ਪੁਨਰਵਾਸ, ਪੁਨਰ-ਏਕੀਕਰਨ ਅਤੇ ਵਪਾਰਕ ਜਿਨਸੀ ਸ਼ੋਸ਼ਣ ਲਈ ਤਸਕਰੀ ਪੀੜਤਾਂ ਨੂੰ ਵਾਪਸ ਘਰ ਭੇਜਣ ਦੇ ਵਿਸ਼ੇਸ਼ ਪ੍ਰਾਵਧਾਨ ਹਨ। ਮੰਤਰਾਲੇ ਵਲੋਂ 2013-16 ਦੌਰਾਨ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 42 ਕਰੋੜ ਰੁਪਏ ਦੀ ਕੁੱਲ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਇਸ ਸਮੇਂ ਦੌਰਾਨ ਲਗਭਗ 18,215 ਵਿਅਕਤੀਆਂ ਨੇ ਇਸ ਸਕੀਮ ਤੋਂ ਲਾਹਾ ਲਿਆ ਹੈ। 2016-17 ਦੌਰਾਨ (30.06.2016 ਤੱਕ) 143.07 ਲੱਖ ਦੀ ਰਾਸ਼ੀ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਜਾਰੀ ਕੀਤੀ ਗਈ ਹੈ।

ਸਰਕਾਰ ਵਲੋਂ ਉੱਜਵਲਾ ਯੋਜਨਾ ਤਹਿਤ ਔਰਤਾਂ ਤੇ ਬੱਚਿਆਂ ਦੀ ਤਸਕਰੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਉਠਾਏ ਗਏ ਕਦਮਾਂ ਵਿੱਚ ਭਾਈਚਾਰਕ ਚੌਕਸੀ ਸਮੂਹ ਬਣਾਉਣ ਤੇ ਉਨ੍ਹਾਂ ਦਾ ਸੰਚਾਲਨ, ਸਮਾਜਕ ਲਾਮਬੰਦੀ ਅਤੇ ਸਾਰੇ ਸਥਾਨਕ ਭਾਈਚਾਰਿਆਂ ਨੂੰ ਸ਼ਾਮਲ ਕਰਨਾ ਕਾਰਜਸ਼ਾਲਾਵਾਂ/ਸੈਮੀਨਾਰਾਂ ਦੁਆਰਾ ਜਨਤਕ ਸੰਵਾਦ ਰਚਾਉਣਾ, ਜਨਤਕ ਮੀਡੀਆ ਅਤੇ ਪੈਂਫਲੈਟ, ਇਸ਼ਤਿਹਾਰ ਅਤੇ ਪੋਸਟਰਾਂ ਵਰਗੇ ਜਾਗਰੂਕਤਾ ਫੈਲਾਉਣ ਵਾਲੀ ਸਮੱਗਰੀ ਦੇ ਵਿਕਾਸ ਤੇ ਛਪਾਈ ਰਾਹੀਂ ਜਾਗਰੂਕਤਾ ਫੈਲਾਉਣਾ ਸ਼ਾਮਲ ਹੈ।

### ਆਈ ਜੀ ਐੱਮ ਐੱਸ ਵਾਈ ਅਧੀਨ 2013-16 ਦੌਰਾਨ 800 ਕਰੋੜ ਰੁਪਏ ਤੋਂ ਵੱਧ ਜਾਰੀ ਕੀਤੇ ਗਏ ਅਤੇ ਲਗਭਗ 14.3 ਲੱਖ ਲਾਭਪਾਤਰੀਆਂ ਨੇ ਲਾਭ ਉਠਾਇਆ

ਔਰਤਾਂ ਤੇ ਬਾਲ ਵਿਕਾਸ ਮੰਤਰਾਲੇ ਵਲੋਂ ਆਈ ਜੀ ਐੱਮ ਐੱਸ ਵਾਈ ਯੋਜਨਾ ਲਾਗੂ ਕੀਤੀ ਜਾ ਰਹੀ ਹੈ ਜੋ ਕੇਂਦਰ ਵਲੋਂ ਪ੍ਰਾਯੋਜਿਤ ਸ਼ਾ-ਸ਼ਰਤ ਮਾਤਰੀ ਲਾਭ (ਸੀ ਐੱਮ ਬੀ) ਯੋਜਨਾ ਹੈ ਜਿਸ ਵਿੱਚ ਹਰੇਕ ਲਾਭਪਾਤਰੀ ਨੂੰ 6000 ਰੁਪਏ ਦਾ ਮਾਤਰੀ ਲਾਭ ਦੇ ਬਰਾਬਰ ਕਿਸ਼ਤਾਂ ਵਿੱਚ 19 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਗਰਭਵਤੀ ਤੇ ਦੁੱਧ ਪਿਲਾ ਰਹੀਆਂ ਮਾਵਾਂ ਨੂੰ, ਪਹਿਲੇ ਦੋ ਬੱਚਿਆਂ ਦੇ ਜਨਮ ਲਈ ਦਿੱਤਾ ਜਾਂਦਾ ਹੈ। ਇਸ ਦੇ ਲਈ ਮਾਤਰੀ ਤੇ ਬੱਚਿਆਂ ਦੀ ਸਿਹਤ ਸੰਬੰਧੀ ਕੁੱਝ ਸ਼ਰਤਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਆਈ ਜੀ ਐੱਮ ਐੱਸ ਵਾਈ ਦਾ ਨਿਸ਼ਾਨਾ ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਔਰਤਾਂ ਨੂੰ ਉਨ੍ਹਾਂ ਦੇ ਬੈਂਕ/ਡਾਕਖ਼ਾਨੇ ਦੇ ਖਾਤਿਆਂ ਵਿੱਚ ਗਰਭ ਦੀ ਤੀਜੀ ਤਿਮਾਹੀ ਤੋਂ ਬੱਚੇ ਦੇ ਛੇ ਮਹੀਨੇ ਦਾ ਹੋਣ ਤੱਕ ਨਗਦ ਲਾਭ ਦੇ ਕੇ ਉਨ੍ਹਾਂ ਦੀਆਂ ਸਿਹਤ ਤੇ ਪੋਸ਼ਣ ਸੰਬੰਧੀ ਲੋੜਾਂ ਦੀ ਪੂਰਤੀ ਹਿਤ ਸਹਾਇਕ ਵਾਤਾਵਰਨ ਬਣਾਉਣ ਵਿੱਚ ਯੋਗਦਾਨ ਦੇਣਾ ਹੈ।

ਮੰਤਰਾਲੇ ਵਲੋਂ 2013-16 ਦੌਰਾਨ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕੁੱਲ 808 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ ਅਤੇ ਇਸ ਸਮੇਂ ਦੌਰਾਨ ਲਗਭਗ 14,32,411 ਲੋਕਾਂ ਨੇ ਇਸ ਸਕੀਮ ਤੋਂ ਲਾਭ ਲਿਆ ਹੈ। ਆਈ ਜੀ ਐੱਮ ਐੱਸ ਵਾਈ ਸਕੀਮ ਦੇਸ਼ ਦੇ ਚੋਣਵੇਂ 53 ਜ਼ਿਲ੍ਹਿਆਂ ਵਿੱਚ ਲਾਗੂ ਕੀਤੀ ਜਾ ਰਹੀ ਹੈ।

ਮੰਤਰਾਲੇ ਵਲੋਂ ਰਾਸ਼ਟਰੀ ਅੰਨ ਸੁਰੱਖਿਆ ਐਕਟ (ਐੱਨ ਐੱਫ ਐੱਸ ਏ), 2013 ਦੇ ਮੁਤਾਬਕ 5 ਜੁਲਾਈ 2013 ਤੋਂ ਆਈ ਜੀ ਐੱਮ ਐੱਸ ਵਾਈ ਸਕੀਮ ਤਹਿਤ ਹਰੇਕ ਲਾਭਪਾਤਰੀ ਲਈ ਮਾਤਰੀ ਲਾਭ ਦੀ ਪਾਤਰਤਾ 4000 ਰੁਪਏ ਤੋਂ ਵਧਾ ਕੇ 6000 ਰੁਪਏ ਕਰ ਦਿੱਤੀ ਗਈ ਹੈ। ਵਰਤਮਾਨ ਮਾਲੀ ਸਾਲ 2016-17 ਲਈ ਬਜਟ ਪ੍ਰਾਵਧਾਨ 400 ਕਰੋੜ ਰੁਪਏ ਕੀਤਾ ਗਿਆ ਹੈ।

### ਔਰਤਾਂ ਵਾਸਤੇ ਬਰਾਬਰੀ ਦੇ ਮੌਕਿਆਂ ਅਤੇ ਕੰਮ ਦੇ ਚੰਗੇ ਹਾਲਾਤ ਲਈ ਸਰਕਾਰੀ ਸਕੀਮਾਂ

ਸਰਕਾਰ ਵਲੋਂ ਸਰਾਬਰ ਉਜਰਤਾਂ ਬਾਰੇ ਐਕਟ, 1976 ਪਾਸ ਕੀਤਾ ਗਿਆ ਹੈ ਜੋ ਇਕੋ ਤਰ੍ਹਾਂ ਦੇ ਕੰਮ ਲਈ ਔਰਤਾਂ ਨੂੰ ਮਰਦਾਂ ਦੇ ਬਰਾਬਰ ਉਜਰਤ ਦੇਣਾ ਜ਼ਰੂਰੀ ਬਣਾਉਂਦਾ ਹੈ ਅਤੇ ਭਰਤੀ ਜਾਂ ਸੇਵਾ ਸ਼ਰਤਾਂ ਦੇ ਮਾਮਲੇ ਵਿੱਚ ਔਰਤਾਂ ਨਾਲ ਕਿਸੇ ਤਰ੍ਹਾਂ ਦੇ ਵਿਤਕਰੇ ਦੀ ਮਨਾਹੀ ਕਰਦਾ ਹੈ। ਇਹ ਐਕਟ ਕੇਂਦਰ ਤੇ ਰਾਜ ਸਰਕਾਰਾਂ ਵਲੋਂ ਐਕਟ ਦੇ ਪ੍ਰਾਵਧਾਨਾਂ ਦੀ ਪਾਲਣਾ ਹਿਤ ਆਪੋ-ਆਪਣੇ ਖੇਤਰਾਂ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਇੰਸਪੈਕਟਰ ਵਜੋਂ ਨਿਯੁਕਤ ਅਫਸਰ ਜਾਂਚ ਕਰਦੇ ਹਨ ਅਤੇ ਐਕਟ ਦੇ ਪ੍ਰਾਵਧਾਨਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਦਿੰਦੇ ਹਨ। ਇਹ ਐਕਟ ਪੂਰੇ ਭਾਰਤ ਵਿੱਚ ਲਾਗੂ ਹੈ।

ਕੰਮ ਵਾਲੇ ਸਥਾਨ ਉਤੇ ਔਰਤਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਹੱਲ) ਐਕਟ, 2013 ਔਰਤਾਂ ਨੂੰ ਕੰਮ ਵਾਲੇ ਸਥਾਨਾਂ ਉਤੇ ਸੁਰੱਖਿਅਤ ਵਾਤਾਵਰਨ ਮੁਹੱਈਆ ਕਰਵਾਉਣ ਲਈ

*ਬਾਕੀ ਸਫ਼ਾ 49 ਉੱਤੇ*

# ਸੂਚਨਾ ਅਤੇ ਗਿਆਨ ਸਮਾਜ ਵਿੱਚ ਔਰਤਾਂ ਦਾ ਸਸ਼ਕਤੀਕਰਨ

ਰਵਿੰਦਰ ਸਿੰਘ

ਕਿਸੇ ਵੀ ਦੇਸ਼ ਦਾ ਵਿਕਾਸ ਮੁੱਖ ਤੌਰ ਤੇ ਉਸੇ ਦੀਆਂ ਵਿੱਦਿਅਕ ਸੰਸਥਾਵਾਂ ਦੇ ਮਿਆਰ ਉਪਰ ਨਿਰਭਰ ਕਰਦਾ ਹੈ। ਸਿੱਖਿਆ ਕਿਸੇ ਵੀ ਸਮਾਜ ਲਈ ਬਹੁਤ ਮਹੱਤਵਪੂਰਨ ਹੈ। ਅਸੀ ਇਕ ਆਧੁਨਿਕ, ਵਿਗਿਆਨਕ ਅਤੇ ਗਲੋਬਲ ਸੰਸਾਰ ਵਿੱਚ ਰਹਿੰਦੇ ਹਾਂ। ਪਰ ਅਜਿਹੇ ਸਮੇਂ ਦੌਰਾਨ ਵੀ ਔਰਤਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਹ ਬਰਾਬਰ ਅਧਿਕਾਰਾਂ, ਨੌਕਰੀਆਂ ਅਤੇ ਸਿੱਖਿਆ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੀਆਂ ਹਨ। ਇਸ ਸਥਿਤੀ ਵਿੱਚ ਔਰਤਾਂ ਦੇ ਸ਼ਕਤੀਕਰਨ ਨੂੰ ਸਮਾਜ ਵਿੱਚ ਉਨ੍ਹਾਂ ਦੀ ਸਥਿਤੀ ਅਤੇ ਰੁਤਬੇ ਨੂੰ ਨਿਰਧਾਰਿਤ ਕਰਨ ਦੇ ਲਈ ਮੁੱਖ ਮੁੱਦੇ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਹੋ ਰਹੀ ਹੈ। ਇਸ ਦੀ ਲਿੰਗਕ ਸਮਾਨਤਾ ਨੂੰ ਉਤਸ਼ਾਹ ਦੇਣ ਅਤੇ ਔਰਤਾਂ ਦੇ ਪ੍ਰਭਾਵ ਨੂੰ ਵਧਾਉਣ ਦੇ ਨਾਲ-ਨਾਲ ਰੋਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਰਨ ਦੇ ਲਈ ਇਕ ਸਾਧਨ ਦੇ ਰੂਪ ਵਿੱਚ ਪਰਿਕਲਪਨਾ ਕੀਤੀ ਗਈ ਹੈ। ਲਿੰਗਕ ਅਸਮਾਨਤਾ ਦੇ ਮੂਲ ਕਾਰਨ ਸਮਾਜਕ ਅਤੇ ਆਰਥਿਕ ਸੰਰਚਨਾ ਅਤੇ ਔਰਤਾਂ ਦੇ ਸ਼ਕਤੀਕਰਨ ਦੇ ਦੋ ਮੁੱਖ ਪਹਿਲੂ, ਸਮਾਜਕ ਅਤੇ ਆਰਥਿਕ ਸ਼ਕਤੀਕਰਨ ਨਾਲ ਜੁੜੇ ਹੋਏ ਹਨ। ਆਰਥਿਕ ਸ਼ਕਤੀਕਰਨ ਗਰੀਬੀ ਵਿੱਚ ਕਮੀ ਅਤੇ ਉਤਪਾਦਨ ਦੇ ਸਾਧਨਾਂ ਦੇ ਉਪਯੋਗ ਨਾਲ ਸੰਬੰਧਿਤ ਹੈ। ਸਮਾਜਕ ਸ਼ਕਤੀਕਰਨ, ਵੱਖ-ਵੱਖ ਰੂਪਾਂ, ਜਿਨ੍ਹਾਂ ਵਿੱਚ ਸਮਾਜਕ ਰੂੜ੍ਹੀਵਾਦਤਾ, ਰਾਜਨੀਤਕ ਪ੍ਰਤਿਨਿਧਤਾ, ਸਿੱਖਿਆ, ਸਿਹਤ ਅਤੇ ਸਫਾਈ ਪ੍ਰਬੰਧ ਸ਼ਾਮਲ ਹਨ, ਵਿੱਚ ਪ੍ਰਗਟ ਹੁੰਦਾ ਹੈ। ਇਕ 'ਗਿਆਨ ਸਮਾਜ' ਦੇ ਨਿਰਮਾਣ ਵਿੱਚ, ਆਰਥਿਕ ਅਤੇ ਸਮਾਜਕ ਪਹਿਲੂ ਸਮਾਨ ਰੂਪ ਵਿੱਚ ਮਹੱਤਵਪੂਰਨ ਹਨ ਅਤੇ ਇਸ ਦੀ ਸਫਲਤਾ ਮਰਦਾਂ ਅਤੇ ਔਰਤਾਂ ਦੀ ਜਾਗਰੂਕਤਾ ਸ਼ਮੂਲੀਅਤ ਉਪਰ ਨਿਰਭਰ ਕਰਦੀ ਹੈ।

## ਸੂਚਨਾ ਅਤੇ ਸੰਚਾਰ ਤਕਨਾਲੋਜੀ

ਸੂਚਨਾ ਅਤੇ ਸੰਚਾਰ ਤਕਨਾਲੋਜੀ, ਔਰਤਾਂ ਦੀ ਸਥਿਤੀ ਨੂੰ ਸੁਧਾਰਨ ਲਈ ਇਕ ਕਾਰਗਰ ਸਾਧਨ ਹੈ। ਇਹ ਇਕ ਵਿਆਪਕ ਸ਼ਬਦ ਹੈ, ਜਿਸ ਵਿੱਚ ਸਾਰੀਆਂ ਸੰਚਾਰ ਸਹੂਲਤਾਂ ਜਿਵੇਂ ਕਿ ਇੰਟਰਨੈੱਟ, ਵਾਇਰਲੈੱਸ ਨੈੱਟਵਰਕ, ਸੈੱਲ ਫ਼ੋਨ, ਉਪਗ੍ਰਹਿ ਸੰਚਾਰ ਅਤੇ ਟੀ.ਵੀ. ਆਦਿ ਸ਼ਾਮਲ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਸੂਚਨਾ ਅਤੇ ਸੰਚਾਰ ਤਕਨਾਲੋਜੀ ਨੇ ਸਮਾਜ ਨੂੰ ਬਹੁਤ ਸਾਰੀਆਂ ਸੰਚਾਰ ਸਹੂਲਤਾਂ ਪ੍ਰਦਾਨ ਕੀਤੀਆਂ ਹਨ ਅਤੇ ਸਾਡੀ ਜੀਵਨ ਜਾਚ ਨੂੰ ਬੁਨਿਆਦੀ ਤੌਰ ਤੇ ਬਦਲ ਦਿੱਤਾ ਹੈ। ਨਵੀਆਂ ਸੰਚਾਰ ਸਹੂਲਤਾਂ ਦੇ ਆਉਣ ਨਾਲ ਸੰਸਾਰ ਇਸ ਸਮੇਂ ਇਕ ਸੂਚਨਾ ਜਾਂ ਗਿਆਨ ਕ੍ਰਾਂਤੀ ਵਿੱਚੋਂ ਗੁਜ਼ਰ ਰਿਹਾ ਹੈ। ਸੂਚਨਾ ਅਤੇ ਸੰਚਾਰ ਤਕਨਾਲੋਜੀ ਉਨ੍ਹਾਂ ਸਾਰੀਆਂ ਤਕਨੀਕਾਂ ਦਾ ਇਕੱਠ ਹੈ ਜਿਨ੍ਹਾਂ ਦੀ ਵਰਤੋਂ ਸੂਚਨਾ ਨੂੰ ਪੈਦਾ ਕਰਨ, ਵੰਡਣ ਅਤੇ ਭੰਡਾਰ ਕਰ ਕੇ ਰੱਖਣ ਲਈ ਕੀਤੀ ਜਾਂਦੀ ਹੈ। ਇਹ ਤਕਨੀਕਾਂ ਹੀ 'ਗਿਆਨ ਸਮਾਜ' ਦੇ ਨਿਰਮਾਣ ਵਿੱਚ ਮਦਦ ਕਰਦੀਆਂ ਹਨ। ਇਸ ਸਮਾਜ ਵਿੱਚ ਸਾਰੀਆਂ ਆਰਥਿਕ, ਸਮਾਜਕ ਅਤੇ ਵਿਕਾਸ ਸੰਬੰਧੀ ਸਰਗਰਮੀਆਂ ਲਈ ਗਿਆਨ ਹੀ ਪ੍ਰਮੁੱਖ ਸਾਧਨ ਬਣ ਜਾਂਦਾ ਹੈ।

## ਔਰਤਾਂ ਅਤੇ ਗਿਆਨ

ਗਿਆਨ ਲੋਕਾਂ ਨੂੰ ਗਰੀਬੀ ਤੋਂ ਮੁਕਤੀ ਦਿਵਾਉਂਦਾ ਹੈ ਅਤੇ ਸਮਾਜ ਵਿੱਚ ਉੱਚਾ ਦਰਜਾ ਪ੍ਰਦਾਨ ਕਰਦਾ ਹੈ। ਗਿਆਨ ਦਾ ਹੋਣਾ ਸ਼ਕਤੀ ਹੈ ਅਤੇ ਅਗਿਆਨਤਾ ਦੁਰਬਲਤਾ ਹੈ। ਗਿਆਨ ਕੋਈ ਦੁਰਲੱਭ ਸਾਧਨ ਨਹੀਂ ਹੈ। ਇਹ ਵਧਦਾ ਹੀ ਜਾਂਦਾ ਹੈ ਅਤੇ ਵਰਤੋਂ ਕਰਨ ਨਾਲ ਇਸ ਵਿੱਚ ਤਰੱਕੀ ਹੁੰਦੀ ਰਹਿੰਦੀ ਹੈ। ਗਿਆਨ ਹਾਸਲ ਕਰਨ ਅਤੇ ਉਤਪੰਨ ਕਰਨ ਦੀ ਸਮਰੱਥਾ ਮਨੁੱਖੀ ਸਥਿਤੀ ਨੂੰ ਸੁਧਾਰਨ ਵਿੱਚ ਸਭ ਤੋਂ ਮਹੱਤਵਪੂਰਨ ਕਾਰਕ ਹੈ। ਇਸ ਲਈ ਗਿਆਨ ਅਤੇ ਇਸ ਦਾ ਵਿਆਪਕ ਪ੍ਰਚਾਰ-ਪ੍ਰਸਾਰ ਔਰਤਾਂ ਦੇ ਵਿਕਾਸ ਦੀ ਪ੍ਰਕਿਰਿਆ ਲਈ ਬਹੁਤ ਜ਼ਰੂਰੀ ਹੈ।

ਇਤਿਹਾਸਕ ਤੌਰ ਤੇ ਦੇਖੀਏ ਤਾਂ ਔਰਤਾਂ ਦਾ ਅਰਥ-ਵਿਵਸਥਾ ਦੀ ਮੁੱਖ ਧਾਰਾ ਤੋਂ ਅਲੱਗ ਹੋਣ ਕਾਰਨ ਉਹ ਸੂਚਨਾ ਅਤੇ ਗਿਆਨ ਦੇ ਬੌਧਿਕ ਖੇਤਰ ਤੋਂ ਵੀ ਦੂਰ ਹੋ ਗਈਆਂ ਹਨ। ਇਹ ਦੂਰੀ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਸ਼ਕਤੀਕਰਨ ਅਤੇ ਸਮਾਨਤਾ ਦੇ ਪੱਧਰ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ, ਜਿਸ ਨੇ ਵਿਕਾਸ ਦੀ ਗਤੀ ਨੂੰ ਧੀਮੀ ਕਰਨ ਵਿੱਚ ਯੋਗਦਾਨ ਪਾਇਆ। ਹੁਣ ਤੱਕ ਇਹ ਇਕ ਭਲੀ-ਭਾਂਤ ਸਮਝਿਆ ਜਾਣ ਵਾਲਾ ਤੱਥ ਹੈ ਕਿ ਵਿਕਾਸਸ਼ੀਲ ਦੇਸ਼ਾਂ ਵਿੱਚ ਔਰਤਾਂ ਦੇ ਸ਼ਕਤੀਕਰਨ ਦੀ ਦਿਸ਼ਾ ਵਿੱਚ ਪ੍ਰਗਤੀ ਦੇ ਬਿਨਾਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੀ ਗਈ ਕੋਈ ਵੀ ਕੋਸ਼ਿਸ਼ ਅਧੂਰੀ ਹੋਵੇਗੀ।

ਸੂਚਨਾ ਅਤੇ ਗਿਆਨ ਦੇ ਖੇਤਰ ਵਿੱਚ, ਲਿੰਗਕ ਸਮਾਨਤਾ ਅਤੇ ਔਰਤਾਂ ਦੇ ਸ਼ਕਤੀਕਰਨ ਵਰਗੇ ਮੁੱਦੇ ਹੋਰ ਵੀ ਮਹੱਤਵਪੂਰਨ ਹੋ ਗਏ ਹਨ। ਆਪਣੀਆਂ ਜੈਵਿਕ ਅਤੇ ਸਮਾਜਕ ਭੂਮਿਕਾਵਾਂ ਕਾਰਨ ਔਰਤਾਂ ਦਾ ਦਾਇਰਾ ਮਰਦਾਂ ਦੇ ਮੁਕਾਬਲੇ ਸੀਮਤ ਹੈ। ਇਸ ਲਈ ਉਹ ਆਪਣੇ ਸਮੁਦਾਇ ਦੀਆਂ ਸਮਾਜਕ ਅਤੇ ਆਰਥਿਕ ਲੋੜਾਂ ਨੂੰ ਬਿਹਤਰ ਢੰਗ ਨਾਲ ਜਾਣਦੀਆਂ ਹਨ। ਔਰਤਾਂ ਹੀ ਬੀਜਾਂ ਦੀ ਸੰਭਾਲ, ਭੋਜਨ ਅਤੇ ਘਰੇਲੂ ਸਿਹਤ ਸੰਭਾਲ ਨੁਸਖਿਆਂ ਆਦਿ ਦੀ ਜਾਣਕਾਰੀ ਦੇ ਨਿਰਮਾਣ ਅਤੇ ਪ੍ਰਸਾਰ ਦਾ ਸਾਧਨ ਹਨ। ਇਸ ਲਈ 'ਗਿਆਨ ਸਮਾਜ' ਵਿੱਚ ਔਰਤਾਂ ਦੇ ਬਰਾਬਰ

ਯੋਗਦਾਨ ਨੂੰ ਉਤਸ਼ਾਹ ਦੇਣਾ ਉਨ੍ਹਾਂ ਦੇ ਸਮੂਹਿਕ ਵਿਕਾਸ ਵਾਸਤੇ ਬਹੁਤ ਮਹੱਤਵਪੂਰਨ ਹੈ।

## ਸਿੱਟਾ

ਔਰਤਾਂ ਦੀ ਤਕਨੀਕੀ ਸਾਧਨਾਂ ਤੱਕ ਪਹੁੰਚ ਬਣਾਉਣਾ ਹੀ ਕਾਫੀ ਨਹੀਂ, ਸਗੋਂ ਇਨ੍ਹਾਂ ਨੂੰ ਵਰਤਣ ਦੀ ਸਮਰੱਥਾ ਦਾ ਵਿਕਾਸ ਕਰਨਾ ਹੋਰ ਵੀ ਜ਼ਰੂਰੀ ਹੈ। ਇਸ ਵਿਕਾਸ ਲਈ ਕੁਝ ਕਾਰਕਾਂ ਜਿਵੇਂ ਕਿ ਗਰੀਬੀ, ਅਨਪੜ੍ਹਤਾ ਅਤੇ ਖ਼ਾਸ ਤੌਰ ਤੇ ਕੰਪਿਊਟਰ ਅਨਪੜ੍ਹਤਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਮਾਜ ਦੁਆਰਾ ਬਣਾਏ ਗਏ ਲਿੰਗਕ ਸੰਬੰਧ ਅਤੇ ਭੂਮਿਕਾਵਾਂ ਔਰਤਾਂ ਅਤੇ ਮਰਦਾਂ ਨੂੰ ਸੂਚਨਾ ਜਾਂ ਗਿਆਨ ਸਮਾਜ ਵਿੱਚ ਬਰਾਬਰ ਦਾ ਹਿੱਸਾ ਲੈਣ ਦੀ ਸਮਰੱਥਾ ਨੂੰ ਨਿਰਧਾਰਿਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੀਆਂ ਹਨ। 'ਸੂਚਨਾ ਸਮਾਜ ਵਿੱਚ ਲਿੰਗਕ ਮੁੱਦੇ' ਉਪਰ ਯੂਨੇਸਕੋ ਦੀ ਇਕ ਰਿਪੋਰਟ ਦੱਸਦੀ ਹੈ ਕਿ ਔਰਤਾਂ ਦੀ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੁਆਰਾ ਪ੍ਰਾਪਤ ਕੀਤੀ ਗਈ ਸੂਚਨਾ ਅਤੇ ਗਿਆਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰਨ ਦੀ ਸਮਰੱਥਾ ਬਹੁਤ ਸਾਰੇ ਸਮਾਜਕ ਕਾਰਕਾਂ ਜਿਵੇਂ ਸਿੱਖਿਆ, ਭੂਗੋਲਿਕ ਸਥਿਤੀ, ਗਤੀਸ਼ੀਲਤਾ ਅਤੇ ਸਮਾਜਕ ਵਰਗ ਉਪਰ ਨਿਰਭਰ ਕਰਦੀ ਹੈ। ਔਰਤਾਂ ਦਾ ਸ਼ਕਤੀਕਰਨ ਸਿੱਖਿਆ ਦੁਆਰਾ ਹੀ ਸੰਭਵ ਹੈ। ਔਰਤਾਂ ਦੀ ਵਿਗਿਆਨਕ ਅਤੇ ਤਕਨੀਕੀ ਸਿੱਖਿਆ ਲਈ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਉਪਰ ਵਿਆਪਕ ਉਪਰਾਲੇ ਕਰਨ ਦੀ ਜ਼ਰੂਰਤ ਹੈ। ਸਰਕਾਰੀ ਸੰਸਥਾਵਾਂ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੇ ਖੇਤਰ ਵਿੱਚ ਕਾਰਜ ਕਰ ਰਹੀਆਂ ਸਮਾਜਕ ਸੰਸਥਾਵਾਂ ਨੂੰ ਸਮਰਥਨ ਦੇ ਕੇ ਔਰਤਾਂ ਦੇ ਵਿਕਾਸ ਅਤੇ ਸ਼ਕਤੀਕਰਨ ਵਿੱਚ ਇਕ ਮਹੱਤਵਪੂਰਨ ਕਿਰਦਾਰ ਨਿਭਾ ਸਕਦੀਆਂ ਹਨ।

*(ਲੇਖਕ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਸਮਾਜ ਸ਼ਾਸਤਰ ਵਿਭਾਗ ਵਿੱਚ ਯੂ ਜੀ ਸੀ ਦੇ ਰੀਸਰਚ ਸਕਾਲਰ ਹਨ)*

*ਸਫ਼ਾ 47 ਦਾ ਬਾਕੀ*

ਬਣਾਇਆ ਗਿਆ ਹੈ। ਔਰਤ ਤੇ ਬਾਲ ਵਿਕਾਸ ਮੰਤਰਾਲਾ ਕੰਮਕਾਜੀ ਔਰਤਾਂ ਲਈ ਹੋਸਟਲ ਬਣਾਉਣ ਦੀ ਸਕੀਮ ਦਾ ਪ੍ਰਬੰਧਨ ਕਰ ਰਿਹਾ ਹੈ ਤਾਂ ਜੋ ਕੰਮਕਾਜੀ ਔਰਤਾਂ ਲਈ ਉਨ੍ਹਾਂ ਦੇ ਘਰ ਤੋਂ ਦੂਰ ਸੁਰੱਖਿਅਤ ਰਿਹਾਇਸ਼ ਯਕੀਨੀ ਬਣਾਈ ਜਾ ਸਕੇ। ਕੰਮਕਾਜੀ ਔਰਤਾਂ ਦੇ ਬੱਚਿਆਂ ਨੂੰ ਦਿਨ ਵੇਲੇ ਸਾਂਭ-ਸੰਭਾਲ ਦੀਆਂ ਸਹੂਲਤਾਂ ਦੇਣ ਲਈ ਰਾਜੀਵ ਗਾਂਧੀ ਰਾਸ਼ਟਰੀ ਬਾਲ ਘਰ ਸਕੀਮ ਵੀ ਚਲਾਈ ਜਾ ਰਹੀ ਹੈ।

ਇਨ੍ਹਾਂ ਤੋਂ ਇਲਾਵਾ, ਮਾਤਰੀ ਲਾਭ ਐਕਟ, 1961 ਅਧੀਨ ਜਣੇਪਾ ਛੁੱਟੀ, ਬੱਚਿਆਂ ਦੀ ਸਾਂਭ-ਸੰਭਾਲ ਲਈ ਛੁੱਟੀ ਅਤੇ ਪੈਟਰਨਟੀ ਦੀ ਛੁੱਟੀ ਦੇ ਪ੍ਰਾਵਧਾਨ, ਰੋਜ਼ਗਾਰ ਨੀਤੀਆਂ ਨੂੰ ਔਰਤ ਕਰਮੀਆਂ ਪ੍ਰਤਿ ਹੋਰ ਸੰਵੇਦਨਸ਼ੀਲ ਬਣਾਉਣ ਲਈ ਕੀਤੇ ਗਏ ਹਨ।

*ਸਫ਼ਾ 46 ਦਾ ਬਾਕੀ*

ਹਮਲਾ ਕੀਤਾ ਅਤੇ ਪਿਸਤੌਲਾਂ ਤੇ ਬੰਬਾਂ ਰਾਹੀ ਕਈਆਂ ਨੂੰ ਮਾਰ ਮੁਕਾਇਆ। ਜਦੋਂ ਬਰਤਾਨਵੀਆਂ ਨੇ ਜਵਾਬੀ ਗੋਲੀਬਾਰੀ ਕੀਤੀ ਤਾਂ ਇਕ ਗੋਲੀ ਉਨ੍ਹਾਂ ਨੂੰ ਵੀ ਲਗੀ ਅਤੇ ਉਹ ਜ਼ਖ਼ਮੀ ਹੋ ਗਈ। ਉਨ੍ਹਾਂ ਨੂੰ ਪਤਾ ਸੀ ਕਿ ਉਹ ਜ਼ਖ਼ਮਾਂ ਦੀ ਤਾਬ ਨਹੀਂ ਝੱਲ ਸਕੇਗੀ ਸੋ ਉਨ੍ਹਾਂ ਨੇ ਆਪਣੀ ਯੋਜਨਾ ਅਨੁਸਾਰ ਬਰਤਾਨਵੀਆਂ ਦੀ ਗੋਲੀ ਨਾਲ ਮਰਨ ਨਾਲੋਂ ਆਪਣੀ ਜੇਬ ਵਿਚ ਰੱਖੀ ਪੋਟਾਸ਼ੀਅਮ ਸਾਈਨਾਈਡ ਖਾ ਕੇ ਮਰਨ ਨੂੰ ਤਰਜੀਹ ਦਿੱਤੀ। ❑



# ਭਾਰਤ ਨੂੰ ਜਾਣਨ - ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ - 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-ਐਚ, ਅਲੀਗੰਜ, ਲਖਨਊ - 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**